ਮਾ: ਬੰਰਾਨੋਵਾ
ਏ: ਵੇਲਤੀਸਤੋਵ



# ਰੈਗਸ, ਬੋਰਯਾ ਤੇ ਰਾਕਟ


ਕੋਜ਼ਿਆਵਕਾ
ਬੇਲਕਾ ਤੇ ਸਤਰੇਲਕਾ


ਓਤਵਾਜਨਾਜਾ
ਚੇਰਨੂਸ਼ਕਾ ਤੇ ਜ਼ਵਿਓਜ਼ਦੋਚਕਾ

ਮਾ: ਬਰਾਨੋਵਾ, ਏ: ਵੇਲਤੀਸਤੋਵ

# ਰੈਗਾਸ, ਬੌਰਯਾ ਤੇ ਰਾਕਟ



ਲਾਵਾਰਸ ਕੁਤਿਆਂ ਤੇ ਉਹਨਾਂ
ਦੇ ਪ੍ਰਸਿਧ ਹੋਣ ਦੀ
ਕਹਾਣੀ

[illegible] ।

ਪ੍ਰੱਗਤੀ ਪ੍ਰਕਾਸ਼ਨ ਮਾਸਕੋ

ਅਨੁਵਾਦਕ: ਦਰਸ਼ਨ ਸਿੰਘ
ਰੂਪਕਾਰ: ੲ: ਮਿਗੁਨੋਵ, ਕ: ਰੋਤੋਵ

**М. Баранова, Е. Велтистов**
ТЯПА, БОРЬКА И РАКЕТА
*на языке панджаби*

## ਤਤਕਰਾ

## ਪਹਿਲੇ ਸ਼ੋ ਦੀ ਘਟਨਾ

ਸਾਰੇ ਸ਼ਹਿਰ ਵਿਚ ਲੱਗੇ ਇਸ਼ਤਹਾਰਾਂ ਉਤੇ ਲਿਖਿਆ ਹੋਇਆ ਸੀ:

# ੧੨ ਵਜੇ ਦੁਪਹਿਰ,
# ਐਤਵਾਰ ੧੨ ਵਜੇ ਦੁਪਹਿਰ

ਜ਼ਨਾਨੀਏ ਸਿਨਮਾ

ਪੇਸ਼ ਕਰਦਾ ਹੈ

ਵਿਗਿਆਨਕ ਗਲਪ ਫ਼ਿਲਮ

# "ਰੇਨਾ ਪੁਲਾੜ ਵਿਚ"

ਦਾ ਪਹਿਲਾ ਸ਼ੋ

ਫ਼ਿਲਮੀ ਸਿਤਾਰਾ

ਕਾਸਮੋਨਾਟ ਰੇਨਾ

ਆਪ ਦਰਸ਼ਕਾਂ ਨੂੰ ਮਿਲੇਗੀ!

'ਜ਼ਨਾਨੀਏ ਸਿਨਮਾ' ਦੇ ਟਿਕਟ-ਘਰ ਦੀ ਕੁੜੀ ਨੂੰ ਸਵੇਰ ਸਾਰ ਤੋਂ ਹੀ ਸਿਰ ਪੀੜ ਹੋ ਰਹੀ ਸੀ। ਛੋਟੀ ਜਿਹੀ ਗੋਲ ਬਾਰੀ ਵਿਚੋਂ ਇਕ ਪਿਛੋਂ ਦੂਜੀ ਪੀਚੀ ਹੋਈ ਨਿਕਚੂ ਮੁਠ ਉਹਦੇ ਵਲ ਬੁਕ ਪੈਸਿਆਂ ਦੀ ਰੇੜਦੀ ਰਹੀ ਸੀ, ਤੇ ਇਹ ਪੈਸੇ ਰੇੜਨ ਵਾਲੇ ਧੌਣਾਂ ਲਮਕਾ ਪੱਬਾਂ ਭਾਰ ਖਲੋ ਟਿਕਟ-ਘਰ ਵਿਚ ਝਾਕਦੇ ਰਹੇ ਸਨ। ਜਦੋਂ ਉਹਨਾਂ ਦੇ ਬਚਾਏ ਹੋਏ ਪੈਸੇ ਗਿਣੇ ਜਾ ਰਹੇ ਹੁੰਦੇ ਤੇ ਕੈਂਚੀ ਨਾਲ ਇਕ ਨੀਲੀ ਟਿਕਟ ਕੱਟੀ ਜਾ ਰਹੀ ਹੁੰਦੀ, ਉਹ ਸਬਰ ਨਾਲ ਉਡੀਕਦੇ ਰਹਿੰਦੇ। ਇਹਦੇ ਇਕ ਘੰਟੇ ਪਿਛੋਂ ਕੁੜੀ ਨੇ ਸੁਖ ਦਾ ਸਾਹ ਲਿਆ ਤੇ "ਵਿੱਕ — ਗਈਆਂ" ਦਾ ਫੱਟਾ ਲਮਕਾ ਦਿਤਾ।

ਹਾਲ ਭਰਿਆ ਹੋਇਆ ਸੀ ਤੇ ਚਾਅ ਤੇ ਜੋਸ਼ ਨਾਲ ਮਘਿਆ ਹੋਇਆ ਸੀ। ਲੋਕਾਂ ਦੀ ਇਕ ਟੋਲੀ ਆਈ ਤੇ



ਮੰਚ ਵਲ ਹੋ ਪਈ। ਪਰਦੇ ਦੇ ਅੱਗੇ ਇਕ ਮੇਜ਼ ਡੱਠਾ ਹੋਇਆ ਸੀ, ਜਿਥੇ ਪ੍ਰਾਹੁਣੇ ਜਾ ਕੇ ਬਹਿ ਗਏ। ਹਾਲ ਉਤੇ ਇਕ ਤੇਜ਼ ਨਜ਼ਰ ਸੁਟਦਿਆਂ ਕੈਮਰਾਮੈਨ ਨੇ ਆਪਣੇ ਨਿਰਦੇਸ਼ਕ ਮਿੱਤਰ ਦੇ ਕੰਨ ਵਿਚ ਆਖਿਆ:

"ਮੁਬਾਰਕ ਹੋਵੇ, ਸਾਰਾ ਹਾਲ ਭਰਿਆ ਹੋਇਐ!"

"ਦਰਸ਼ਕ ਵੇਖ ਹੈ ਕਿਸ ਕਿਸਮ ਦੇ ਨੇ: ਪਿਨਸ਼ਨੀਏ ਤੇ ਬੱਚੇ," ਨਿਰਦੇਸ਼ਕ ਨੇ ਹਉਕਾ ਭਰਿਆ। "ਇਹ ਸਭ ਤੋਂ ਬਹੁਤੀ ਨੁਕਤਾਚੀਨੀ ਕਰਨ ਵਾਲੇ ਨੇ!"

ਜਦੋਂ ਥੀਏਟਰ ਦੇ ਮੈਨੇਜਰ ਨੇ, ਜਿਨ੍ਹੇ ਕਾਲਾ ਸੂਟ ਪਾਇਆ ਹੋਇਆ ਸੀ ਤੇ ਜਿਹਦੀ ਜੈਕਟ ਦੀ ਜੇਬ ਵਿਚੋਂ ਚਿੱਟਾ ਰੁਮਾਲ ਨਿਕਲਿਆ ਹੋਇਆ ਸੀ, ਫ਼ਿਲਮ ਬਣਾਣ ਵਾਲਿਆਂ ਨੂੰ ਪੇਸ਼ ਕੀਤਾ, ਦਰਸ਼ਕ ਤਾੜੀਆਂ ਮਾਰਨ ਲਗ ਪਏ।

ਨਿਰਦੇਸ਼ਕ ਉਠ ਖਲੋਤਾ। ਕੋਈ ਇਕ ਮਿੰਟ ਉਹ ਕੁਝ ਨਾ ਬੋਲਿਆ। ਬਹੁਤ ਹੀ ਚੁਪ-ਚਾਂ ਹੋ ਗਈ।

"ਸਾਥੀਓ," ਨਿਰਦੇਸ਼ਕ ਅਡੋਲ ਆਵਾਜ਼ ਵਿਚ ਬੋਲਣ ਲਗਾ। "ਆਪਣੀ ਜ਼ਿੰਦਗੀ ਦੇ ਅਹਿਮ ਪਲਾਂ ਵਿਚ ਮੈਨੂੰ ਹਮੇਸ਼ਾ ਹੀ ਚੇਤੇ ਆਉਂਦਾ ਏ, ਕਿਵੇਂ ਕਈ ਵਰ੍ਹੇ ਹੋਏ ਕਰਾਸਨਾਯਾ ਪਰੇਸਨੀਆ * ਵਿਚ ਮੈਂ ਕਤਾਰ ਵਿਚ ਖਲੋਤਾ ਸਾਂ ਤੇ ਇਕ ਝੰਡੇ ਵਲ ਵੇਖ ਰਿਹਾ ਸਾਂ। ਇਹ ਲਾਲ ਝੰਡਾ ਸੀ, ਤੇ ਮੈਂ ਗਲ ਵਿਚ ਲਾਲ ਰੁਮਾਲ ਪਾਇਆ ਹੋਇਆ ਸੀ: ਮੈਂ ਬਾਲ ਪਾਇਨੀਅਰ ਬਣਿਆ ਹੀ ਸਾਂ। ਤੇ ਬਾਅਦ ਵਿਚ ਮੈਂ ਅਕਸਰ ਸੋਚਦਾ ਹੁੰਦਾ ਸਾਂ: ਕਿੰਨੀ ਚੰਗੀ ਗੱਲ ਏ ਕਿ ਮੇਰਾ ਸੁਚੇਤ ਜੀਵਨ ਉਸ ਝੰਡੇ ਹੇਠ ਸ਼ੁਰੂ ਹੋਇਆ!

"ਅਜ ਐਤਵਾਰਾਂ ਵਰਗਾ ਇਕ ਹੋਰ ਐਤਵਾਰ ਏ। ਪਰ ਮੈਨੂੰ ਲਗਦਾ ਏ, ਸਾਡੇ ਉਤੇ, ਸਾਡੇ ਸਾਰੇ ਦੇਸ ਉਤੇ, ਇਕ ਖੁਸ਼ੀ-ਖੀਵਾ ਝੰਡਾ ਝੁਲ ਰਿਹਾ ਏ। ਇਹ ਨਵੇਂ ਜੁਗ ਦਾ, ਪੁਲਾੜ ਉਤੇ ਮਨੁੱਖ ਦੀ ਫ਼ਤਹ ਦੇ ਜੁਗ ਦਾ, ਝੰਡਾ ਏ। ਇਹਨੂੰ ਪਹਿਲੇ ਸੋਵੀਅਤ ਸਪੂਤਨਿਕ ਨੇ ਉਚਿਆਂ ਕੀਤਾ। ਅਜ ਇਹਨੂੰ ਤੀਜਾ ਸਪੂਤਨਿਕ ਝੁਲਾ ਰਿਹਾ ਏ। ਕੀ ਪਤਾ, ਸ਼ਾਇਦ ਉਹ ਬ੍ਰਹਿਮੰਡੀ ਸਵਾਰੀ, ਜਿਹੜੀ 'ਵੋਲਗਾ' ਕਾਰ ਜਿੰਨੀ ਭਾਰੀ ਏ, ਇਸ ਪਲ ਐਨ ਸਾਡੇ ਸਿਰਾਂ ਉਤੋਂ, ਇਸ ਥੀਏਟਰ ਉਤੋਂ, ਉਡ ਰਹੀ ਹੋਵੇ..."

ਹਰ ਕਿਸੇ ਦੇ ਮਨ ਵਿਚ ਸਾਵੇ, ਪੀਲੇ ਤੇ ਨੀਲੇ ਰੰਗ ਦੀਆਂ 'ਵੋਲਗਾ' ਕਾਰਾਂ ਦੇ ਥੀਏਟਰ ਕੋਲੋਂ ਸ਼ੂਕਰਦਿਆਂ ਲੰਘਣ ਦੀ, ਤੇ ਉਪਰ ਕਿਤੇ ਅਸਮਾਨ ਵਿਚ ਉਹਨਾਂ ਨੂੰ ਦਿਨੇ ਨਾ ਦਿਸਦੇ ਕਿਸੇ ਪੁਲਾੜੀ ਜਹਾਜ਼ ਨੂੰ ਪਿਛੋਂ ਜਾ ਰਲਣ ਦੀ, ਤਸਵੀਰ ਉਘੜ ਆਈ।

ਪਰ ਏਧਰ ਨਿਰਦੇਸ਼ਕ ਨੇ ਕਿਸੇ ਸੁਫ਼ਨੇ ਦੀ, ਸੁਰਤਿਆਂ ਤੇ ਵਿਗਿਆਨੀਆਂ ਦੀ, ਗੱਲ ਛੋਹ ਲਈ ਹੋਈ ਸੀ, ਜਿਹੜੇ ਮਨੁੱਖ ਨੂੰ ਪੁਲਾੜ ਵਿਚ ਅਣ-ਜਾਤੇ ਰਾਹਵਾਂ ਉਤੇ ਪਾ ਰਹੇ ਸਨ।

"ਸਾਡੀ ਫ਼ਿਲਮ ਵੀ ਸੁਫ਼ਨਾ ਏ," ਉਹ ਕਹਿੰਦਾ ਗਿਆ। "ਤੇ ਅਜ ਮੈਂ ਕੁਝ-ਕੁਝ ਉਦਾਸ ਹਾਂ, ਕਿਉਂ ਜੁ ਹੁਣ ਇਹ ਸੁਫ਼ਨਾ ਬਹੁਤਾ ਚਿਰ ਜਿਊਂਦਾ ਨਹੀਂ ਰਹਿ ਸਕਣ ਲਗਾ। ਛੇਤੀ ਹੀ, ਬਹੁਤ ਹੀ ਛੇਤੀ, ਮਨੁੱਖ ਪੁਲਾੜ ਵਿਚ ਉੱਡਣ ਲਗ ਪਵੇਗਾ ਤੇ ਹਰ ਤਰ੍ਹਾਂ ਦੇ ਮਾਅਰਕੇ ਮਾਰੇਗਾ... ਪਰ ਜੇ ਤੁਹਾਨੂੰ

---

* ਆਪਣੀਆਂ ਇਨਕਲਾਬੀ ਰਵਾਇਤਾਂ ਲਈ ਉਘਾ ਮਾਸਕੋ ਦਾ ਇਕ ਜ਼ਿਲ੍ਹਾ। — **ਸੰਪਾ:**

ਸਾਡੀ '**ਰੇਨਾ ਪੁਲਾੜ ਵਿਚ**' ਇਕ ਵਾਰੀ ਵੀ ਯਾਦ ਆਈ, ਤਾਂ ਮੈਂ ਬਹੁਤ ਖ਼ੁਸ਼ ਹੋਵਾਂਗਾ... ਇਹਦਾ ਮਤਲਬ ਹੋਵੇਗਾ, ਅਸੀਂ ਅਜਾਈਂ ਹੀ ਕੰਮ ਨਹੀਂ ਸੀ ਕੀਤਾ..."

ਤਾੜੀਆਂ ਦੇ ਜਵਾਬ ਵਿਚ ਸਿਰ ਨਿਵਾਂਦਿਆਂ, ਉਹਨੇ ਆਪਣੇ ਨਾਲ ਬੈਠੀ ਮੁਟਿਆਰ ਦੇ ਕੰਨ ਵਿਚ ਕੁਝ ਕਿਹਾ, ਤੇ ਉਹਨੂੰ ਇਕ ਛੋਟਾ ਜਿਹਾ ਸਫ਼ਰੀ ਬੈਗ਼ ਫੜਾ ਦਿਤਾ, ਜਿਹੜਾ ਕੁਰਸੀ ਉਤੇ ਪਿਆ ਸੀ।

"ਤੇ ਹੁਣ," ਉਹਨੇ ਐਲਾਨ ਕੀਤਾ, "ਸਰਕਸ ਕਲਾਕਾਰ ਸੋਫ਼ੀਆ ਲੇਪ ਅਜ ਦੀ ਫ਼ਿਲਮ ਦੇ ਸਿਤਾਰੇ, ਕਾਸਮੋਨਾਟ ਰੇਨਾ, ਨੂੰ ਪੇਸ਼ ਕਰੇਗੀ।"



ਸਿਲਮੇ-ਸਿਤਾਰੇ ਨਾਲ ਡਲ੍ਹਕਦੀ ਕਾਲੀ ਪੋਸ਼ਾਕ ਵਾਲੀ ਇਕ ਸੁਨਹਿਰੀ ਕੱਕੀ ਮੁਟਿਆਰ ਮੰਚ ਦੇ ਸਿਰੇ ਕੋਲ ਆਈ। ਉਹਨੇ ਆਪਣੀਆਂ ਬਾਹਵਾਂ ਪਿੱਠ ਪਿਛੇ ਕੀਤੀਆਂ ਹੋਈਆਂ ਸਨ।

"ਅਲੇਜ਼-ਊਪ!" ਉਹਨੇ ਹੁਕਮ ਦਿਤਾ।

ਤੇ ਉਹਦੇ ਪਿਛੋਂ ਇਕ ਛੋਟੀ ਜਿਹੀ ਬਾਂਦਰੀ ਟਪੋਸੀ ਮਾਰ ਉਹਦੇ ਮੋਢਿਆਂ ਉਤੇ ਆਣ ਚੜ੍ਹੀ। ਬਾਂਦਰੀ ਨੇ ਪੁਲਾੜੀ ਸੂਟ ਪਾਇਆ ਹੋਇਆ ਸੀ।

ਕਮਾਲ ਹੈ! ਕਾਸਮੋਨਾਟ, ਜਿਹਦੀ ਏਨੀ ਇਸ਼ਤਹਾਰਬਾਜ਼ੀ ਕੀਤੀ ਗਈ ਸੀ, ਜਿਹਦੀ ਹਰ ਕੋਈ ਉਡੀਕ ਕਰ ਰਿਹਾ ਸੀ, ਏਨਾ ਚਿਰ ਆਰਾਮ ਨਾਲ ਇਕ ਸਫ਼ਰੀ ਬੈਗ਼ ਵਿਚ ਬੈਠੀ ਰਹੀ ਸੀ!

ਹਾਲ ਵਿਚ ਖ਼ੁਸ਼ੀ ਦੀ ਲਹਿਰ ਫਿਰ ਗਈ। ਉੱਚੀਆਂ ਆਵਾਜ਼ਾਂ ਨਾਲ ਉਤੇਜਿਤ ਹੋ, ਰੇਨਾ ਨੇ ਆਪਣੀਆਂ ਐਨਕਾਂ ਧਰੂਹ ਲਈਆਂ, ਫ਼ਰਸ਼ ਉਤੇ ਸੁਟ ਦਿਤੀਆਂ ਤੇ ਮੂੰਹ ਬਣਾਨ ਲਗ ਪਈ, ਇਹ ਸਾਬਤ ਕਰਨ ਲਗੀ, ਉਹਦੇ ਵਿਚ ਸਭ ਬਾਂਦਰਾਂ ਨਾਲੋਂ ਬਹੁਤਾ ਬਾਂਦਰਪੁਣਾ ਸੀ, ਉਹ ਮਾਰਮੋਸੈਟ ਸੀ।

ਪ੍ਰਸੰਸਾ ਨਾਲ ਚਾਂਗਰਾਂ ਮਾਰਦੇ ਦਰਸ਼ਕ ਉਠ ਖਲੋਤੇ ਤੇ ਮੌਜੀ ਅਦਾਕਾਰ ਨੂੰ ਨੇੜਿਉਂ ਵੇਖਣ ਲਈ ਮੰਚ ਵਲ ਭਜ ਪਏ। ਤੇ ਅਖ਼ੀਰਲੀ ਕਤਾਰ ਵਿਚੋਂ ਵਾਲਾਂ ਵਿਚ ਚਿੱਟੀਆਂ ਬੋਆਂ ਵਾਲੀ ਇਕ ਬਾਲੜੀ ਡਾਹਲੀਏ



ਦੇ ਲਾਲ ਫੁੱਲਾਂ ਦਾ ਗੁਲਦਸਤਾ ਲਈ ਅਗੇ ਵਲ ਭੱਜੀ। ਉਹ ਮੰਚ ਉਤੇ ਚੜ੍ਹ ਗਈ ਤੇ ਉਹਨੇ ਫੁੱਲ ਜਾਨਵਰਾਂ ਦੀ ਸਿਖਿਅਕ ਵਲ ਵਧਾਏ।

"ਸਾਡੀ ਬਾਲ ਪਾਇਨੀਅਰ ਟੋਲੀ ਵਲੋਂ," ਛੇਤੀ ਤੇ ਇਹਤਿਆਤ ਨਾਲ ਰੇਨਾ ਦੇ ਸਿਰ ਉਤੇ ਪਿਆਰ ਕਰਦਿਆਂ, ਉਹ ਕਾਹਲੀ-ਕਾਹਲੀ ਬੋਲੀ।

ਮੇਜ਼ ਦੁਆਲੇ ਬੈਠੇ ਲੋਕਾਂ ਨੇ ਵੇਖਿਆ, ਬਾਲੜੀ ਦੀਆਂ ਅੱਖਾਂ ਚਾਣਚਕ ਹੀ ਡਰ ਨਾਲ ਟੱਡੀਆਂ ਗਈਆਂ ਸਨ: ਬਾਂਦਰੀ ਨੇ ਉਹਦੀ ਗੁੱਤ ਫੜ ਲਈ ਹੋਈ ਸੀ ਤੇ ਜੇਤੂਆਂ ਵਾਂਗ ਤਕਦਿਆਂ ਦੰਦ ਵਿਖਾ ਰਹੀ ਸੀ।

ਦਰਸ਼ਕਾਂ ਵਿਚੋਂ ਕੋਈ ਹੱਸ ਉਠਿਆ, ਫੇਰ ਚੁਪ ਹੋ ਗਿਆ। ਮੰਚ ਉਤਲੇ ਲੋਕਾਂ ਦੇ ਮੂੰਹ ਗਹਿਰ-ਗੰਭੀਰ ਸਨ। ਰੇਨਾ ਬਾਲੜੀ ਨੂੰ ਚੱਕ ਵੀ ਵਢ ਸਕਦੀ ਸੀ! ਫ਼ਿਲਮ ਬਣਾਣ ਵੇਲੇ ਇੰਜ ਕਈ ਵਾਰ ਹੋ ਚੁਕਿਆ ਸੀ। ਝਗੜਾਲੂ ਬਾਂਦਰੀ ਕਿਸੇ ਨੂੰ ਪੈ ਜਾਂਦੀ, ਉਹਦੇ ਨਕ ਜਾਂ ਗਲ੍ਹ ਉਤੇ ਜ਼ੋਰ ਨਾਲ ਦੰਦੀ ਵਢ ਦੇਂਦੀ, ਤੇ ਇਕ ਸਕਿੰਟ ਪਿਛੋਂ ਦਰਖ਼ਤ ਉਤੇ ਝੂਟੇ ਲੈ ਰਹੀ ਹੁੰਦੀ, ਮੂੰਹ ਬਣਾ ਰਹੀ ਹੁੰਦੀ।

ਕੈਮਰਾਮੈਨ ਤੇ ਨਿਰਦੇਸ਼ਕ ਨਾ ਹਿੱਲੇ; ਉਹ ਡਰਦੇ ਸਨ, ਬਾਂਦਰੀ ਛਿੱਥੀ ਨਾ ਪੈ ਜਾਵੇ।

"ਰੇਨਾ, ਛਡ ਦੇ ਸੂ, ਇਕਦਮ!" ਸੋਫ਼ੀਆ ਲੇਪ ਦੀ ਸ਼ਾਂਤ, ਅਡੋਲ ਆਵਾਜ਼ ਸੁਣੀਤੀ। "ਛਡ ਦੇ, ਰੇਨਾ! ਸ਼ਾਬਾਸ਼।"

ਬਾਂਦਰੀ ਨੇ ਇੰਜ ਅੱਖਾਂ ਝਮਕਦਿਆਂ, ਜਿਵੇਂ ਕੁਝ ਹੋਇਆ ਹੀ ਨਾ ਹੋਵੇ, ਸਿਖਿਅਕ ਵਲ ਵੇਖਿਆ। ਫੇਰ ਉਹਨੇ ਉਬਾਸੀ ਲਈ, ਹੌਲੀ-ਹੌਲੀ ਆਪਣੇ ਹਥ ਢਿੱਲੇ ਕੀਤੇ, ਤੇ ਖ਼ੁਰਕਣ ਲਗ ਪਈ। ਬਾਲੜੀ ਨੇ ਪਿਛਾਂਹ ਛਾਲ ਮਾਰੀ ਤੇ ਭਜਦੀ-ਭਜਦੀ ਮੰਚ ਤੋਂ ਉਤਰ ਗਈ।

ਪ੍ਰਾਹੁਣਿਆਂ ਨੂੰ ਓਪਰਾ-ਓਪਰਾ ਲਗਿਆ।

ਮੈਨੇਜਰ ਉਹਨਾਂ ਨੂੰ ਬਹੁੜਿਆ:

"ਪਿਆਰੇ ਦੋਸਤੋ! ਅਜ ਅਸੀਂ ਪਹਿਲਾ ਸ਼ੋ ਕਰ ਰਹੇ ਹਾਂ। ਤੁਸੀਂ ਇਹ ਫ਼ਿਲਮ ਵੇਖਣ ਵਾਲੇ ਪਹਿਲੇ ਹੋ, ਫ਼ਿਲਮ, ਜਿਹਨੂੰ

ਬਣਾਣ ਵਿਚ ਪੂਰਾ ਵਰ੍ਹਾ ਲਗ ਗਿਆ। ਛੇਤੀ ਹੀ ਬੱਤੀਆਂ ਬੁਝ ਜਾਣਗੀਆਂ, ਤੇ ਤੁਸੀਂ ਪਛਾਣ ਲਵੋਗੇ ਕਿ ਰਾਕਟ ਦਾ ਬਹਾਦਰ ਮੁਸਾਫ਼ਰ ਇਹੋ ਛੋਟੀ ਜਿਹੀ ਬਾਂਦਰੀ ਏ। ਤੇ ਮੈਨੂੰ ਆਸ ਏ ਕਿ ਤੁਸੀਂ ਮਿਹਰ ਤੋਂ ਕੰਮ ਲੈਂਦਿਆਂ ਸ਼ਰਾਰਤਨ ਰੇਨਾ ਨੂੰ ਮੁਆਫ਼ ਕਰ ਦਿਉਗੇ!”

ਜਿਵੇਂ ਹੀ ਉਹਨੇ ਬਾਂਦਰੀ ਦਾ ਨਾਂ ਲਿਆ, ਸਿਖਾਏ ਹੋਈ ਮਾਰਮੋਸੈਟ ਨੇ ਉਹਦੇ ਬੋਝੇ ਵਿਚੋਂ ਰੁਮਾਲ ਖਿਚ ਲਿਆ, ਤੇ ਉਹਨੂੰ ਹਿਲਾਂਦਿਆਂ, ਦਰਸ਼ਕਾਂ ਨੂੰ ਉਡਦਾ ਚੁੰਮਣ ਦਿਤਾ।

ਸਭ ਪਾਸਿਉਂ ਸੁਣੀਂਦੇ ਹਾਸੇ ਵਿਚਕਾਰ ਪ੍ਰਾਹੁਣੇ ਮੰਚ ਤੋਂ ਹਟ ਗਏ।

ਬੱਤੀਆ ਬੁਝ ਗਈਆਂ। ਅਲੌਕਾਰ ਟੁਣਕਵੇਂ ਸੰਗੀਤ ਦੀਆਂ ਛਲਕਦੀਆਂ ਲਹਿਰਾਂ ਅੰਦਰ ਵਹਿ ਆਈਆਂ। ਅਸਮਾਨ ਤਾਰਿਆਂ ਨਾਲ ਭਰ ਗਿਆ। ਉਹ ਅਹਿੱਲ ਸਨ। ਘੂਕਰ ਬੰਨ੍ਹ ਉਡਦਾ ਜਾਂਦਾ ਸਿਰਫ਼ ਇਕੋ ਟਿਮਕਣਾ ਬ੍ਰਹਿਮੰਡ ਦੀ ਅਡੋਲਤਾ ਭੰਗ ਕਰ ਰਿਹਾ ਸੀ: ਇਕ ਰਾਕਟ ਤੇਜ਼-ਤੇਜ਼ ਧਰਤੀ ਨੂੰ ਪਰਤ ਰਿਹਾ ਸੀ। ਪਰ ਉਹਦੇ ਤੋਂ ਵੀ ਵਧ ਤੇਜ਼ੀ ਨਾਲ ਖ਼ਤਰੇ ਦਾ ਸੰਕੇਤ ਧਰਤੀ ਨੂੰ ਪੁਜ ਗਿਆ ਸੀ। ਜਹਾਜ਼ ਦਾ ਅਮਲਾ ਦਸ ਰਿਹਾ ਸੀ ਕਿ ਉਹ ਖ਼ਤਰਨਾਕ ਕਿਰਨਾਂ ਦੀ ਵਾਛੜ ਵਿਚ ਆਣ ਫਸੇ ਸਨ।

ਦਰਸ਼ਕ ਸਾਹ ਰੋਕੀ ਬੈਠੇ ਸਨ। ਲਗਦਾ ਸੀ, ਜਿਵੇਂ ਅਸਲੋਂ ਪੁਲਾੜ ਦੀ ਚੁਪ ਹਾਲ ਵਿਚ ਪ੍ਰਵੇਸ਼ ਕਰ ਆਈ ਹੋਵੇ। ਨੁਕੀਲੇ ਨੱਕਾਂ ਵਾਲੇ ਰਾਕਟ ਉਡਾਰੀ-ਅਡਿਆਂ ਉਤੇ ਸੰਤਰੀ ਵਾਂਗ ਖੜੇ ਸਨ। ਪੁਲਾੜੀ ਅਡੇ ਸੁੰਨ-ਮਸੁੰਨ ਪਏ ਸਨ। ਪੁਲਾੜਬਾਜ਼ ਮਾਣੋ ਕਿਸੇ ਕਲ ਦੇ ਵਿਗੜਨ ਨਾਲ ਉਤਰਨ ਉਤੇ ਮਜਬੂਰ ਕਰ ਦਿਤੇ ਗਏ ਹੋਣ ਤੇ ਉਦਾਸ ਬੈਠੇ ਹੋਣ, ਇਹ ਉਡੀਕਦੇ ਕਿ ਵਿਗਿਆਨੀ ਕਿਰਨਾਂ ਦੇ ਭੇਤ ਉਤੋਂ ਪਰਦਾ ਲਾਹੁਣ ਤੇ ਉਹਨਾਂ ਤੋਂ ਰਾਖੀ ਦਾ ਢੰਗ ਲੱਭਣ।

ਪਰ ਫੇਰ ਇਕ ਜਾਤੇ-ਪਛਾਤੇ ਚਿਹਰੇ ਦੀ ਨੇੜਿਉਂ ਲੱਥੀ ਤਸਵੀਰ ਸਾਡੇ ਵਲ ਵੇਖ ਮੁਸਕਰਾਂਦੀ ਹੈ। ਇਹ ਰੇਨਾ ਹੈ! ਇਹ ਹੈ, ਜੁ ਖੋਜ ਕਰਨ ਲਈ ਪੁਲਾੜ ਵਿਚ ਜਾਏਗੀ। ਸਿੱਖੀ



ਹੋਈ ਬਾਂਦਰੀ, ਧਰਤੀ ਤੋਂ ਸੰਕੇਤ ਆਉਣ ਉਤੇ, ਸਾਜ਼-ਸੰਦਾਂ ਦੇ ਬਟਨ ਦਬਾਵੇਗੀ, ਤੇ ਵਿਗਿਆਨੀਆਂ ਨੂੰ ਆਪਣੀ ਹਾਲਤ ਦੀ ਖ਼ਬਰ ਦੇਵੇਗੀ।

ਤੇ ਅਜੇ ਵੀ ਡਰ ਲਗਦਾ ਹੈ। ਇਕ ਬਾਂਦਰੀ ਤਕ ਲਈ ਵੀ।

ਸਾਧਾਰਨ ਦਬਾਓ ਕਾਇਮ ਰੱਖਣ ਵਾਲੀ ਪੋਸ਼ਾਕ ਪਾਈ ਰੇਨਾ ਨੂੰ ਕੈਬਿਨ ਵਿਚ ਬਿਠਾ ਤੇ ਪੇਟੀਆਂ ਨਾਲ ਸੀਟ ਉਤੇ ਬੰਨ੍ਹ ਦਿਤਾ ਜਾਂਦਾ ਹੈ। ਉਹ ਆਪਣਾ ਸਿਰ ਘੁਮਾਂਦੀ ਹੈ, ਆਪਣੇ ਖੋਦ ਦੇ ਸ਼ੀਸ਼ੇ ਪਿਛੋਂ ਦੰਦ ਵਿਖਾਂਦੀ ਹੈ, ਤੇ ਆਪਣਾ ਮੂੰਹ ਖੋਲ੍ਹਦੀ ਹੈ। ਸ਼ਾਇਦ ਕੁਝ ਲਫ਼ਜ਼ ਵਿਦਾਇਗੀ ਦੇ ਕਹਿਣਾ ਚਾਹੁੰਦੀ ਹੋਵੇ ?

"ਭੌਂ!" ਸਾਰਾ ਹਾਲ ਗੂੰਜ ਉਠਿਆ। ਤੇ ਫੇਰ, "ਭੌਂ! ਭੌਂ!"

ਆਵਾਜ਼ ਭਰਨ ਵਾਲਾ ਇੰਜੀਨੀਅਰ ਹੈਰਾਨ ਹੋ ਰਿਹਾ ਸੀ। ਇਹ ਭੌਂਕਣ ਦੀ ਆਵਾਜ਼ ਕਿਥੋਂ ਆ ਰਹੀ ਸੀ ? ਜਦੋਂ ਆਵਾਜ਼ ਭਰੀ ਗਈ ਸੀ, ਕੁੱਤਾ ਕੋਈ ਨਹੀਂ ਸੀ।

ਪਰ ਭੌਂ-ਭੌਂ ਜਿਵੇਂ ਕਿਸੇ ਨੂੰ ਦੁਖਾਣ ਲਈ ਬੰਦ ਨਾ ਹੋਈ। ਹੁਣ ਹਰ ਇਕ ਨੂੰ ਪਤਾ ਲਗ ਗਿਆ ਸੀ, ਇਹ ਲਾਊਡ ਸਪੀਕਰ ਵਿਚੋਂ ਨਹੀਂ ਸੀ ਸੁਣੀ ਰਹੀ। ਦਰਸ਼ਕ ਸ਼ੂ-ਸ਼ੂ ਕਰਦੇ, ਲਿਸ਼ਕਦੇ ਲੰਘਦੇ ਦ੍ਰਿਸ਼ਾਂ ਵਲ ਟੱਕ ਲਾਂਦੇ, ਆਪਣੀ ਕੁਰਸੀਆਂ ਉਤੇ ਕਲਵਲ ਖਾਂਦੇ।

ਕੋਈ ਹਨੇਰੇ ਲਾਂਘੇ ਵਿਚੋਂ ਦੀ ਭਜਿਆ, ਨਿੰਮ੍ਹੀ-ਨਿੰਮ੍ਹੀ ਆਵਾਜ਼ ਵਿਚ ਕੋਸਦਾ, "ਸ਼ੈਤਾਨ ਨਾ ਹੋਣ ਤਾਂ! ਕੁੱਤਾ ਅੰਦਰ ਲੁਕਾ ਲਿਆਏ ਨੇ!"

ਬੱਤੀਆਂ ਜਗ ਪਈਆਂ, ਤੇ ਹਰ ਕਿਸੇ ਨੂੰ ਉਲੰਘਕ ਦਿੱਸ ਪਏ।

ਇਕ ਛੋਟੇ ਜਿਹੇ ਚਾਂਗਰਦੇ ਚਿੱਟੇ ਕੁੱਤੇ ਨੇ ਕੁਰਸੀਆਂ ਦੀਆਂ ਕਤਾਰਾਂ ਅੰਦਰ ਕੁੱਦਣ ਦੀ ਕੀਤੀ। ਦਰਸ਼ਕਾਂ ਨੂੰ ਆਪੋ ਆਪਣੀਆਂ ਕੁਰਸੀਆਂ ਉਤੇ ਬਿਠਾਣ ਵਾਲਾ ਕਰਮਚਾਰੀ ਉਹਦਾ ਪਿੱਛਾ ਕਰ ਰਿਹਾ ਸੀ; ਉਹਦੇ ਪਿੱਛੇ-ਪਿੱਛੇ ਇਕ ਘਾਬਰਿਆ ਹੋਇਆ ਮੁੰਡਾ ਭਜ ਰਿਹਾ ਸੀ, ਤੇ ਮੁੰਡੇ ਦੇ ਪਿੱਛੇ-ਪਿੱਛੇ ਮੈਨੇਜਰ ਪੁਲਾਂਘਾਂ ਭਰਦਾ ਆ ਰਿਹਾ ਸੀ।

ਕੁਰਸੀਆਂ ਦੀਆਂ ਭੁਲ-ਭੁਲੱਈਆਂ ਨਾਲ ਬੌਂਦਲਾ, ਕੁੱਤਾ ਇਕ ਸਕਿੰਟ ਲਈ ਅਟਕ ਗਿਆ। ਚਾਰ ਹੱਥਾਂ ਨੇ ਉਹਨੂੰ ਇਕਦਮ ਨੱਪ ਲਿਆ। ਕਰਮਚਾਰੀ ਨੇ ਉਲੰਘਕ ਨੂੰ ਘੁਟ ਕੇ ਫੜਿਆ ਹੋਇਆ ਸੀ ਤੇ ਮੁੰਡਾ ਛੁਡਾ ਰਿਹਾ ਸੀ।

"ਇਹਦਾ ਕੀ ਮਤਲਬ ਹੋਇਆ!.." ਉਹਨਾਂ ਕੋਲ ਪਹੁੰਚ ਮੈਨੇਜਰ ਕੜਕਿਆ।

"ਇਹ ... ਇਹ ਰੈਗਸ ਏ," ਮੁੰਡੇ ਨੇ ਕਿਹਾ। ਉਹ ਕੁੱਤੇ ਨੂੰ ਹੱਥੋਂ ਨਹੀਂ ਸੀ ਛਡ ਰਿਹਾ। "ਮੈਂ ਚਾਹੁੰਦਾ ਸਾਂ ..."

"ਮੇਰੀ ਜਾਣੇ ਬਲਾ, ਤੂੰ ਕੀ ਚਾਹੁੰਦਾ ਸੈਂ। ਇਕਦਮ ਨਿਕਲ ਜਾ ਹਾਲ ਵਿਚੋਂ," ਬੂਹੇ ਵਲ ਸੈਣਤ ਕਰਦਿਆਂ ਮੈਨੇਜਰ ਨੇ ਕਿਹਾ।

ਕਰਮਚਾਰੀ ਨੇ ਮੈਨੇਜਰ ਦੇ ਸੂਹੇ ਹੋਏ ਮੂੰਹ ਵਲ ਵੇਖਿਆ ਤੇ ਕੁੱਤੇ ਨੂੰ ਛਡ ਦਿਤਾ। ਮੁੰਡੇ ਨੇ ਉਹਨੂੰ ਫੁਰਤੀ ਨਾਲ ਚੁੱਕਣ ਦੀ ਕੀਤੀ, ਆਪਣਾ ਕੋਟ ਖੋਲ੍ਹ ਲਿਆ, ਤੇ ਹੁਣ ਅਡੋਲ ਚਿੱਟੇ ਖਿੱਦੂ ਹੋਏ ਪਏ ਨੂੰ ਆਪਣੀ ਛਾਤੀ ਨਾਲ ਘੁਟ, ਬਾਹਰ ਜਾਣ ਵਾਲੇ ਰਾਹ ਵਲ ਹੋ ਪਿਆ।

"ਓਏ ਭੋਂਦੂ!" ਕਿਸੇ ਨੇ ਜਾਂਦਿਆਂ ਪਿਛੋਂ ਆਵਾਜ਼ ਦਿਤੀ।

ਮੈਨੇਜਰ ਥੱਕਾ-ਟੁੱਟਾ ਆਪਣੀ ਕੁਰਸੀ ਵਿਚ ਜਾ ਧਸਿਆ ਤੇ ਰੁਮਾਲ ਨਾਲ ਮੱਥਾ ਪੂੰਝਣ ਲਗਾ।

ਪਹਿਲਾ ਸ਼ੋ ਜਾਰੀ ਰਿਹਾ।



### ਪੈਲੀ ਵਿਚ ਧਮਾਕਾ

ਓਸੇ ਦਿਨ ਸ਼ਾਮੀਂ ਨਾਲ ਵਾਲੀ ਇਕ ਦਸ-ਮੰਜ਼ਲਾ ਇਮਾਰਤ ਵਿਚ ਰਹਿਣ ਵਾਲੇ ਲੋਕ ਚਾਣਚਕ ਹੋ ਪਏ ਇਕ ਧਮਾਕੇ ਨਾਲ ਤ੍ਰੱਭਕ ਉਠੇ।

ਇਮਾਰਤ ਇਕ ਬੁੱਤੀ ਵਾਂਗ ਸੀ, ਕਿਉਂ ਜੁ ਇਹ ਅਸਲੋਂ ਅਖ਼ੀਰਲੀ ਇਮਾਰਤ ਸੀ। ਉਹਦੇ ਸਾਹਮਣੇ ਇਕ ਬੜੀ ਸੁਹਣੀ ਸੜਕ ਸੀ, ਜਿਹੜੀ ਅਜੇ ਕੁਝ ਚਿਰ ਪਹਿਲਾਂ ਹੀ ਬਣੀ ਸੀ, ਪਰ ਹੁਣੇ ਹੀ ਪਤਲੇ-ਪਤਲੇ, ਲਚਕੀਲੇ, ਮਧਰੇ ਰੁਖਾਂ ਨਾਲ ਸਜੀ, ਤੇ ਦੁਕਾਨਾਂ ਤੇ ਹੋਰਨਾਂ ਥਾਵਾਂ ਦੇ ਲਿਸ਼ਕਦੇ ਨਾਵਾਂ ਨਾਲ ਸ਼ਿੰਗਾਰੀ ਪਈ ਸੀ। ਤੇ ਇਮਾਰਤ ਦੀ ਚੌੜੀ ਭੂਰੀ ਪਿਠ ਪਿੱਛੇ ਇਕ ਵਡੀ ਪੈਲੀ ਪਸਰੀ ਹੋਈ ਸੀ, ਜਿਥੋਂ ਚਿਰਾਇਤੇ ਦੀ ਮਹਿਕ ਵਾਲੀ ਸਜਰੀ ਪੌਣ ਝੁਲ ਰਹੀ ਸੀ। ਪੈਲੀ ਦੇ ਇਕ ਪਾਸੇ ਗੈਰਾਜਾਂ ਦਾ ਇਕ ਛੋਟਾ ਜਿਹਾ ਸ਼ਹਿਰ ਉਠ ਖਲੋਤਾ ਸੀ; ਦੂਰ ਵਾਲੇ ਪਾਸੇ ਜੰਗਲ ਸ਼ੁਰੂ ਹੋ ਜਾਂਦਾ ਸੀ, ਤੇ ਇਕ ਛੋਟਾ ਜਿਹਾ ਪਿੰਡ ਸੀ। ਸਭਨਾਂ ਪਾਸਿਉਂ ਉੱਚੇ ਇਮਾਰਤੀ ਕਰੇਨ ਪਿੰਡ ਵਲ ਵਧਦੇ ਆ ਰਹੇ ਸਨ।

ਪੈਲੀ ਨੇ ਛੇਤੀ ਹੀ ਗ਼ਾਇਬ ਹੋ ਜਾਣਾ ਸੀ, ਪਰ ਹਾਲ ਦੀ ਘੜੀ ਓਥੇ ਬਚਿਆਂ ਦਾ ਰਾਜ ਸੀ।

ਤੇ ਸਤੰਬਰ ਮਹੀਨੇ ਦੇ ਐਤਵਾਰ ਦੀ ਇਸ ਸ਼ਾਮ ਨੂੰ ਗੈਰਾਜਾਂ ਪਿੱਛੇ ਦੋ ਮੁੰਡੇ ਰੁੱਝੇ ਹੋਏ ਸਨ। ਉਹਨਾਂ ਦਾ ਖ਼ਿਆਲ ਸੀ, ਉਹਨਾਂ ਦੀਆਂ ਪਿੱਠਾਂ ਪਿੱਛੇ ਸੰਗੀਤ ਤੇ ਬੱਤੀਆਂ-ਲਿਸ਼ਕਾਈਆਂ ਬਾਰੀਆਂ ਵਾਲੀ ਇਮਾਰਤ ਆਪਣੇ ਆਪ ਵਿਚ ਮਗਨ ਸੀ ਤੇ ਉਹਨਾਂ ਦੇ ਕੰਮ ਵਲ ਧਿਆਨ ਨਹੀਂ ਸੀ ਦੇ ਰਹੀ।

ਪਰ ਉਹਨਾਂ ਨੂੰ ਗ਼ਲਤੀ ਲੱਗੀ ਸੀ। ਇਸ ਇਮਾਰਤ ਵਿਚ ਲਿਊਬਾ ਕਾਜ਼ਾਕੋਵਾ ਨਾਂ ਦੀ ਇਕ ਖੋਚਰੀ ਕੁੜੀ ਰਹਿੰਦੀ ਸੀ। ਉਹਦੀਆਂ ਵਡੀਆਂ-ਵਡੀਆਂ ਸਲੇਟੀ ਅੱਖਾਂ ਸਦਾ ਚੁਪੱਟ ਖੁੱਲ੍ਹੀਆਂ ਰਹਿੰਦੀਆਂ ਸਨ, ਜਿਵੇਂ ਉਹ ਹੁਣੇ ਹੀ, ਘਟਨਾ ਦੇ ਹੋਣ ਤੋਂ ਪਹਿਲੋਂ ਹੀ, ਹੈਰਾਨ ਹੋ ਗਈ ਹੋਵੇ। ਜਿਥੇ ਕਿਤੇ ਵੀ ਕੁਝ ਹੁੰਦਾ, ਓਥੇ ਉਹ ਆਮ ਕਰ ਕੇ ਸਭ ਤੋਂ ਪਹਿਲੋਂ ਪਹੁੰਚਦੀ। ਤੇ ਹੁਣ ਬੀਬੀ ਲਾਕੜੀ ਲਿਊਬਾ ਸਿਰੇ ਵਾਲੇ ਗੈਰਾਜ ਪਿਛੇ ਖਲੋਤੀ ਸੀ ਤੇ ਹਨ੍ਹੇਰੇ ਵਿਚ ਨੀਝਾਂ ਲਾ ਰਹੀ ਸੀ। ਛੇਤੀ ਹੀ ਹੋਣ ਵਾਲੇ ਮਾਅਰਕੇ ਦੀ ਅਗਾਊਂ ਸੂਹ ਨਾਲ ਉਹਦੀ ਦਿਲ ਦੀ ਧੜਕਨ ਤੇਜ਼ ਹੁੰਦੀ ਜਾ ਰਹੀ ਸੀ।

ਓਥੇ, ਹਨੇਰੇ ਵਿਚ, ਦੋ ਪਰਛਾਵੇਂ—ਉਹ ਕੌਣ ਸਨ, ਉਹਦੇ ਤੋਂ ਠੀਕ-ਠੀਕ ਬੁਝਿਆ ਨਹੀਂ ਸੀ ਜਾ ਰਿਹਾ—ਕਿਸੇ ਅਜੀਬ ਚੀਜ਼ ਉਤੇ ਉੜੇ ਹੋਏ ਸਨ, ਜਿਸ ਦਾ ਅਕਾਰ ਚੁਲ੍ਹੇ ਦੀ ਪਾਈਪ ਦੇ ਇਕ ਟੋਟੇ ਵਰਗਾ ਸੀ। ਘਰਚ-ਘਰਚ ਦੀਆਂ ਆਵਾਜ਼ਾਂ ਤੋਂ ਅੰਦਾਜ਼ਾ ਲਗਦਾ ਸੀ ਕਿ ਪਾਈਪ ਧਾਤ ਦੀ ਸੀ, ਪਰ ਸਭ ਤੋਂ ਅਹਿਮ ਗਲ ਇਹ ਸੀ ਕਿ ਓਥੇ ਪਹਿਲੋਂ ਕਦੀ ਕੋਈ ਪਾਈਪ ਨਹੀਂ ਸੀ ਹੁੰਦੀ।

ਲਿਊਬਾ ਦੇ ਤੇਜ਼ ਕੰਨਾਂ ਨੇ ਇਕ ਹੋਰ ਚੀਜ਼ ਤਾੜ ਲਈ, ਇਹ ਸੀ ਘੁਰ-ਘੁਰ ਦੀ ਆਵਾਜ਼। ਉਹ ਘੁੱਟੀ-ਘੁੱਟੀ ਸੀ, ਮਸਾਂ-ਮਸਾਂ ਸੁਣੀਂਦੀਂ। ਇਹ ਕਿਥੋਂ ਆ ਰਹੀ ਸੀ? ਪਾਈਪ ਵਿਚੋਂ ਤਾਂ ਨਹੀਂ ਸੀ ਆ ਰਹੀ?

ਉਹਨੇ ਇਸ ਭੇਤ-ਭਰੀ ਚੀਜ਼ ਦੇ ਹੋਰ ਨੇੜੇ ਜਾ ਪਹੁੰਚਣ ਦਾ ਮਤਾ ਪਕਾਇਆ। ਉਹ ਪੋਲੇ ਪੈਰੀਂ ਨੁੱਕਰ ਤੋਂ ਪਾਰ ਹੋਈ, ਪਰ ਇਕਦਮ ਹੀ ਪਿਛੇ ਹਟ ਗਈ: ਹਨੇਰੇ ਵਿਚ ਇਕ ਤੀਲੀ ਬਲ ਪਈ ਸੀ, ਫੇਰ ਦੋਵੇਂ ਪਰਛਾਵੇਂ ਕੁਦ ਖਲੋਤੇ ਸਨ ਤੇ ਉਹਦੇ ਵਾਲੇ ਪਾਸੇ ਨੂੰ ਭਜ ਉਠੇ ਸਨ।

ਉਹਨਾਂ ਦੇ ਪੈਰਾਂ ਦਾ ਖੜਾਕ ਨੇੜੇ ਆਉਂਦਾ ਜਾ ਰਿਹਾ ਸੀ। ਜਾਸੂਸ ਨੇ ਸਮਝ ਲਿਆ ਕਿ ਹੁਣ ਉਹਦੇ ਲਈ ਸਭ ਤੋਂ ਚੰਗੀ ਗੱਲ ਗ਼ਾਇਬ ਹੋ ਜਾਣਾ ਸੀ। ਉਹ ਗੈਰਾਜਾਂ ਵਿਚਾਲੀ ਥਾਂ ਵਿਚੋਂ ਤੀਰ ਵਾਂਗ ਨਿਕਲੀ, ਭਜਦੀ-ਭਜਦੀ ਸੜਕ ਉਤੇ ਜਾ ਪਹੁੰਚੀ ਤੇ ਅਗੋਂ ਆ ਰਹੀ ਇਕ "ਵੋਲਗਾ" ਕਾਰ ਨਾਲ ਵਜਦੀ-ਵਜਦੀ ਬਚੀ। ਡਰਾਈਵਰ ਨੇ, ਤਾੜਨਾ ਕਰਨ ਲਈ, ਆਪਣੀਆਂ ਬੱਤੀਆਂ ਲਿਸ਼ਕਾਈਆਂ। ਰੌਸ਼ਨੀ ਕੁੜੀ ਦੀਆਂ ਅੱਖਾਂ ਵਿਚ ਵੱਜੀ; ਉਹਨੇ ਅੱਖਾਂ ਮੀਟੀਆਂ ਤੇ ਆਪਣੇ ਆਪ ਨੂੰ ਠੰਡੀ ਕੰਧ ਨਾਲ ਪਧਰਾ ਕਰ ਲਿਆ।

ਅਸਲੋਂ ਓਸੇ ਹੀ ਸਕਿੰਟ, ਇਕ ਕੰਨ-ਪਾੜਵਾਂ ਧਮਾਕਾ ਸੁਣੀਤਾ; ਗੈਰਾਜਾਂ ਪਿਛੋਂ ਦੀ ਹੌਲ-ਪਾਊਣੀ ਸ਼ੂਕਰ ਛਡਦਾ ਇਕ ਕਿਸਮ ਦਾ ਗੋਲਾ ਹਵਾ ਵਿਚ ਉਪਰ ਉਠਿਆ। ਉਹਦੀ ਲਾਟੋ-ਲਾਟ ਸ਼ੂਕਰਦੀ ਪੂਛ ਨੇ ਹਰ ਚੀਜ਼ ਉਤੇ ਲੋ ਕਰ ਦਿਤੀ ਸੀ, ਪੈਲੀ, ਕੀਲੇ ਪਏ ਮੁੰਡਿਆਂ, ਜਿਨ੍ਹਾਂ ਸਿਰ ਪਿੱਛੇ ਸੁੱਟੇ ਹੋਏ ਸਨ, ਸਹਿਮ ਗਈ ਕੁੜੀ ਤੇ ਚੌੜੀ ਛਾਤੀ ਵਾਲੇ ਆਦਮੀ ਉਤੇ, ਜਿਹੜਾ ਇਕਦਮ ਆਪਣੀ "ਵੋਲਗਾ" ਵਿਚੋਂ ਨਿਕਲ ਆਇਆ ਸੀ। ਪੂਛਲ ਲਿਸ਼ਕੀ ਤੇ ਹਿੱਸ ਗਈ। ਗੋਲੇ ਨੇ ਸ਼ੂਕਰਨਾ ਬੰਦ ਕਰ ਦਿਤਾ ਤੇ ਜ਼ਮੀਨ ਉਤੇ ਡਿਗ ਪਿਆ।

"ਗੇਨਾਦੀ, ਤੂੰ ਏਂ?" ਮੁੰਡਿਆਂ ਨੂੰ ਵੇਖ, ਡੌਰ-ਭੌਰ ਹੋਇਆ, ਆਦਮੀ ਕੂਕਿਆ।

ਪਰ ਮੁੰਡੇ ਤਾਂ ਪਾਈਪ ਵਲ ਭੱਜੇ ਜਾ ਰਹੇ ਸਨ, ਜਿਹਦੇ ਵਿਚੋਂ ਕਿਸੇ ਕੁੱਤੇ ਦੀ ਚੀਰਵੀਂ ਭੌਂ-ਭੌਂ ਦੀ ਆਵਾਜ਼ ਆ ਰਹੀ ਸੀ।

"ਠਹਿਰ ਜਾ, ਰੈਗਸ!" ਹਨ੍ਹੇਰੇ ਵਿਚ ਕੁੱਤੇ ਦੇ ਮਾਲਕ ਦੀ ਆਵਾਜ਼ ਧਰਵਾਸ ਦੇਂਦੀ ਸੁਣੀਤੀ। "ਤੈਨੂੰ ਇਕ ਮਿੰਟ 'ਚ ਕਢਦਾ ਹਾਂ।"

ਪਰ ਭਾਵੇਂ ਉਹਨਾਂ ਕਿੰਨਾ ਹੀ ਜ਼ੋਰ ਲਾਇਆ, ਉਹ ਕੁੱਤੇ ਨੂੰ ਤਪੀ ਹੋਈ ਪਾਈਪ ਵਿਚੋਂ ਨਾ ਕੱਢ ਸਕੇ। ਲੂਹਿਆ ਪਿਆ ਨਿੱਕਾ ਜਿਹਾ ਕੈਦੀ ਸੋਗ ਨਾਲ ਚਾਂਗਰਦਾ ਰਿਹਾ।

ਪਰ, ਓਦੋਂ ਤਕ "ਵੋਲਗਾ" ਇਸ ਸ਼ੋਕਮਈ ਅੰਤ ਵਾਲੀ ਥਾਂ ਉਤੇ ਪਹੁੰਚ ਪਈ ਹੋਈ ਸੀ। ਗੇਨੇ ਦੇ ਪਿਓ ਨੇ, ਫ਼ੌਰੀ ਸਜ਼ਾ ਦੇ ਡਰਾਵੇ ਦੇਂਦਿਆਂ, ਮੁੰਡਿਆਂ ਨੂੰ ਪਰ੍ਹਾਂ ਭਜਾ ਦਿਤਾ। ਉਹਨੇ ਚੁਲ੍ਹੇ ਦੀ ਤਪੀ ਹੋਈ ਪਾਈਪ ਨੂੰ ਫੜ ਲਿਆ ਤੇ ਗਾਲ੍ਹ ਕਢ "ਵੋਲਗਾ" ਵਿਚ ਸੁਟ ਦਿਤਾ। "ਵੋਲਗਾ" ਅਗੇ ਝਪਟੀ ਤੇ ਧੜਕਾ ਮਾਰ ਰਫ਼ਤਾਰ ਫੜਦੀ ਜੰਗਲ ਵਾਲੀ ਸੜਕ ਉਤੇ ਪੈ ਗਈ।

ਸੜਕ ਤੋਂ ਇਕ ਲੰਮੀ ਸੀਟੀ ਸੁਣੀਤੀ: ਇਹ ਜਾਗ-ਪਿਆ ਜਾਨੀਤਰ ਮਿਲੀਸ਼ੀਆ ਨੂੰ ਬੁਲਾ ਰਿਹਾ ਸੀ। ਮੁੰਡੇ ਸੁੰਗੜ ਗਏ, ਉਹਨਾਂ ਨਜ਼ਰਾਂ ਮੇਲੀਆਂ, ਤੇ ਹਨ੍ਹੇਰੇ ਵਿਚ ਗ਼ਾਇਬ ਹੋ ਗਏ।

ਦਸ-ਮੰਜ਼ਲੀ ਇਮਾਰਤ ਵਿਚ ਹਰ ਕਿਸੇ ਨੇ ਪੈਲੀ ਵਾਲੀ ਗੜਕ ਸੁਣੀ ਸੀ ਤੇ ਧਮਾਕੇ ਦੀ ਚਿਲਕੋਰ ਵੇਖੀ ਸੀ। ਉਹਨਾਂ ਨੂੰ ਇਕਦਮ ਹੀ ਸੁਝ ਪਿਆ, ਇਹ ੪੦ ਤੇ ੪੧ ਨੰਬਰ ਦੇ ਫ਼ਲੈਟਾਂ ਦੇ "ਕਾਢਕਾਰਾਂ" ਦਾ ਕੰਮ ਸੀ, ਜਿਹੜੇ ਉਹਨਾਂ ਨੂੰ ਘਰ-ਬਣਾਏ ਰਾਕਟਾਂ ਨਾਲ ਇਕ ਤੋਂ ਬਹੁਤੀ ਵਾਰੀ ਡਰਾ ਚੁਕੇ ਸਨ। ਕੁਝ ਲੋਕ ਤਾਂ ਸ਼ਰਾਰਤੀਆਂ ਦਾ ਪਖ ਪੂਰਦੇ ਸਨ, ਉਹਨਾਂ ਨੂੰ ਟੈਕਨੀਕਲ ਦਮਾਗ਼ ਵਾਲੇ ਕਹਿੰਦੇ ਸਨ। ਪਰ ਕਿਰਾਏਦਾਰਾਂ ਦੀ ਬਹੁ-ਗਿਣਤੀ ਇਹੋ ਜਿਹੀ ਸ਼ਰਾਰਤ ਦੇ ਖਿਲਾਫ਼ ਸੀ ਤੇ ਇਮਾਰਤ ਦੇ ਪ੍ਰਬੰਧਕ ਦਾ ਪਖ ਪੂਰਦੀ ਸੀ, ਜਿਹੜਾ "ਕਾਢਕਾਰਾਂ" ਨੂੰ ਜੁਰਮਾਨਾ ਕਰਨ ਦਾ ਡਰਾਵਾ ਦੇ ਰਿਹਾ ਸੀ।

"ਮਾੜੀ ਗੱਲ ਏ, ਸਬੂਤ ਕੋਈ ਨਹੀਂ," ਪ੍ਰਬੰਧਕ ਆਪਣੇ ਆਪ ਨੂੰ ਕਹਿਣ ਲਗਾ। ਸੜੀ ਹੋਈ ਘਾਹ ਤੇ ਝਾੜੀਆਂ ਤੋਂ ਸਿਵਾ ਜਾਨੀਤਰ ਤੇ ਮਿਲੀਸ਼ੀਆ ਨੂੰ ਕੁਝ ਨਹੀਂ ਸੀ ਲਭਿਆ।



"ਸ਼ਾਇਦ ਉਹਨਾਂ ਲਟੌਰਾਂ ਨੇ ਸਚੀ ਮੁਚੀ ਹੀ ਰਾਕਟ ਛਡਿਆ ਹੋਵੇ ?" ਪ੍ਰਬੰਧਕ ਕਹਿਣ ਲਗਾ। "ਜੇ ਇਹ ਕਿਸੇ ਦੇ ਸਿਰ 'ਤੇ ਆਣ ਪਵੇ ਤਾਂ ? ਹੱਦ ਕਰ ਦਿਤੀ ਨੇ! ਤੇ ਗਵਾਹੀ ਕੋਈ ਨਹੀਂ..."

ਇਕ ਗਵਾਹ ਸੀ, ਲਿਊਬਾ। ਪਰ ਜੁ ਕੁਝ ਵੀ ਉਹਨੂੰ ਪਤਾ ਸੀ, ਉਹਨੇ ਆਪਣੇ ਤਕ ਹੀ ਰਖਿਆ।

## ਰੇਗਸ ਗ਼ਾਇਬ ਹੋ ਗਿਆ



ਦੂਜੇ ਫਾਟਕ ਵਾਲੇ ਹਿੱਸੇ ਵਿਚ ਹਰ ਕੋਈ ਪੰਜਵੀਂ ਮੰਜ਼ਲ ਦੇ ਫਲੈਟ ਨੰਬਰ ੪੧ ਦੇ ਬੂਹੇ ਦੇ ਹਰ ਸਵੇਰੇ ਖੁਲ੍ਹਣ ਦੀ ਆਵਾਜ਼ ਸੁਣਨ ਤੇ ਬਾਹਰ ਇਕ ਛੋਟੇ ਜਿਹੇ ਜੱਤਲ ਕੁੱਤੇ ਤੇ ਲਾਲ ਬੁਨੈਣ ਪਾਈ ਕੱਕੇ ਵਾਲਾਂ ਵਾਲੇ ਇਕ ਮੁੰਡੇ ਨੂੰ ਨਿਕਲਦਿਆਂ ਵੇਖਣ ਹਿਲਿਆ ਹੋਇਆ ਸੀ। ਉਹ ਦੋਵੇਂ ਭੱਜੇ-ਭੱਜੇ ਪੌੜੀਆਂ ਤੋਂ ਉਤਰਦੇ, ਤੇ ਜੁ ਕੋਈ ਵੀ ਖ਼ੁਸ਼ੀ-ਭਰੀ ਭੌਂ-ਭੌਂ ਸੁਣਦਾ, ਉਹਨੂੰ ਪਤਾ ਲਗ ਜਾਂਦਾ ਕਿ ਸਾਢੇ ਸਤ ਵਜ ਗਏ ਸਨ। ਜਦੋਂ ਲੋਕ ਕੰਮਾਂ ਲਈ ਨਿਕਲਦਿਆਂ ਲਿਫ਼ਟ ਵਿਚ ਹੇਠਾਂ ਜਾ ਰਹੇ ਹੁੰਦੇ, ਮੁੰਡਾ ਤੇ ਕੁੱਤਾ ਭੱਜੇ-ਭੱਜੇ ਘਰ ਪਰਤਦੇ ਪੌੜੀਆਂ ਚੜ੍ਹ ਰਹੇ ਹੁੰਦੇ। ਆਮ ਤੌਰ ਉਤੇ ਫ਼ਲੈਟ ਨੰਬਰ ੪੦ ਵਿਚੋਂ ਫਾਂਟਾਂ ਵਾਲਾ ਪਜਾਮਾ ਪਾਈ ਇਕ ਸੁੱਤਾ-ਸੁੱਤਾ ਮੁੰਡਾ ਉਹਨਾਂ ਨੂੰ ਮਿਲਣ ਲਈ ਬਾਹਰ ਨਿਕਲਦਾ, ਤੇ ਉਬਾਸੀਆਂ ਲੈਂਦਾ ਕਹਿੰਦਾ, "'ਗੁੱਡ ਮੌਰਨੀ'। ਕਿੰਨੇ ਚੱਕਰ ਲਾਏ ਜੇ ? ਪੰਜ ? ਬਹੁਤ ਹੱਛਾ!" ਤੇ ਕੁੱਤੇ ਨੂੰ ਉਹਦੀਆਂ ਪਿਛਲੀਆਂ ਟੰਙਾਂ ਉਤੇ ਖਲ੍ਹਾਰ, ਪਾਜਾਮੇ ਵਾਲਾ ਗਵਾਂਢੀ ਵਾਪਸ ਚਲਾ ਜਾਂਦਾ।

ਪਰ ਸੋਮਵਾਰ ਨੂੰ, ਭਾਵੇਂ ਬੋਰੀਸਾ ਸਮੇਲੋਵ ਆਪਣੀ ਲਾਲ ਬੁਨੈਣ ਪਾਈ ਫ਼ਲੈਟ ਨੰਬਰ ੪੧ ਤੋਂ ਐਨ ਸਾਢੇ ਸਤ ਵਜੇ ਨਿਕਲਿਆ, ਕਿਸੇ ਨੂੰ ਵੀ ਕੁੱਤੇ ਦੀ ਭੌਂ-ਭੌਂ ਨਾ ਸੁਣੀਤੀ। ਟੈਨਿਸ ਵਾਲੇ ਬੂਟਾਂ ਵਿਚ ਪੋਲੇ-ਪੋਲੇ ਪੈਰ ਰਖਦਾ, ਉਹ ਅਡੋਲ

ਹੀ ਪੌੜੀਆਂ ਤੋਂ ਉਤਰਿਆ ਤੇ ਇਮਾਰਤ ਦੁਆਲੇ ਆਪਣੀ ਦੌੜ ਲਾਣ ਲਗ ਪਿਆ। ਉਹਦੇ ਕਈ ਚੱਕਰ ਲਾ ਉਹ ਭੱਜਾ-ਭੱਜਾ ਪੈਲੀ ਵਲ ਗਿਆ ਤੇ ਆਪਣੀ ਸਵੇਰ ਵਾਲੀ ਵਰਜ਼ਸ਼ ਕਰਨ ਲਗ ਪਿਆ।

ਲੋਕ ਕਾਹਲੀ-ਕਾਹਲੀ ਮੀਟਰੋ ਸਟੇਸ਼ਨ ਵਲ ਜਾ ਰਹੇ ਸਨ। ਬੋਰੀਯੇ ਦਾ ਪਿਉ, ਯਾਰੋਸਲਾਵ ਸਮੇਲੋਵ, ਸਵੇਰ ਦੀ ਸ਼ਿਫ਼ਟ ਤੋਂ ਪਹਿਲਾਂ ਚਾਹ ਦਾ ਆਪਣਾ ਆਖ਼ਰੀ ਪਿਆਲਾ ਪੀ ਰਿਹਾ ਸੀ। ਪਰ ਲਾਲ ਬੁਨੈਣ ਵਾਲਾ ਮੁੰਡਾ ਅਜੇ ਵੀ ਪੈਲੀ ਵਿਚ ਸੀ, ਬਾਹਵਾਂ ਮਾਰ ਰਿਹਾ ਤੇ ਬੈਠਕਾਂ ਕਢ ਰਿਹਾ ਸੀ।

"ਬੋਰੀਯੇ ਨੂੰ ਕੀ ਹੋਇਐ? ਸਕੂਲ ਦੇ ਵਕਤ ਤੋਂ ਪਛੜਨ ਦੀ ਕੋਸ਼ਿਸ਼ ਤਾਂ ਨਹੀਂ ਕਰ ਰਿਹਾ?" ਆਪਣੀ ਜੇਬ-ਘੜੀ ਵੇਖਦਿਆਂ, ਯਾਰੋਸਲਾਵ ਸਮੇਲੋਵ ਬੋਲਿਆ। "ਮੈਨੂੰ ਕਲ੍ਹ ਰਾਤ ਤੋਂ ਰੈਗਸ ਨਹੀਂ ਦਿਸਿਆ। ਮਾਂ, ਬੋਰੀਯੇ ਨੂੰ ਪੁਛ ਖਾਂ ਇਹਦੇ ਬਾਰੇ।"

ਸਮੇਲੋਵ ਨੇ ਕਿੱਲੀ ਤੋਂ ਆਪਣੀ ਟੋਪੀ ਲਾਹੀ ਤੇ ਫ਼ੈਕਟਰੀ ਨੂੰ ਚਲ ਪਿਆ।

ਜਦੋਂ ਅਖ਼ੀਰ ਉਹਦਾ ਪਿਓ ਨੁੱਕਰ ਤੋਂ ਗ਼ਾਇਬ ਹੋ ਗਿਆ, ਬੋਰੀਯਾ ਭੱਜਾ-ਭੱਜਾ ਘਰ ਆਇਆ। ਫਲੈਟ ਨੰਬਰ ੪੦ ਵਿਚੋਂ, ਜਿਥੇ ਉਹਦਾ ਯਾਰ ਗੇਨਾ ਕਾਰਾਤੋਵ ਰਹਿੰਦਾ ਸੀ, ਕਿਸੇ ਨੇ ਵੀ ਬਾਹਰ ਨਾ ਵੇਖਿਆ। ਇਸ ਲਈ ਕਿ ਬੂਹੇ ਪਿਛੇ ਏਥੇ ਵੀ ਸਵੇਰ ਨਿਤ ਨਾਲੋਂ ਵਖਰੇ ਢੰਗ ਨਾਲ ਸ਼ੁਰੂ ਹੋਈ ਸੀ।

ਗੇਨਾ ਦੇ ਪਿਓ ਅਨਾਤੋਲੀ ਕਾਰਾਤੋਵ, ਜਿਹੜਾ ਪੱਤਰਕਾਰ ਸੀ, ਨੇ ਉਸ ਦਿਨ ਦਫ਼ਤਰ ਬਹੁਤੀ ਸਵੇਰੇ ਨਹੀਂ ਸੀ ਜਾਣਾ ਤੇ ਉਹਨੇ ਆਪਣੇ ਪੁੱਤਰ ਨਾਲ ਗੰਭੀਰ ਗੱਲ-ਬਾਤ ਕਰਨ ਦਾ ਫ਼ੈਸਲਾ ਕੀਤਾ। ਉਹ ਹਥ ਪਿੱਠ ਪਿਛੇ ਕਰੀ, ਕਮਰੇ ਵਿਚ ਏਧਰ-ਓਧਰ ਘੁੰਮਣ ਲਗਾ। ਉਹਦਾ ਪੁੱਤਰ, ਨਹਾਤਾ ਤੇ ਬਣਿਆ-ਸੌਰਿਆ ਬੈਠਾ ਆਪਣਾ ਨਾਸ਼ਤਾ ਖਾ ਰਿਹਾ ਸੀ।

"ਇਹ ਝੱਲ ਖ਼ਤਮ ਕਦੋਂ ਹੋਵੇਗਾ?" ਕਾਰਾਤੋਵ ਗੁੱਸੇ ਨਾਲ ਬੋਲਿਆ। "ਪਹਿਲੋਂ ਸਿਰਫ਼ ਧਮਾਕਾ, ਫੇਰ ਟੀਨ ਦੇ





ਪੀਪਿਆਂ ਵਾਲਾ ਰੋਲਾ, ਤੇ ਅਖ਼ੀਰ, ਓਸ ਵਿਚਾਰੇ ਕੁੱਤੇ ਨਾਲ ਇਹ ਚੁਲ੍ਹੇ ਵਾਲੀ ਪਾਈਪ। ਮੈਂ ਤੰਗ ਪੈ ਗਿਆਂ ਜੁਰਮਾਨੇ ਭਰਦਾ!"

"ਸਭਨਾਂ ਮਹਾਨ ਵਿਗਿਆਨੀਆਂ ਨੂੰ ਕੁਝ-ਨਾ-ਕੁਝ ਕੁਰਬਾਨ ਕਰਨਾ ਪੈਂਦੈ," ਉਹਦੇ ਪੁੱਤਰ ਨੇ ਅਡੋਲ ਆਵਾਜ਼ ਵਿਚ ਏਤਰਾਜ਼ ਕੀਤਾ।

"ਸਭ ਤੋਂ ਪਹਿਲੀ ਗੱਲ ਇਹ ਏ ਕਿ ਤੂੰ ਮਹਾਨ ਨਹੀਂ। ਦੂਜੀ ਇਹ ਕਿ ਜੇ ਗੱਲ ਕੁਰਬਾਨੀਆਂ ਦੀ ਏ," ਕਾਰਾਤੋਵ ਕਮਰੇ ਦੇ ਅਧ-ਵਿਚਕਾਰ ਅਟਕ ਗਿਆ ਤੇ ਉਹਨੇ ਆਪਣੇ ਪੁੱਤਰ ਵਲ ਇਕ ਚੰਗੀ ਤਾੜਦੀ ਨਜ਼ਰ ਮਾਰੀ, "ਤਾਂ ਮੈਂ ਪਤਾ ਕਰਨਾ ਚਾਹਵਾਂਗਾ, ਚੁਲ੍ਹੇ ਦੀ ਪਾਈਪ ਵਿਚ ਭਰਿਆ ਕੀ ਸਾਈ?"

ਗੇਨੇ ਨੇ ਵੱਟ ਖਾਧਾ।

"ਫ਼ਿਲਮ ਤੇ ਦੋ ਸੌ ਤੀਲਾਂ ਵਾਲੀਆਂ ਡੱਬੀਆਂ। ਤੇ ਕੁਝ ਹੋਰ ਚੀਜ਼ਾਂ। ਕਾਢਕਾਰ ਆਪਣੇ ਬਾਲਣ ਦਾ ਭੇਤ ਰਖਦੇ ਨੇ।"

"ਠੀਕ ਏ, ਭੇਤ ਈ ਰੱਖੀਂ, ਪਰ ਪਤਾ ਸਾਈ, ਤੇਰਾ ਭੇਤ ਬਹੁਤ ਚਿਰ ਹੋਇਐ, ਵਰਤਿਆ ਗਿਆ ਸੀ। ਤੇ ਨਤੀਜਾ ਬਹੁਤ ਮਾੜਾ ਨਿਕਲਿਆ ਸੀ। ਕਦੀ ਸੁਣਿਆ ਈ, ਇਕ ਚੀਨੀ ਮੰਦਾਰੀਨ ਰਾਕਟ ਵਿਚ ਉਡਿਆ ਸੀ?"

"ਚੀਨੀ ਮੰਦਾਰੀਨ? ਰਾਕਟ 'ਚ?"

ਗੇਨੇ ਨੇ ਖਾਣਾ ਬੰਦ ਕਰ ਦਿਤਾ। ਉਹਨੂੰ ਪਤਾ ਸੀ ਕਿ ਪ੍ਰਾਚੀਨ ਚੀਨੀਆਂ ਨੇ ਰਾਕਟ ਈਜਾਦ ਕੀਤਾ ਸੀ, ਉਵੇਂ ਹੀ ਜਿਵੇਂ ਉਹਨਾਂ ਬਾਰੂਦ, ਕੰਮਪਾਸ ਤੇ ਕਾਗ਼ਜ਼ ਈਜਾਦ ਕੀਤਾ ਸੀ। ਉਹਨਾਂ ਦੇ ਰਾਕਟ ਲੰਬੂਆਂ ਵਾਲੇ ਬਰਛੇ, ਬਾਰੂਦ ਨਾਲ ਭਰੀਆਂ ਪਾਈਪਾਂ ਸਨ, ਜਿਹੜੀਆਂ ਉਡ ਕੇ ਵੈਰੀ ਦੇ ਡੇਰੇ ਵਿਚ ਜਾ ਪੈਂਦੀਆਂ ਸਨ। ਪਰ ਗੇਨੇ ਨੇ ਕਿਸੇ ਅਜਿਹੇ ਮੰਦਾਰੀਨ ਦੀ ਗੱਲ ਨਹੀਂ ਸੀ ਸੁਣੀ, ਜਿਹੜਾ ਰਾਕਟ ਉਤੇ ਕਾਠੀ ਪਾਣਾ ਚਾਹੁੰਦਾ ਸੀ।

"ਤੇਰੀ ਇਤਲਾਹ ਲਈ, ਇਹੋ ਜਿਹਾ ਮੰਦਾਰੀਨ ਚੀਨ 'ਚ ਹੁੰਦਾ ਸੀ। ਉਹਦਾ ਨਾਂ ਸੀ ਵਾਂਗ ਹੂ। ਸੱਚੀ ਗੱਲ ਇਹ ਈ, ਉਹ ਤੇਰੇ ਨਾਲ ਬਹੁਤ ਮਿਲਦਾ ਸੀ। ਉਹ ਆਤਸ਼ਬਾਜ਼ੀ ਵਾਲੀਆਂ ਹਵਾਈਆਂ ਨਾਲ ਉਡਣਾ ਚਾਹੁੰਦਾ ਸੀ। ਉਹਨੇ ਇਕ ਕੁਰਸੀ ਬਣਾਈ, ਉਹਨੂੰ ਦੋ ਦੈਂਤ ਅਕਾਰ ਅਜਗਰੀ ਗੁੱਡੀਆਂ ਨਾਲ ਬੰਨ੍ਹ ਲਿਆ, ਜੁ ਉਹਨੂੰ ਹਵਾ ਵਿਚ ਸਾਂਭ ਸਕਦੀਆਂ, ਤੇ ਉਹਨੇ ਆਪਣੇ ਉਡਾਰੀ ਵਾਲੇ ਸੰਦ ਨੂੰ ਰਾਕਟਾਂ ਨਾਲ ਤੂੜ ਲਿਆ।"

"ਕਮਾਲ ਏ!" ਜੋਸ਼ ਨਾਲ ਆਪਣੀ ਕੁਰਸੀ ਉਤੇ ਭੁੜਕਦਿਆਂ ਗੇਨਾ ਕੂਕਿਆ।

"ਖ਼ੁਸ਼ ਹੋਣ ਵਾਲੀ ਕੋਈ ਗੱਲ ਨਹੀਂ। ਕਹਾਣੀ ਦਾ ਅੰਤ ਮਾੜਾ ਏ। ਵਾਂਗ ਹੂ ਦਾ ਖ਼ਿਆਲ ਸੀ ਕਿ ਉਹਦੇ ਰਾਕਟ ਵਾਰੋ-ਵਾਰੀ ਚੱਲਣਗੇ, ਪਰ ਉਹ ਸਾਰੇ ਇਕੋ ਵਾਰੀ ਹੀ ਚਲ ਪਏ, ਪੂਰੇ ਸੰਤਾਲੀ ਦੇ ਸੰਤਾਲੀ! ਤੇ ਉਹ ਮਾਰਿਆ ਗਿਆ। ਇਹ ਈ ਤੇਰੀ ਆਤਸ਼ਬਾਜ਼ੀ ਦਾ ਭੇਤ!"

"ਪਰ, ਪਿਤਾ ਜੀ, ਆਦਮੀ ਉਹ ਬਹਾਦਰ ਸੀ!"

"ਤੂੰ ਵੀ ਹੱਦ ਕਰਨੈਂ!" ਕਾਰਾਤੋਵ ਨੇ ਲਾਚਾਰੀ ਨਾਲ ਮੋਢੇ ਛੰਡਦਿਆਂ ਆਖਿਆ। "ਤੇਰੇ ਨਾਲ

ਗੱਲ ਕਰਨ ਦਾ ਕੋਈ ਫ਼ਾਇਦਾ ਨਹੀਂ। ਹੁਣ ਤੋਂ," ਉਹਨੇ ਨਬੇੜਵੀਂ ਆਵਾਜ਼ ਵਿਚ ਆਖਿਆ, "ਗੁਸਲਖਾਨੇ 'ਚ ਬਣਾਈ ਗਈ ਰਸਾਈਣੀ ਲੇਬਾਰਟਰੀ ਬੰਦ ਕੀਤੀ ਜਾਂਦੀ ਏ! ਰਾਕਟ-ਵਿਦਿਆ ਦੀਆਂ ਕਿਤਾਬਾਂ ਨੂੰ ਜੰਦਰਾ ਲਾ ਦਿਤਾ ਜਾਵੇਗਾ! ਤੇ ਆਮ ਤੌਰ ਉਤੇ, ਅਸੀਂ ਸਖ਼ਤ ਤੋਂ ਸਖ਼ਤ ਨੇਮ ਰੱਖਾਂਗੇ। ਹਾਂ, ਮੈਨੂੰ ਸਕੂਲ ਵਾਲੀ ਕਾਪੀ ਤਾਂ ਵਿਖਾ। ਇਹ ਕੀ ਏ? ਜਿਮਨਾਸਟਿਕ 'ਚ ਫੇਰ ਪਿੱਛੇ? ਇਹਦਾ ਕੋਈ ਬਹਾਨਾ ਨਹੀਂ ਪਾਇਆ ਜਾ ਸਕਦਾ। ਕਮਰੇ ਦੇ ਦੂਜੇ ਪਾਸੇ ਬੈਠਾ ਤੇਰਾ ਦੋਸਤ ਆਪਣੀਆਂ ਮਸ਼ਕਾਂ ਹਰ ਸਵੇਰੇ ਕਿਵੇਂ ਕਰ ਲੈਂਦੈ, ਜਦੋਂ ਕਿ ਤੂੰ ਬਿਸਤਰੇ 'ਚ ਲੇਟਣੀਆਂ ਲੈਂਦਾ ਰਹਿਣੈਂ? ਉਹ ਕਿਉਂ ਤਾਰ ਵਾਂਗ ਕੜਕਵਾਂ ਏ, ਤੇ ਤੂੰ — ਤੂੰ ਕਿਉਂ ਪਰਾਲੀ ਵਾਂਗ ਏਂ?"

"ਦਮਾਗ਼ ਏ, ਜਿਹੜਾ ਸਭ ਤੋਂ ਅਗਾਂਹ ਪਹੁੰਚਾਂਦੈ," ਗੇਨੇ ਨੇ ਵਿਸ਼ਵਾਸ ਨਾਲ ਜਵਾਬ ਦਿਤਾ ਤੇ ਆਪਣੀ ਪਲੇਟ ਨੂੰ ਪਰ੍ਹਾਂ ਕਰ ਦਿਤਾ।

"ਬਹੁਤ ਚੰਗੀ ਤਰ੍ਹਾਂ, ਚੰਗੀ ਤਰ੍ਹਾਂ ਕਹੀ ਗੱਲ ਏ... ਤੂੰ ਹੀ ਨਹੀਂ ਸੈਂ, ਜਿਨ੍ਹੇ ਆਪਣੇ ਦੋਸਤ ਦੇ ਦਮਾਗ਼ 'ਚ ਕੁੱਤੇ ਨੂੰ ਸਿਨਮੇ 'ਚ ਲਿਆਣ ਤੇ ਫ਼ਿਲਮ ਨੂੰ ਵਿਚੋਂ ਰੋਕਣ ਦੀ ਗੱਲ ਵਾੜੀ ਸੀ?"

"ਪਿਤਾ ਜੀ, ਤੁਸੀਂ ਮੰਨੋਂਗੇ ਕਿ ਤਜਰਬੇ ਲਈ ਵਰਤੇ ਜਾਣ ਵਾਲੇ ਜਾਨਵਰ ਨੂੰ ਥੋੜਾ-ਬਹੁਤਾ ਵਿਖਾਣਾ ਪੈਂਦੈ, ਪੁਲਾੜ 'ਚ ਹਾਲਤਾਂ ਕਿਹੋ ਜਿਹੀਆਂ ਹੋਣਗੀਆਂ। ਸਾਨੂੰ ਹਾਦਸੇ ਦਾ ਖਿਆਲ ਕਦੀ ਨਹੀਂ ਸੀ ਆਇਆ। ਵਿਚਾਰਾ ਰੈਗਸ, ਸ਼ਾਇਦ ਸੜ ਗਿਐ।"

"ਤੈਨੂੰ ਆਸ ਕੀ ਸੀ? ਮੈਂ ਤੈਨੂੰ ਦਸ ਸਕਦਾ ਹਾਂ, ਵਿਚਾਰੇ ਕੁੱਤੇ ਨੂੰ ਤਕਲੀਫ਼ ਹੋਈ ਸੀ। ਜਿਸ ਪਲ ਹੀ ਮੈਂ ਉਹਨੂੰ ਬਾਹਰ ਕਢਿਆ, ਉਹ ਭਜ ਉਠਿਆ, ਤੇ ਮੈਂ ਵੇਖ ਨਾ ਸਕਿਆ, ਉਹਨੂੰ ਕੋਈ ਸਟ-ਫੇਟ ਲਗੀ ਸੀ ਕਿ ਨਹੀਂ। ਹੁਣ ਤਕ ਜ਼ਰੂਰ ਘਰ ਆ ਗਿਆ ਹੋਣੈਂ।"

"ਨਹੀਂ, ਵਾਪਸ ਨਹੀਂ ਆਇਆ। ਉਹਨੂੰ ਕਿਥੇ ਕਢਿਆ ਸਾਜੇ।"

"ਹੂੰ, ਤੂੰ ਪਤਾ ਕਢਣਾ ਚਾਹੁਣੈਂ, ਰਾਕਟ ਕਿੱਥੇ ਏ," ਕਾਰਾਤੋਵ ਨੇ ਅੱਖਾਂ ਸੁੰਗੇੜੀਆਂ। "ਇਹ ਚਾਲ ਨਹੀਂ ਚੱਲਣ ਲਗੀ, ਗੇਨਾਦੀ। ਨਾਲੇ, ਹੁਣ ਸਕੂਲ ਦਾ ਵਕਤ ਹੋ ਗਿਐ।"

* * *

ਘੰਟੀ ਵੱਜਣ ਉਤੇ ਬੋਰਯਾ ਤੇ ਗੇਨਾ ਜਮਾਤ ਦੇ ਕਮਰੇ ਵਿਚ ਆਣ ਵੜੇ। ਨੇਮਾਂ, ਕ੍ਰੰਮਾਂ, ਕਾਪੀਆਂ ਤੇ ਡਾਇਰੀਆਂ ਦੀ **ਸਫ਼ਾਈ** ਵਾਲੇ ਬਹੁਤ ਸਾਰੇ ਮਨੀਟਰਾਂ ਵਿਚੋਂ ਲਿਊਬਾ ਕਾਜ਼ਾਕੋਵਾ ਹੀ ਇਕੋ-ਇਕ ਸੀ, ਜਿਨ੍ਹੇ ਉਹਨਾਂ ਦੇ ਹੱਥਾਂ ਵਿਚ ਲੋੜੋਂ ਬਹੁਤੀ ਦਿਲਚਸਪੀ ਲਈ। ਉਹਨੇ ਉਹਨਾਂ ਦਾ ਇੰਜ ਮੁਆਇਨਾ ਕੀਤਾ, ਜਿਵੇਂ ਉਹਨਾਂ ਉਤੇ ਚੀਨੀ ਚਿੱਤਰ-ਲਿਪੀ ਲਿਖੀ ਪਈ ਹੋਵੇ। ਬਾਕੀ ਦੇ ਮਨੀਟਰ ਆਪੋ ਆਪਣੇ ਡੈਸਕਾਂ ਉਤੇ ਸਨ ਤੇ ਜਮਾਤ ਦਾ ਕਪਤਾਨ ਲੇਵ ਪੋਮੇਰਾਨਚਿਕ ਦੇਰ ਨਾਲ ਆਉਣ ਵਾਲਿਆਂ ਨੂੰ ਮੁੱਕੇ ਉਗਰ ਰਿਹਾ ਸੀ।

"ਪਤਝੜ," ਉਹ ਕਵਿਤਾ, ਜਿਹੜੀ ਉਹਨਾਂ ਘਰੋਂ ਯਾਦ ਕਰ ਕੇ ਆਉਣੀ ਸੀ, ਸੁਣਨ ਦੀ ਥਾਂ (ਸਾਡੇ ਸੂਰਮਿਆਂ ਨੇ ਸੁਖ ਦਾ ਸਾਹ ਲਿਆ), ਸਾਹਿਤ-ਅਧਿਆਪਕਾ ਨੇ ਜਮਾਤ ਨੂੰ ਆਖਿਆ, ਹਰ ਕੋਈ ਆਪਣੀਆਂ ਕਾਪੀਆਂ ਕਢ ਲਵੇ ਤੇ "ਮੈਂ ਮਿਤੱ੍ਰਤਾ ਬਾਰੇ ਕੀ ਪੜ੍ਹਿਆ ਹੈ" ਦੇ ਵਿਸ਼ੇ ਉਤੇ ਇਕ ਲੇਖ ਲਿਖੇ।

ਬਚਿਆਂ ਕੋਲ ਮਿਤੱਰਤਾ ਬਾਰੇ ਕਹਿਣ ਨੂੰ ਕਾਫ਼ੀ ਕੁਝ ਸੀ। ਪਛਾਤੇ ਬਿੰਬਾਂ ਦਾ ਇਕ ਰਾਂਗਲਾ ਵਹਿਣ ਕਾਗਜ਼ ਉਤੇ ਵਹਿ ਆਇਆ।

ਡੈਸਕਾਂ ਦੀਆਂ ਕਤਾਰਾਂ ਵਿਚੋਂ ਹੌਲੀ-ਹੌਲੀ ਲੰਘਦੀ ਅਧਿਆਪਕਾ ਆਪਣੀ ਜਮਾਤ ਦੀਆਂ ਸੋਚਾਂ ਸੋਚ ਰਹੀ ਸੀ। ਕਿਵੇਂ ਉਕਾ ਹੀ ਵਖੋ-ਵਖਰੇ ਚਰਿੱਤਰਾਂ ਵਾਲੇ ਕੁਝ ਮੁੰਡੇ ਕਿਵੇਂ ਇਕ ਦੂਜੇ ਤੋਂ ਨਿਖੱੜ ਨਹੀਂ ਸਕਦੇ। ਮਿਸਾਲ ਦੇ ਤੌਰ ਉਤੇ, ਪਿਛਲੀ ਕਤਾਰ ਵਾਲੇ ਉਹ ਦੋ। ਇਹ ਆਪਣੀ ਕਲਮ ਛੇਤੀ-ਛੇਤੀ ਚਲਾ ਰਿਹਾ ਸੀ, ਉਹਦੇ ਕੋਲ ਆਪ ਹੀ ਆਪ ਹੱਸਣ ਤੇ ਮੁੜ ਕੇ ਆਪਣੇ ਗਵਾਂਢੀ ਨੂੰ ਹੁੱਝ ਮਾਰਨ ਦਾ ਵਕਤ ਵੀ ਹੈ ਸੀ। ਦੂਜਾ ਹੌਲੀ-ਹੌਲੀ ਲਿਖ ਰਿਹਾ ਸੀ, ਘੂਰੀਆਂ ਵਟਦਾ ਤੇ ਪ੍ਰੱਤਖ ਹੀ ਇਕ-ਇਕ ਸ਼ਬਦ ਨਾਲ ਘੁਲਦਾ।



"ਕਾਰਾਤੋਂਵ ਕਾਬਿਲ ਮੁੰਡਾ ਏ," ਅਧਿਆਪਕਾ ਨੇ ਸੋਚਿਆ। "ਬੱਚੇ ਉਹਨੂੰ ਕਾਢਕਾਰ ਸਦਦੇ ਨੇ, ਤੇ ਹਿਸਾਬ ਵਾਲਾ ਅਧਿਆਪਕ ਉਹਨੂੰ ਬਹੁਤ ਚੰਗਾ ਸਮਝਦਾ ਏ। ਉਹ ਉਹਦੀ ਸਾਰੀ ਮਸਖ਼ਰੇਬਾਜ਼ੀ ਤੇ ਬੋਲੇ ਹੋ ਜਾਣ ਦੇ ਚਾਣਚਕ ਪੈਣ ਵਾਲੇ ਦੌਰੇ ਮੁਆਫ਼ ਕਰ ਦੇਂਦਾ ਏ, ਇਹ ਸੋਚਦਾ ਕਿ ਇਹ ਸਾਰਾ ਕੁਝ ਤਸਿਓਲਕੋਵਸਕੀ ਦੀ ਨਕਲ 'ਚ ਹੋ ਰਿਹੈ।"

ਪਰ ਉਹਨੂੰ ਚੁਪੀਤਾ ਮੁੰਡਾ ਬੋਰਯਾ ਸਮੇਲੋਵ ਬਹੁਤਾ ਚੰਗਾ ਲਗਦਾ ਸੀ। ਭਾਵੇਂ ਅਕਸਰ ਉਹ ਆਪਣੇ ਸਵੈ-ਭਰੋਸੇ ਵਾਲੇ ਦੋਸਤ ਦੀ ਗੱਲ ਮੰਨ ਜਾਂਦਾ ਸੀ, ਪਰ ਉਹਦੇ ਸੰਕੋਚ ਪਿਛੇ ਪੱਕਾ ਤੇ ਉਤਸ਼ਾਹੀ ਸੁਭਾ ਮਹਿਸੂਸ ਹੁੰਦਾ ਸੀ। ਉਹ ਪੱਕਾ-ਪੀਡਾ ਤੇ ਛੁਹਲਾ ਸੀ ਤੇ ਕਿਸੇ ਵੀ ਹੋਰ ਮੁੰਡੇ ਵਾਂਗ ਖਪ-ਸ਼ਪ ਪਾ ਸਕਦਾ ਸੀ, ਪਰ ਉਹ ਖਚਰਾ ਨਹੀਂ ਸੀ ਤੇ ਆਪਣੇ ਦੋਸਤਾਂ ਦੀਆਂ ਪਿੱਠਾਂ ਪਿਛੇ ਕਦੀ ਨਹੀਂ ਸੀ ਲੁਕਦਾ।

ਅਧਿਆਪਕਾ ਗੇਨੇ ਤੇ ਬੋਰਯੇ ਨੂੰ ਚੰਗੀ ਤਰ੍ਹਾਂ ਜਾਣਦੀ ਸੀ, ਪਰ ਉਹ ਉਹਨਾਂ ਦੇ ਲੇਖ ਪੜ੍ਹ ਹੈਰਾਨ ਹੋਏ ਬਿਨਾਂ ਨਾ ਰਹਿ ਸਕੀ। ਕਾਰਾਤੋਂਵ ਨੇ ਹੱਕਲਬੇਰੀ ਫ਼ਿਨ ਤੇ ਟਾਮ ਸਾਇਰ ਦੀ ਦੋਸਤੀ ਵਿਸਥਾਰ ਨਾਲ ਦੱਸੀ ਤੇ ਉਹਨਾਂ ਦੀ ਸੁਤੰਤਰਤਾ ਦੀ ਪ੍ਰਸੰਸਾ ਕੀਤੀ: "ਘਰ ਵਿਚ ਸਖ਼ਤ ਜ਼ਾਬਤਾ ਟਾਮ ਨੂੰ ਸੱਲਦਾ ਸੀ। ਪਰ ਜਦੋਂ ਉਹ ਆਪਣੀ ਚਾਚੀ ਦੇ ਘਰੋਂ ਭਜ ਨਿਕਲਿਆ, ਉਹਨੇ ਆਪਣੇ ਦੋਸਤ ਹੱਕ ਨਾਲ ਕੁਝ ਬੜੇ ਕਮਾਲ ਦੇ ਮਾਅਰਕੇ ਮਾਰੇ। ਮੈਨੂੰ ਵਿਸ਼ਵਾਸ ਹੈ ਕਿ ਹੱਕਲਬੇਰੀ ਫ਼ਿਨ ਤੇ ਟਾਮ ਸਾਇਰ ਅਹਿਮ ਆਦਮੀ ਬਣੇ ਹੋਣਗੇ, ਸੈਲਾਨੀ ਜਾਂ ਇੰਜੀਨੀਅਰ। ਤਾਂ ਜੇ ਵਡਿਆਂ ਨੇ ਉਹਨਾਂ ਨੂੰ ਰੋਕਿਆ ਨਾ ਹੋਵੇ, ਜਿਵੇਂ ਉਹ ਕੁਝ ਲੋਕਾਂ ਨੂੰ ਰੋਕਦੇ ਹਨ। "ਇਹ ਕੁਝ ਲੋਕ" ਕੌਣ ਸਨ, ਇਹ ਨਹੀਂ ਸੀ ਦਸਿਆ ਗਿਆ।

ਆਪਣੀ ਵਾਰੀ ਬੋਰਯੇ ਸਮੇਲੋਵ ਨੇ ਬੋਲੇ ਤੇ ਗੂੰਗੇ ਨੌਕਰ ਗੇਰਾਸੀਮ ਤੇ ਉਹਦੇ ਕੁੱਤੇ ਮੂਮੂ * ਦੀ ਟੁੰਬਵੀਂ ਦੋਸਤੀ ਚੁਣੀ ਸੀ। "ਮੈਂ ਮਾਲਕਨ ਦਾ ਕੁੱਤੇ ਨੂੰ ਡੋਬ ਦੇਣ ਦਾ ਹੁਕਮ ਨਹੀਂ ਮੰਨਣਾ ਸੀ," ਬੋਰਯੇ ਨੇ ਲਿਖਿਆ। "ਸਮੁੱਚੇ ਤੌਰ ਉਤੇ, ਕੁਤਿਆਂ ਦਾ ਖਿਆਲ ਰਖਣਾ ਚਾਹੀਦਾ ਹੈ!" ਉਹਨੇ ਲੇਖ ਅਚਾਨਕ ਹੀ ਬੰਦ ਕਰ ਦਿਤਾ।

ਅਧਿਆਪਕਾ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਇਹ ਲਿਖਦਿਆਂ ਮੁੰਡੇ ਦੇ ਮਨ ਵਿਚ ਪਤਝੜ ਰੁੱਤ ਦੇ ਗਿੱਲੇ ਜੰਗਲ ਵਿਚ ਘੁੰਮਦੇ ਇਕ ਇੱਕਲੇ, ਭੁੱਖੇ ਕੁੱਤੇ ਦੀ ਤਸਵੀਰ ਸੀ...



ਸਕੂਲ ਤੋਂ ਪਿਛੋਂ ਦੋਵੇਂ ਦੋਸਤ ਪੈਲੀ ਦੇ ਸਿਰੇ ਵਾਲੇ ਇਸ ਜੰਗਲ ਵਲ ਭੱਜੇ। ਉਹਨਾਂ ਦੇ ਸਕੂਲ ਵਾਲੇ ਬਸਤੇ ਉਹਨਾਂ ਦੇ ਹਥ ਸਨ। ਉਹਨਾਂ ਜੰਗਲ ਦਾ ਬਾਹਰਲਾ ਹਿੱਸਾ ਫੋਲ ਮਾਰਿਆ, ਪਰ ਰਾਕਟ ਦਾ ਕੋਈ ਨਾਂ-ਨਿਸ਼ਾਨ ਨਾ ਲੱਭਾ।

ਫੇਰ ਉਹ ਅਹਿੱਲ ਹੋ ਖਲੋ ਗਏ: ਖੱਡੇ ਵਿਚ ਕੋਈ ਟੁਰ ਰਿਹਾ ਸੀ। ਉਹਨਾਂ ਓਧਰ ਸ਼ੂਟ ਵੱਟੀ ਤੇ ਵੇਖ ਕੇ ਹੈਰਾਨ ਰਹਿ ਗਏ ਕਿ ਇਹ ਲਿਊਬਾ ਸੀ। ਉਹ ਅੱਡੀਆਂ ਭਾਰ ਬੈਠੀ ਰਾਕਟ ਦੇ ਸੜੇ ਹੋਏ ਸਿਰੇ ਨੂੰ ਹੌਲੀ-ਹੌਲੀ ਠਕੋਰ ਰਹੀ ਸੀ।

"ਸਾਡੇ ਹੱਥਾਂ ਦਾ ਮੁਆਇਨਾ ਕਰਨ ਏਥੇ ਵੀ ਆ ਗਈ ਏਂ ?" ਗੇਨਾ ਸ਼ੂਕਰਿਆ ਤੇ ਬੋਰਯੇ ਦੇ ਪਿੱਛੇ-ਪਿਛੇ ਖੱਡੇ ਵਿਚ ਕੁਦ ਪਿਆ।

"ਪਰ ਉਹ ਨਹੀਂ ਏਥੇ!" ਟਕੋਰ ਨਾ ਗੌਲਦਿਆਂ ਉਹ ਬੋਲੀ ਤੇ ਝਾੜੀਆਂ ਫੜ ਉਹ ਖੱਡੇ ਵਿਚੋਂ ਬਾਹਰ ਨਿਕਲ ਆਈ। ਬੋਰਯੇ ਨੂੰ ਪਤਾ ਸੀ, ਉਹਦਾ ਮਤਲਬ ਰੈਗਸ ਤੋਂ ਸੀ, ਭਾਵੇਂ ਲਿਊਬਾ ਨੇ ਉਹਦਾ ਨਾਂ ਨਹੀਂ ਸੀ ਲਿਆ।

ਚੁਲ੍ਹੇ ਵਾਲੀ ਪਾਈਪ ਖਾਲੀ ਸੀ। ਉਹ ਕਾਲਖ਼ ਨਾਲ ਪੋਚੀ ਪਈ ਸੀ, ਉਹਦੇ ਪਾਸਿਆਂ ਉਤੇ ਵੱਢੇ ਪਏ ਹੋਏ ਸਨ, ਪਰ ਗੇਨੇ ਨੂੰ ਉਹਦੇ ਵਿਚ ਤਾਂ ਵੀ ਦਿਲਚਸਪੀ ਸੀ। ਅਜੇ ਜਦੋਂ ਉਹ ਸੋਚ ਰਿਹਾ ਸੀ ਕਿ ਪਾਈਪ ਨੂੰ ਫੇਰ ਵਰਤਿਆ ਜਾ ਸਕਦਾ ਸੀ ਕਿ ਨਹੀਂ, ਉਹਨੂੰ ਆਪਣੇ ਸਿਰ ਉਤੇ ਲਿਊਬਾ ਦੇ ਪੀਲੇ ਬੂਟ ਦਿੱਸੇ। ਉਹਨੇ ਧਿਆਨ ਉਪਰ ਕੀਤਾ।

"ਅਜੇ ਵੀ ਏਥੇ ਵੇਂ ?" ਕੁਦ ਖਲੋਂਦਿਆਂ ਉਹ ਕੂਕਿਆ। "ਨਿਕਲ ਜਾ ਏਥੋਂ। ਨਹੀਂ ਤਾਂ!" ਉਹਨੇ ਲਿਊਬਾ ਨੂੰ ਮੁੱਕਾ ਉਗਰਿਆ।

---

*ਈ. ਤੁਰਗੇਨੇਵ ਦੀ ਇਸੇ ਨਾਂ ਦੀ ਕਹਾਣੀ ਵਿਚੋਂ — ਸੰਪਾ:



"ਮੇਰਾ ਤਾਂ ਤਰਾਹ ਹੀ ਨਿਕਲ ਗਿਐ!" ਗੁੱਤਾਂ ਨੂੰ ਝੁਲਾਰਦਿਆਂ, ਲਿਊਬਾ ਨੇ ਧੌਂਸ ਨਾਲ ਆਖਿਆ।

"ਚਲੀ ਜਾ!" ਗੇਨਾ ਨੇ ਧਮਕਾਂਦਿਆਂ ਹੁਕਮ ਦਿਤਾ। (ਲਿਊਬਾ ਪਿੱਛੇ ਹਟ ਗਈ।) "ਤੇ ਆਪਣਾ ਮੂੰਹ ਠੱਪੀ ਰਖ!"

ਓਧਰ ਬੋਰਯਾ ਜੰਗਲ ਵਿਚ ਰੈਗਸ ਨੂੰ ਲਭ ਰਿਹਾ ਸੀ। ਉਹਨੇ ਹਰ ਖੁੱਡ ਵਿਚ ਝਾਕਿਆ, ਉਹ ਹਿੰਮਤ ਨਾਲ ਕੰਡਿਆਂ ਵਾਲੇ ਛੋਟੇ-ਛੋਟੇ ਫ਼ਰਾਂ ਦੇ ਟਾਪੂਆਂ ਵਿਚੋਂ ਲੰਘਿਆ, ਉਹਨੇ ਆਵਾਜ਼ਾਂ ਦਿਤੀਆਂ ਤੇ ਕੰਨ ਲਾਏ: ਹਰ ਪਲ ਉਹਨੂੰ ਰੈਗਸ ਦੀ ਜਵਾਬੀ ਭੌਂ-ਭੌਂ ਦੀ ਉਡੀਕ ਸੀ...

ਇਕ ਉੱਚੀ ਲਾਲ ਚੀੜ੍ਹ ਹੇਠ ਉਹਨੂੰ ਇਕ ਚਿੱਟਾ ਖਿੱਧੂ ਦਿਸਿਆ। ਉਹਦਾ ਦਿਲ ਤਿਖੇਰੇ ਧੜਕਨ ਲਗ ਪਿਆ; ਉਹ ਲੇਟਿਆ ਪਿਆ ਏ, ਵਿਚਾਰਾ, ਥਕਿਆ-ਟੁਟਿਆ। ਉਹ ਭਜ ਕੇ ਪਹੁੰਚਿਆ ਤੇ ਉਹਨੂੰ ਦਿਸਿਆ, ਉਹ ਮਰੁੰਡਿਆ ਹੋਇਆ ਕਾਗ਼ਜ਼ ਸੀ, ਤੇ ਨਿਰਾਸ ਹੋ ਉਹਨੇ ਉਹਨੂੰ ਠੁੱਡਾ ਕਢ ਮਾਰਿਆ।

ਕਿਤੋਂ ਕਿਸੇ ਰੇਲ-ਇੰਜਨ ਦੀ ਸੀਟੀ ਸੁਣੀਤੀ: ਉਹਨੂੰ ਲਗਿਆ, ਜਿਵੇਂ ਇਹ ਕਿਸੇ ਕੁੱਤੇ ਦੀ ਭੌਂਕਣ ਦੀ ਆਵਾਜ਼ ਹੋਵੇ। ਇੰਜਨ ਨੇ ਪਹਿਲਾਂ ਨਾਲੋਂ ਉਚੀ ਸੀਟੀ ਮਾਰੀ; ਬੋਰਯੇ ਨੇ ਹਉਕਾ ਭਰਿਆ: ਇਹ ਕੁੱਤਾ ਨਹੀਂ ਸੀ।

ਇਕ ਵੱਡਾ ਸਾਰਾ ਭੂਰਾ ਕੁੱਤਾ ਸਰੂਟਾਂ ਵਿਚੋਂ ਸ਼ੂਟ ਵੱਟਦਾ ਉਹਦੇ ਸਾਹਮਣੇ ਆ ਨਿਕਲਿਆ। ਉਹਨੇ ਆਪਣੇ ਦੰਦਾਂ ਵਿਚ ਇਕ ਸੋਟੀ ਫੜ ਲਈ ਤੇ ਬੋਰੀਯੇ ਵਲ ਅਸਲੋਂ ਹੀ ਧਿਆਨ ਕੀਤੇ ਬਿਨਾਂ ਭਜ ਗਿਆ। ਕੋਈ ਆਪਣੇ ਜਰਮਨ ਵਾਗੀ ਕੁੱਤੇ ਨੂੰ ਸਿਖਲਾਈ ਦੇ ਰਿਹਾ ਸੀ।

ਸਾਰੇ ਜੰਗਲ ਵਿਚ ਮੁੰਡੇ ਦੀ ਆਵਾਜ਼ ਨੂੰ ਕਿਸੇ ਵੀ ਹੁੰਗਾਰਾ ਨਾ ਭਰਿਆ। ਵਡਾ ਕੁੱਤਾ ਤਕ ਵੀ ਚੁਪ ਸੀ। ਤੇ ਇੰਜਨ ਹੁਣ ਤਕ ਦੂਰ ਜਾ ਚੁਕਾ ਸੀ।

ਝਰੀਟਿਆ ਤੇ ਖਿਝਿਆ-ਖਪਿਆ ਬੋਰਯਾ ਜੰਗਲ ਦੇ ਸਿਰੇ ਕੋਲ ਪਰਤਿਆ, ਉਹਨੇ ਵੇਖਿਆ, ਉਹਦਾ ਯਾਰ ਅਜੇ ਵੀ ਜੰਗਾਲੀ ਪਾਈਪ ਨੂੰ ਹੱਥਾਂ ਵਿਚ ਫੜੀ ਓਸੇ ਖੱਡੇ ਵਿਚ ਖੜ੍ਹਾ ਸੀ।

"ਓਏ, ਅਜੇ ਏਥੇ ਹੀ ਏਂ ? ਰੈਗਸ ਨੂੰ ਕਿਉਂ ਨਹੀਂ ਲਭ ਰਿਹਾ ?" ਬੋਰਯਾ ਗੁੱਸੇ ਨਾਲ ਬੋਲ ਪਿਆ।

"ਤੂੰ ਤੇ ਤੇਰਾ ਰੈਗਸ!" ਉਹਨੂੰ ਪਰ੍ਹਾਂ ਚਿਕਦਿਆਂ ਉਹਦੇ ਯਾਰ ਨੇ ਸ਼ੂਕਰ ਛੱਡੀ। "ਵੇਖ, ਏਥੇ ਸੀ, ਜਿਥੇ ਨਿਕਾਸ ਰੁਕ ਗਿਆ ਸੀ। ਰਾਕਟ ਤਾਂ ਈ ਡਿਗ ਪਿਆ ਸੀ। ਓਸ ਕੁੜੀ ਨੇ," ਉਹਨੇ ਸਿਰ ਨਾਲ ਓਸ ਪਾਸੇ ਸੈਨਤ ਕਰਦਿਆਂ ਜਿੱਧਰ ਲਿਊਬਾ ਗਈ ਸੀ, "ਸਾਰੇ ਕੁਝ ਦਾ ਢੰਡੋਰਾ ਫੇਰ ਦੇਣਾ ਏ। ਇਹਨੇ ਕਿਵੇਂ ਬੁਝ ਲਿਆ ? ਖ਼ੈਰ, ਕੋਈ ਗੱਲ ਨਹੀਂ। ਵੱਡੀ ਗੱਲ ਕੰਮ ਨੂੰ ਵਿੱਚੇ ਨਾ ਛਡਣਾ ਏਂ। ਅਸੀਂ ਪਾਈਪ ਨੂੰ ਸਾਫ਼ ਕਰ ਲਵਾਂਗੇ ਤੇ ਫੇਰ ਉਪਰ ਘੱਲਾਂਗੇ। ਐਤਕੀਂ ਕੋਈ ਹਾਦਸਾ ਨਹੀਂ ਹੋਣ ਲਗਾ।"

"ਇਹ ਤ੍ਰਾਂ ਤੂੰ ਪਹਿਲੋਂ ਵੀ ਕਿਹਾ ਸੀ। ਪਰ ਸੱਟ ਰੈਗਸ ਨੂੰ ਫੇਰ ਵੀ ਲਗ ਗਈ। ਤੇ ਸਾਨੂੰ ਇਹ ਵੀ ਨਹੀਂ ਪਤਾ, ਉਹ ਕਿੱਥੇ ਏ..."

"ਟੈਸਟ-ਪਾਇਲਟ ਦਾ ਚਰਿਤੱਰ ਲੋਹੇ ਵਰਗਾ ਹੋਣਾ ਚਾਹੀਦੈ," ਗੇਨਾਦੀ ਨੇ ਉਹਦੀ ਗੱਲ ਟੁੱਕੀ। "ਤੇ ਤੂੰ ਕਿਸੇ ਕੁਜਾਤ ਕੁੱਤੇ ਦੇ ਰੋਣੇ ਰੋਈ ਜਾ ਰਿਹੈਂ।"

"ਤੇ ਇਹ ਗੱਲ ਏ ?" ਬੋਰਯਾ ਭੜਕ ਪਿਆ। "ਚੰਗਾ ਫੇਰ, ਟੈਸਟ-ਪਾਇਲਟਾ, ਆਪਣੇ ਪੁਰਾਣੇ ਖੱਡੇ 'ਚ ਬੈਠਾ ਰਹੋ! ਤੇ ਅਜ ਤੋਂ ਮੈਂ ਨਹੀਂ ਤੇਰਾ ਸਹਾਇਕ।"

ਉਹਨੇ ਮੂੰਹ ਭੁਆ ਲਿਆ ਤੇ ਜੰਗਲ ਵਿਚ ਚਲਾ ਗਿਆ।

"ਆਪਣਾ ਬਸਤਾ ਭੁਲ ਗਿਐਂ!" ਗੇਨੇ ਨੇ ਖੱਡੇ ਵਿਚੋਂ ਟਾਹਰ ਮਾਰੀ।

ਬੋਰਯੇ ਨੇ ਮੂੰਹ ਪਿਛਾਂਹ ਨਾ ਕੀਤਾ।

ਗੇਨੇ ਨੂੰ ਹਥ ਵਿਚ ਟੋਪ ਲਈ ਲਿਊਬਾ ਕੋਲ ਜਾਣਾ ਪਿਆ ਤੇ ਉਹਨੂੰ ਕਹਿਣਾ ਪਿਆ ਉਹਦੇ ਦੋਸਤ ਦਾ ਬਸਤਾ ਘਰ ਲੈ ਜਾਵੇ। ਕੁੜੀ ਮਾਨ-ਮੱਤੇ ਕਾਢਕਾਰ ਨੂੰ ਏਡਾ ਬੁੱਝਾ-ਬੁੱਝਾ ਤੇ ਜੀ-ਭਿਆਣਾ ਵੇਖ ਹੈਰਾਨ ਰਹਿ ਗਈ। ਉਹਨੂੰ ਗੁੱਸਾ ਕਰਨ ਤਕ ਦਾ ਵੀ ਚੇਤਾ ਨਾ ਆਇਆ।

"ਚੰਗਾ, ਉਹਨੂੰ ਦੇ ਦਿਆਂਗੀ ਮੈਂ," ਉਹਨੇ ਸਮਝਦਾਰੀ ਨਾਲ ਆਖਿਆ। "ਸਿਰਫ਼ ਵਾਇਦਾ ਕਰ, ਅਸੀਂ ਇਹਨੂੰ 'ਕੱਠੇ ਚਲਾਵਾਂਗੇ।"

ਗੇਨੇ ਨੇ ਚੁਪ-ਚਾਪ ਸਿਰ ਹਿਲਾ ਦਿਤਾ।

ਲਿਊਬਾ ਬਸਤਾ ਸ਼ਾਮੀਂ ਲਿਆਈ। ਜਦੋਂ ਉਹਨੇ ਘੰਟੀ ਵਜਾਈ, ਸਾਰੇ ਦਾ ਸਾਰੇ ਸਮੇਲੋਵ ਪਰਵਾਰ ਬੂਹਾ ਖੋਲ੍ਹਣ ਲਈ ਭਜਿਆ: ਉਹ ਰੈਗਸ ਨੂੰ ਉਡੀਕ ਰਹੇ ਸਨ।

ਪਰ ਰੈਗਸ ਕਦੀ ਵੀ ਘਰ ਨਾ ਆਇਆ।

## ਕੁਤਿਆਂ ਦੀ ਨੁਮਾਇਸ਼ ਵਿਚ

ਜੇ ਕਿਸੇ ਦੇ ਦੋ ਸਭ ਤੋਂ ਪੱਕੇ ਦੋਸਤ ਇਕਦਮ ਹੀ ਖੁਸ ਜਾਣ ਤਾਂ ਉਹਦਾ ਜੀ ਕਿੰਨਾ ਕੁ ਖੁਸਦਾ ਹੋਵੇਗਾ। ਕਿਸੇ ਪੁਰਾਣੇ ਯਾਰ ਕੋਲੋਂ ਲੰਘਦਿਆਂ ਓਪਰਾ ਮੂੰਹ ਬਣਾਣ ਨਾਲ ਦਿਲ ਕਿੰਨਾ ਖ਼ਰਾਬ ਹੁੰਦਾ ਹੋਵੇਗਾ। ਤੇ ਇਹ ਖ਼ਿਆਲ ਤਾਂ ਹੋਰ ਵੀ ਡਾਢਾ ਹੈ ਕਿ ਆਪਣਾ ਦੋਸਤ ਆਪਣੀ ਬੇਵਾਕੂਫ਼ੀ ਨਾਲ ਗੁਆ ਲਿਆ ਹੋਵੇ।



ਜੇ ਤੁਹਾਨੂੰ ਕਦੀ ਪਤਾ ਹੋਵੇ, ਉਹ ਕਿੱਡਾ ਕੁ ਚੰਗਾ ਬੇਲੀ ਸੀ! ਉਹਨਾਂ ਦਾ ਮੇਲ ਪਹਿਲੋਂ ਦਰਿਆ ਵੋਲਗੂਸ਼ਾ ਦੇ ਕੰਢੇ ਹੋਇਆ, ਦਰਿਆ, ਜਿਹੜਾ ਬਾਲ-ਪਾਇਨੀਅਰਾਂ ਦੇ ਹੁਨਾਲ-ਕੈਂਪ ਦੇ ਪਿਛੋਂ ਵਲ ਖਾਂਦਾ ਲੰਘਦਾ ਹੈ। ਬੋਰਯਾ ਤਾਰੀ ਲਾਣ ਗਿਆ ਸੀ ਤੇ ਫੇਰ ਘਰ ਆਪਣੀ ਬੁਨੈਣ ਵਿਚ ਵਲ੍ਹੇਟਿਆ ਪਿਆ ਇਕ ਗੜੁੱਚ, ਕੰਬਦਾ ਕਤੂਰਾ ਲੈ ਪਰਤਿਆ ਸੀ। ਕਤੂਰਾ ਦਰਿਆ ਵਿਚ ਡਿਗ ਪਿਆ ਸੀ, ਜਾਂ ਕਿਸੇ ਜ਼ਾਲਮ ਨੇ ਉਹਨੂੰ ਦਰਿਆ ਵਿਚ ਸੁਟ ਘਤਿਆ ਸੀ, ਇਹਦੀ ਖ਼ਬਰ ਕਿਸੇ ਨੂੰ ਵੀ ਨਹੀਂ ਸੀ। ਬਚਿਆਂ ਨੇ ਉਹਦਾ ਨਾਂ ਰੈਗਸ ਰਖ ਦਿਤਾ। ਉਹਦਾ ਸੁਭਾ ਚੰਗਾ ਸੀ ਤੇ ਉਹਦੇ ਚੌੜੇ ਝੂਲਦੇ ਕੰਨ ਸਨ, ਕਿਸੇ ਤੌਲੀਏ ਵਾਂਗ ਪੋਲੇ। ਬੋਰਯੇ ਨੂੰ ਡਰ ਸੀ, ਉਹਦੇ ਪਿਤਾ ਜੀ ਨੂੰ ਕਤੂਰਾ ਚੰਗਾ ਨਹੀਂ ਲੱਗਣ ਲਗਾ, ਜਿਹਦੀ ਕੋਈ ਖ਼ਾਸ ਨਸਲ ਨਹੀਂ ਸੀ, ਪਰ ਸਮੇਲੋਵ ਨੇ ਕਿਹਾ ਕਿ ਡੱਗ ਕੁੱਤੇ ਸਭਨਾਂ ਕੁਤਿਆ ਨਾਲੋਂ ਵਧ ਦਰਦਵੰਦ ਹੁੰਦੇ ਹਨ।

ਜਦੋਂ ਰੈਗਸ ਵਡਾ ਹੋ ਗਿਆ, ਉਹਦੀ ਥੁੰਨੀ ਕੁਝ ਕੁ ਲਮਕ ਆਈ; ਸਾਫ਼ ਸੀ, ਉਹਦਾ ਕੋਈ ਵਡ-ਵਡੇਰਾ ਸਪਿਟਜ਼ ਹੁੰਦਾ ਸੀ। ਉਹਦੇ ਕੰਨ ਨੁਕੀਲੇ ਤੇ ਖੜਵੇਂ ਹੋ ਗਏ; ਉਹਦੀ ਚਿੱਟੀ ਜੱਤ ਦੀਆਂ ਨਰਮ-ਨਰਮ ਲਹਿਰਾਂ ਬਣੀਆਂ ਹੋਈਆਂ ਸਨ। ਕਿੱਡਾ ਸੁਹਣਾ ਨਿਕਲਿਆ ਉਹ! ਰੈਗਸ ਬਹੁਤ ਹੀ ਸਿਆਣਾ ਕੁੱਤਾ ਸੀ। ਉਹਨੇ ਇਕਦਮ ਹੀ ਸਮਝ ਲਿਆ ਕਿ ਉਹਨੂੰ ਰਸੋਈਏ ਦੇ ਪੈਰਾਂ ਵਿਚ ਨਹੀਂ ਸੀ ਆਉਣਾ ਚਾਹੀਦਾ ਤੇ ਉਹਨੂੰ ਬੋਰਯੇ ਨੂੰ ਤੰਗ ਨਹੀਂ ਕਰਨ ਚਾਹੀਦਾ, ਜਦੋਂ ਉਹ ਹਰੀ ਬੱਤੀ ਜਗਾ ਆਪਣੀਆਂ ਕਿਤਾਬਾਂ ਨਾਲ ਰੁੱਝਾ ਹੋਵੇ। ਪਰ ਜਦੋਂ ਉਹਨੂੰ ਕੁਝ ਚਾਹੀਦਾ ਹੁੰਦਾ, ਉਹ ਆਪਣੇ ਮਾਲਕ ਕੋਲ ਬਹਿ ਜਾਂਦਾ ਤੇ ਆਪਣੇ ਵਲ ਧਿਆਨ ਦਵਾਂਦਾ ਆਪਣੀਆਂ ਚਮਕੀਲੀਆਂ ਨਸਵਾਰੀ ਅੱਖਾਂ ਨਾਲ ਉਹਦੇ ਵਲ ਟੱਕ ਲਾ ਲੈਂਦਾ।

ਉਹਦਾ ਆਪਣਾ ਬਿਸਤਰਾ ਸੀ ਤੇ ਆਪਣਾ ਪਿਆਲਾ। ਉਹਨੂੰ ਪਰਵਾਰ ਦੇ ਸਭਨਾਂ ਦਿਹਾਰਾਂ ਦਾ ਪਤਾ ਸੀ। ਜਦੋਂ ਡਾਕੀਆ "ਮੁਫ਼ਤ ਫ਼ੌਜੀ ਡਾਕ" ਦੀ ਮੁਹਰ ਵਾਲਾ ਨੀਲਾ ਲਫ਼ਾਫ਼ਾ ਲਿਆਂਦਾ, ਰੈਗਸ ਕੁਦਾੜੇ ਮਾਰਦਾ ਤੇ ਭੌਂ-ਭੌਂ ਕਰਦਾ

ਹਾਲ ਵਿਚੋਂ ਦੌੜਦਾ ਲੰਘਦਾ, ਪਰ ਉਹਨੂੰ ਕੋਈ ਵੀ ਨਾ ਝਿੜਕਦਾ। ਉਹ ਸਾਰੇ ਵਡੇ ਕਮਰੇ ਵਿਚ ਇੱਕਠੇ ਹੋ ਜਾਂਦੇ ਤੇ ਯਾਰੋਸਲਾਵ ਸਮੇਲੋਵ ਆਪਣੀ ਐਨਕ ਲਾ ਲੈਂਦਾ ਤੇ ਆਪਣੇ ਵਡੇ ਪੁੱਤਰ, ਸੇਰਗੇਈ, ਦੀ ਚਿੱਠੀ ਉੱਚੀ-ਉੱਚੀ ਪੜ੍ਹਨ ਲਗਦਾ।

ਤੇ ਐਤਵਾਰ! ਰੈਗਸ ਉਹਨਾਂ ਨੂੰ ਅਜਿਹੇ ਚਿੰਨ੍ਹਾਂ ਤੋਂ ਪਛਾਣ ਲੈਂਦਾ, ਜਿਹੜੇ ਸਿਰਫ਼ ਉਹ ਹੀ ਜਾਣਦਾ ਸੀ। ਉਹਨਾਂ ਦੀਆਂ ਆਪਣੀਆਂ ਵਖਰੀਆਂ ਹੁਆੜਾਂ, ਆਪਣੀਆਂ ਆਵਾਜ਼ਾਂ, ਆਪਣੇ ਦਿਲ-ਖਿਚਵੇਂ ਰੰਗ ਸਨ।

ਸਿਆਲਾ ਖਸਤਾ, ਟੁਣਕਦੇ ਦਿਨਾਂ ਦਾ ਵੇਲਾ ਸੀ। ਸੀਤ ਸੂਰਜ ਨੂੰ ਮਿਲਣ ਲਈ ਤਿਲਕਦਿਆਂ ਬੋਰਯੇ ਦੀਆਂ ਸਕ੍ਰੀਆਂ ਬਰਫ਼ ਦੇ ਤਲ ਨੂੰ ਚੀਰਦੀਆਂ ਜਾਂਦੀਆਂ ਤੇ ਰੈਗਸ ਅਗੇ-ਅਗੇ ਭਜਦਾ ਤੇ ਭੌਂਕਣ ਨਾਲ ਸਾਹੋ-ਸਾਹੀ ਹੋਇਆ, ਬਰਫ਼ ਵਿਚ ਰਿੜਦਾ ਜਾਂਦਾ ਤੇ ਏਨੇ ਨੂੰ ਸਕੀਆਂ ਉਹਨੂੰ ਆਣ ਰਲਦੀਆਂ। ਫੇਰ ਉਹ ਕੁਦ ਖਲੋਂਦਾ ਤੇ ਵਡੀਆਂ-ਵਡੀਆਂ ਛਾਲਾਂ ਮਾਰਦਾ, ਉਤਾਂਹ ਆਪਣੇ ਮਾਲਕ ਦੇ ਮੂੰਹ ਵਲ ਵੇਖਦਾ, ਸਕੀਆਂ ਦੇ ਨਾਲ-ਨਾਲ ਭੱਜਣ ਲਗ ਪੈਂਦਾ।

ਹੁਨਾਲੇ ਵਿਚ ਰੇਲ-ਇੰਜਨ ਫਪ-ਫਪ ਕਰਦੇ ਤੇ ਬਿਜਲਈ ਗੱਡੀਆਂ ਘੂੰ-ਘੂੰ। ਤੇ ਰੈਗਸ ਦੂਜਿਆਂ ਦੇ ਨਾਲ ਸੁਰੀਲੇ ਤੇ ਭੀੜ ਵਾਲੇ ਡੱਬੇ ਵਿਚ ਘੁੱਸੜ ਜਾਂਦਾ ਤੇ ਫੇਰ ਉਪ-ਨਗਰੀ ਸਟੇਸ਼ਨ ਦੀ ਫਟਿਆਂ ਵਾਲੀ ਪੌੜੀ ਤੋਂ ਹੇਠਾਂ ਭਜਦਾ, ਤੇ ਅਖ਼ੀਰ ਰੱਸੀ ਛੁਡਾ, ਕਿਸੇ ਰਿੱਛ ਵਾਂਗ ਗੰਭੀਰ ਤੇ ਉਗੜ-ਦੁੱਗੜ, ਚੀੜ੍ਹ ਦੇ ਜੰਗਲ ਵਲ ਭਜ ਪੈਂਦਾ। ਓਥੇ ਉਹ ਭੌਂਕਦਾ, ਗਾਲ੍ਹੜਾਂ ਤੇ ਪੰਛੀਆਂ ਨੂੰ ਡਰਾਂਦਾ, ਘਾਹ ਵਿਚ ਸੁੰਘਦਾ, ਬੋਰਯੇ ਦਾ ਗੁਆਚਾ ਗੇਂਦ ਲਭਦਾ, ਏਧਰ-ਓਧਰ ਨੱਠਾ ਫਿਰਦਾ।

ਹਰ ਕੋਈ ਉਹਦੀ ਖੁਸ਼ੀ ਨੂੰ ਸਮਝਦਾ ਸੀ, ਹਰ ਕੋਈ ਓਨਾ ਹੀ ਖੁਸ਼ ਤੇ ਖੁੱਲ੍ਹਾ ਤੇ ਖਿੜਿਆ-ਖਿੜਿਆ ਹੋਇਆ ਸੀ।

ਤੇ ਇੰਜ ਅਕਸਰ ਸੜਕ ਉਤੇ ਜਾਂ ਸਕੂਲ ਦੇ ਸਾਹਮਣੇ, ਇਕ ਚਉਂ-ਚਉਂ ਕਰਦਾ ਚਿੱਟਾ ਖਿੱਦੋ ਬੋਰਯੇ ਦੇ ਪੈਰਾਂ ਵਿਚ ਆ ਲੁੜਕਦਾ। ਦੰਦੀਆਂ, ਝਰੀਟਾਂ ਤੇ ਜੱਤ ਦੇ ਖੁੱਥੇ ਹੋਏ ਗੁਛਿਆਂ ਤੋਂ ਇਹ ਬੁਝਣਾ ਮੁਸ਼ਕਲ ਨਹੀਂ ਸੀ ਕਿ ਇਹਨਾਂ ਖ਼ਤਰਨਾਕ ਸੜਕਾਂ ਉਤੇ ਲੰਘਣ ਲਈ, ਓਪਰੇ ਫਾਟਕਾਂ ਕੋਲ ਉਡੀਕਣ ਲਈ, ਜਿਥੋਂ ਕਿਸੇ ਵੀ ਪਲ ਕੋਈ ਵਡਾ ਕੁੱਤਾ ਨਿਕਲ ਸਕਦਾ ਸੀ, ਕਿੱਡੇ ਹੱਠ ਦੀ ਲੋੜ ਹੁੰਦੀ ਹੋਵੇਗੀ।

ਉਫ਼, ਬੋਰੀਯੇ, ਤੂੰ ਰੈਗਸ ਦਾ ਪੂਰਾ ਧਿਆਨ ਨਹੀਂ ਰਖਿਆ, ਤੇ ਹੁਣ ਤੂੰ ਕਲ-ਮੁਕੱਲਾ ਸੜਕਾਂ ਉਤੇ ਘੁੰਮਦਾ ਫਿਰਦਾ ਏਂ ਤੇ ਤੈਨੂੰ ਇਹ ਵੀ ਨਹੀਂ ਦਿਸਦਾ ਕਿ ਪਤਝੜ ਰੁੱਤ ਹੋ ਗਈ ਹੋਈ ਏ। ਸੂਰਜ ਚਮਕਾਂ ਮਾਰ ਰਿਹਾ ਹੈ, ਪੈਰਾਂ ਹੇਠ ਪੱਤੇ ਸਰਸਰਾਂਦੇ ਹਨ, ਹਵਾ ਠੰਡੀ ਹੈ ਤੇ ਉਹਦੇ ਵਿਚੋਂ ਹਦਵਾਨੇ ਦੀਆਂ ਛਿੱਲਾਂ ਦੀ ਵਾਸ਼ਨਾ ਆਉਂਦੀ ਹੈ। ਇਹ ਦਸਣਾ ਔਖਾ ਹੈ ਕਿ ਬਹੁਤੇ ਝਮ-ਝਮ ਕਰਦੇ ਤੇ ਬਹੁਤੇ ਰਾਂਗਲੇ ਰੁਖਾਂ ਦੇ ਬੁੰਬਲ ਹਨ, ਜਾਂ ਫਲਾਂ ਦੀਆਂ ਦੁਕਾਨਾਂ ਜਾਂ ਬਾਗ਼ਾਂ ਵਿਚ ਪਤਝੜੀ ਫੁਲ।

ਬੋਰਯੇ ਨੂੰ ਸੜਕਾਂ ਉਤੇ ਸਿਰਫ਼ ਕੁੱਤੇ ਹੀ ਦਿਸਦੇ ਸਨ। ਉਹਨੂੰ ਚਾਣਚਕ ਹੀ ਇਕ ਚੀਜ਼ ਦਾ ਪਤਾ ਲਗਾ। ਸਾਰਿਆਂ ਦੇ ਸਾਰਿਆਂ — ਕਾਲਿਆਂ, ਚਿੱਟਿਆਂ ਤੇ ਲਾਖਿਆਂ — ਨੂੰ ਉਹਨਾਂ ਦੇ ਮਾਲਕ ਇਕੋ ਪਾਸੇ ਲਿਜਾ ਰਹੇ ਸਨ, ਟਰਾਮ ਲਾਈਨ ਤੋਂ ਦੂਜੇ ਪਾਸੇ ਵਾਲੇ ਪਾਰਕ ਵਿਚ। ਉਹ ਹੈਰਾਨ ਹੋ ਰਿਹਾ ਸੀ, ਉਹ ਏਨੇ ਸਾਰੇ ਕਿਉਂ ਸਨ।



ਉਹਦੇ ਕੋਲੋਂ ਇਕ ਮਾਨ-ਮੱਤਾ ਬਲਵਾਨ ਡੇਨ ਲੰਘਿਆ, ਆਪਣੇ ਚੈਮਪੀਅਨਸ਼ਿਪ ਦੇ ਸੁਨਹਿਰੀ ਤਮਗੇ ਛਣਕਾਂਦਾ। ਉਹਨੂੰ ਇਕ ਗੋਭਲੀ ਤੀਵੀਂ ਲਿਜਾ ਰਹੀ ਸੀ, ਜਿਹਦੇ ਹਥ ਵਿਚ ਕਾਨਿਆਂ ਦੀ ਬਣੀ ਇਕ ਟੋਕਰੀ ਸੀ, ਜਿਹੋ ਜਿਹੀ ਬਾਜ਼ਾਰ ਲਿਜਾਈ ਜਾਂਦੀ ਹੈ। ਕੁਝ ਵਿਹਲੜ ਪ੍ਰੇਮੀ ਇਸ ਚਾਰ ਪੈਰਾਂ ਵਾਲੇ ਅਜੂਬੇ ਦੇ ਇਕ-ਇਕ ਪੱਠੇ ਬਾਰੇ ਬਹਿਸ ਕਰਦੇ ਜ਼ਰਾ ਹਟ ਕੇ ਪਿਛੇ-ਪਿੱਛੇ ਆ ਰਹੇ ਸਨ। ਡੇਨ ਦੇ ਕੀਲੇ ਬੋਰਯੇ ਨੂੰ ਪਤਾ ਨਾ ਲੱਗਾ, ਉਹ ਪਾਰਕ ਵਿਚ ਕੁਤਿਆਂ ਦੀ ਨੁਮਾਇਸ਼ ਵਿਚ ਕਿਵੇਂ ਆ ਪੁੱਜਾ ਸੀ।

ਖੁਲ੍ਹੇ ਮੈਦਾਨ ਉਤੇ ਕੁਝ ਚਿੱਟੇ ਤੇ ਹਰੇ ਝੰਡੇ ਝੂਲ ਰਹੇ ਸਨ, ਜਿਨ੍ਹਾਂ ਉਤੇ ਭਟਿੱਟਰ ਤੇ ਰੋਝ ਦੇ ਸਿਰਾਂ ਦੀਆਂ ਤਸਵੀਰਾਂ ਸਨ, ਤੇ ਭੌਂ-ਭੌਂ ਕਰਦੇ ਕੁਤਿਆਂ ਨੇ ਉਧੜ-ਧੁੰਮੀ ਚੁੱਕੀ ਹੋਈ ਸੀ। ਬੋਰਯਾ ਚੁੰਧਿਆ ਗਿਆ: ਹਰ ਸੰਭਵ ਨਸਲ ਦੇ ਏਨੇ ਸਾਰੇ ਕੁੱਤੇ! ਵਲਦਾਰ, ਲੰਮੀਆਂ ਲੱਤਾਂ ਵਾਲੇ ਰੂਸੀ ਸ਼ਿਕਾਰੀ ਕੁੱਤੇ ਛੋਟੇ-ਛੋਟੇ ਮੇਜ਼ਾਂ 'ਤੇ ਬੈਠੇ ਜੱਜਾਂ ਅਗੋਂ ਲੰਘਾਏ ਗਏ। ਜੇ ਇਹਨਾਂ ਵਿਚੋਂ ਕਿਸੇ ਇਕ ਨੂੰ ਖੋਲ੍ਹ ਦਿਤਾ ਜਾਵੇ, ਤਾਂ ਉਹ ਤੀਰ ਵਾਂਗ ਉਡ ਪਵੇਗਾ, ਸ਼ੂਕਰ ਛਡਦਾ ਹਵਾ ਨੂੰ ਚੀਰਦਾ ਜਾਏਗਾ ਤੇ ਕਿਸੇ ਖ਼ਰਗੋਸ਼, ਲੂੰਮੜੀ ਜਾਂ ਬਘਿਆੜ ਨੂੰ ਜਾ ਫੜੇਗਾ। 'ਗੋਲੀ ਵਰਗਾ ਕੁੱਤਾ', ਕੁਤਿਆਂ ਦੇ ਪਰੇਮੀਆਂ ਨੇ ਪ੍ਰਸਿਧ ਰੂਸੀ ਬੋਰਜ਼ੋਈ ਦੇ ਸਿਲਸਲੇ ਵਿਚ



ਸਤਿਕਾਰ ਨਾਲ ਆਖਿਆ ਤੇ ਉਹਨਾਂ ਦੇ ਨਕੜਦਾਦਿਆਂ ਤੇ ਨਕੜ-ਦਾਦੀਆਂ ਤਕ ਇਕ-ਇਕ ਦੀ ਨਸਲ ਵਿਚਾਰੀ।

ਸ਼ਾਇਦ ਕੁਤਿਆਂ ਦੇ ਇਹ ਸਾਰੇ ਪਰੇਮੀ ਸ਼ਿਕਾਰੀ ਸਨ। ਉਹਨਾਂ ਵਿਚ ਖਲੋਤਾ ਬੋਰਯਾ ਕੁਤਿਆਂ ਦਾ ਮਾਹਿਰ ਹੋ ਗਿਆ। ਜੱਤਲ, ਛੋਟੀਆਂ ਛੋਟੀਆਂ ਟੰਙਾਂ ਵਾਲੇ ਕੁੱਤੇ, ਸਪੇਨੀਅਲ, ਜਿਹੜੇ ਪਿਛੋਂ ਆਏ, ਬੋਰਜ਼ੋਈਆਂ ਤੋਂ ਪਿਛੋਂ, ਹੁਣੇ ਹੁਣੇ ਆਪਣੇ ਪੜਾਵੇ ਲਾਹ ਕੇ ਆਏ ਲਗਦੇ ਸਨ। ਇਹਨਾਂ ਛੋਟੇ-ਛੋਟੇ ਸਪੇਨਿਆਰਡਾਂ ਦੇ ਕੰਨ ਜ਼ਮੀਨ ਤਕ ਲਮਕੇ ਹੋਏ ਸਨ ਤੇ ਇਹਨਾਂ ਦੀਆਂ ਨਿੱਕੀਆਂ-ਨਿੱਕੀਆਂ ਪੂਛਲਾਂ ਘੜੀ ਦੇ ਪੈਂਡੂਲਮ ਵਾਂਗ ਅਣਥਕ ਹੋ ਹਿਲ ਰਹੀਆਂ ਸਨ।

ਚੱਕਰ ਦੁਆਲੇ ਅਗ ਵਰਗੇ ਸੂਹੇ ਈਰੀਸ਼ ਸੈਟਰ ਤੇ ਪੁਆਇੰਟਰ ਟੁਰ ਰਹੇ ਸਨ, ਇੰਜ ਗਠੇ ਹੋਏ ਜਿਵੇਂ ਖਿਡਾਰੀ। ਤਾਰਾਂ ਵਰਗੇ ਵਾਲਾਂ ਵਾਲੇ ਝਾਊ ਕੁੱਤੇ, ਹੁਸ਼ਿਆਰ ਤੇ ਨਿੱਡਰ ਕੁੱਤੇ ਨੱਪੀ-ਨੱਪੀ ਚਾਲੇ ਜਾ ਰਹੇ ਸਨ, ਉਹਨਾਂ ਦੀਆਂ ਥੂੰਨੀਆਂ ਕੁਹਾੜੀਆਂ ਵਰਗੀਆਂ ਲਗਦੀਆਂ ਸਨ। ਤੇ ਕੂਲੇ ਕਾਲੇ ਡੈਕਸਸ਼ੁੰਡ, ਜਿਨ੍ਹਾਂ ਨੂੰ ਬੋਰਯਾ ਹੁਣ ਤਕ ਵਿਹਲੜ ਤੇ ਅਜੀਬ ਸਮਝਦਾ ਰਿਹਾ ਸੀ, ਆਪਣੀਆਂ ਵਿੰਗੀਆਂ-ਤੜਿੰਗੀਆਂ ਪਰ ਮਜ਼ਬੂਤ ਲੱਤਾਂ ਉਤੇ ਆਪਣੇ ਆਪ ਨੂੰ ਅਡੋਲ ਸ਼ਾਨ ਨਾਲ ਲਿਜਾ ਰਹੇ ਸਨ। ਉਹਨਾਂ ਦੇ ਮਾਲਕਾਂ ਨੇ ਜੱਜਾਂ ਦੀ ਟੋਲੀ ਨੂੰ ਟਰਾਫ਼ੀਆਂ — ਬਿੱਜੂਆਂ ਤੇ ਲੂੰਮੜੀਆਂ — ਦੀ ਲੰਮੀ ਸੂਚੀ ਦਿਤੀ,









ਜਿਹੜੇ ਤੁੰਦ ਦੈਕਸਸ਼ੁੰਡਾਂ ਨੇ ਉਹਨਾਂ ਦੇ ਘੁਰਨਿਆਂ ਵਿਚੋਂ ਕਢ ਲਿਆਂਦੇ, ਜਾਂ ਸ਼ਿਕਾਰੀਆਂ ਦੀ ਗੋਲੀ ਲਈ ਬਾਹਰ ਭਜਾ ਲਿਆਂਦੇ ਸਨ।

ਹਾਂ, ਦੈਕਸਸ਼ੁੰਡਾਂ ਨੇ ਬੋਰਯੇ ਨੂੰ ਸਚੀ ਮੁਚੀ ਹੀ ਦੰਗ ਕਰ ਛਡਿਆ। ਜਦੋਂ ਉਹਨੇ ਤੇਜ਼ ਕੰਨਾਂ ਤੇ ਪਿਠ ਉਤੇ ਵਲ ਖਾ ਰਹੀਆਂ ਪੂਛਲਾਂ ਵਾਲੇ ਖ਼ੁਸ਼ ਚਿੱਟੇ ਗੁਦਗੁਦੇ ਕੁੱਤੇ ਵੇਖੇ, ਉਹਦੇ ਦਿਲ ਵਿਚ ਚੀਸ ਪਈ। ਉਹਨਾਂ ਨੂੰ ਵੇਖ ਉਹਨੂੰ ਆਪਣਾ ਗੁਆਚਿਆ ਰੈਗਸ ਚੇਤੇ ਆ ਜਾਂਦਾ।

"ਇਹ ਸਾਰੇ ਨਿਕਚੂ ਨੇ!" ਫਿੱਟੇ ਰੰਗ, ਪੁਰਾਣੇ ਫ਼ੈਸ਼ਨ ਦੀ ਫ਼ੌਜੀ ਟੋਪੀ ਵਾਲੇ ਇਕ ਬੁੱਢੇ ਨੇ ਮੁੰਡੇ ਦੀਆਂ ਸੋਚਾਂ ਦਾ ਸਿਲਸਲਾ ਰੋਕ ਦਿਤਾ। "ਜੇ ਸਚੀ ਮੁਚੀ ਕੋਈ ਵੇਖਣ ਵਾਲੀ ਚੀਜ਼ ਵੇਖਣੀ ਆ, ਤਾਂ ਸ਼ਿਕਾਰ ਵਾਲੇ ਮੰਡਪ 'ਚ ਚਲ ਵਿਖਾਵਾਂ ਤੈਨੂੰ?" ਉਹ ਬੋਰਯੇ ਨੂੰ ਆਪਣੇ ਨਾਲ ਸ਼ਿਕਾਰ ਦੇ ਸਾਜ਼-ਸੰਦਾਂ ਵਾਲੇ ਮੰਡਪ ਵਲ ਖਿਚ ਲੈ ਗਿਆ।



ਦੋ-ਨਾਲੀਆਂ ਬੰਦੂਕਾਂ ਤੇ ਲੰਮੇ ਚਾਕੂ ਕੰਧਾਂ ਉਤੇ ਲਮਕ ਰਹੇ ਸਨ; ਮੇਜ਼ਾਂ ਉਤੇ ਰਬੜ ਦੇ ਬੂਟ ਤੇ ਜੰਗਲੀ ਪੰਖੇਰੂਆਂ ਲਈ ਫਾਹੀਆਂ ਤੇ ਥੈਲੇ ਪਏ ਸਨ; ਤੇ ਫਾਟਕ ਕੋਲ ਇਕ ਬਹੁਤ ਵਡਾ ਨਸਵਾਰੀ ਰਿਛ ਖੜਾ ਸੀ। ਉਹਦੀ ਸੰਘਣੀ ਜੱਤ ਸੀ ਤੇ ਉਹਨੂੰ ਵੇਖ ਕੇ ਡਰ ਲਗਦਾ ਸੀ। ਉਹ ਆਪਣੇ ਘੁਰਨੇ ਵਿਚੋਂ ਨਿਕਲ ਸਿੱਧਾ ਸ਼ਿਕਾਰੀ ਨੂੰ ਪੈ ਰਿਹਾ ਸੀ, ਜਿਹੜਾ ਘੋੜੇ ਉਤੇ ਹਥ ਰੱਖੀ ਖਲੋਤਾ ਸੀ।



"ਛੇ ਫੁੱਟਾਂ ਤੋਂ ਵੀ ਲੰਮਾ ਏ!" ਬੁੱਢੇ ਨੇ ਫੀਤਾ ਝੁਲਾਂਦਿਆਂ ਨਾਲ-ਨਾਲ ਆਖਿਆ। "ਤੇ ਪੰਜੇ — ਦੋ-ਦੋ ਇੰਚ ਲੰਮੇ! ਇਹ ਹੋਇਆ ਨਾ ਕਦ-ਬੁਤ! ਤੇਰਾ ਕੋਈ ਨਿਕਚੂ ਕੁੱਤਾ ਨਹੀਂ ਇਹ!"

"ਪਰ ਰਿੱਛ ਨੂੰ ਫੜਿਆ ਤੇ ਕੁਤਿਆਂ ਨੇ ਈ ਸੀ," ਬੋਰਯੇ ਨੇ ਆਖਿਆ।

"ਰਿੱਛ ਸ਼ਿਕਾਰੀ ਨੇ ਮਾਰਿਆ ਸੀ!" ਬੁੱਢਾ ਅੜਿਆ ਰਿਹਾ।

"ਏਥੇ ਲਿਖਿਆ ਹੋਇਐ," ਬੋਰਯੇ ਨੇ ਕੁਤਿਆਂ ਦੀ

ਇੱਜ਼ਤ ਦੀ ਰਾਖੀ ਜਾਰੀ ਰਖੀ। "ਇਸ ਰਿੱਛ ਨੂੰ ਨੋਵਗੋਰਦ ਤੋਂ ਨੇੜੇ ਮਾਸਕੋ ਸ਼ਿਕਾਰੀ ਸਭਾ ਦੇ ਇਕ ਮੈਂਬਰ, ਸਤੇਲਨੀਕੋਵ, ਨੇ ਹਸਕੀਆਂ ਜ਼ਵੋਨਕਾਯਾ ਤੇ ਦਰੂਜ਼ਨਾਯਾ ਦੀ ਸਹਾਇਤਾ ਨਾਲ ਮਾਰਿਆ।"

"ਠੀਕ ਏ, ਜੇ ਲਿਖਿਆ ਹੀ ਹੋਇਐ, ਤਾਂ ਤੂੰ ਠੀਕ ਕਹਿ ਰਿਹੈਂ," ਬੁੱਢਾ ਮੰਨ ਗਿਆ। "ਪਰ ਤੂੰ ਠੀਕ ਕੁੱਤੇ ਨਹੀਂ ਵੇਖੇ। ਸੇਵਾ ਵਾਲੇ ਕੁੱਤੇ, ਸਚੀ ਮੁਚੀ ਹੀ ਆਪਣਾ ਜਵਾਬ ਆਪ ਹੁੰਦੇ ਨੇ।"



ਸੇਵਾ ਵਾਲੇ ਕੁਤਿਆਂ ਦੇ ਹਿੱਸੇ ਵਿਚ, ਬੁੱਢੇ ਨੂੰ ਆਪਣਾ ਫੀਤਾ ਵਰਤਣ ਦੀ ਮੁਹਲਤ ਨਾ ਮਿਲੀ। ਓਥੇ ਹਰ ਚੀਜ਼ ਹਰਕਤ ਵਿਚ ਸੀ। ਗੁਦਾਮਾਂ ਦੇ ਜੰਦਰਿਆਂ ਵਰਗੇ ਜਬਾੜਿਆਂ ਵਾਲੇ ਬਾਕਸਰਾਂ ਨੇ ਰੋਕਾਂ ਵਾਲਾ ਰਾਹ, ਜੇ ਉਹਨਾਂ ਦੇ ਵਡੇ ਜੁੱਸੇ ਨੂੰ ਮੁਖ ਰਖਿਆ ਜਾਵੇ, ਹੈਰਾਨ ਕਰ ਦੇਣ ਵਾਲੀ ਫੁਰਤੀ ਨਾਲ ਪਾਰ ਕੀਤਾ। ਉਹ ਮਟਕ ਨਾਲ ਗੋਲੀ ਦੇ ਨਾਲ-ਨਾਲ ਭੱਜੇ ਜਾਂਦੇ, ਟੋਇਆਂ ਉਤੋਂ ਉਡ ਕੇ ਪਾਰ ਹੋ ਜਾਂਦੇ, ਪਲਾਕੀ ਮਾਰ ਉਚੀ ਕੰਧ ਉਤੇ ਚੜ੍ਹ ਜਾਂਦੇ ਤੇ ਉਹਨਾਂ ਛੇ ਫੁਟ ਦੀ ਉਚਾਈ ਤੋਂ ਛਾਲਾਂ ਮਾਰੀਆਂ ਤੇ ਦਰਸ਼ਕ ਉਤਸ਼ਾਹ ਨਾਲ ਤਾੜੀਆਂ ਵਜਾਣ ਲਗ ਪਏ।

ਨੇੜੇ ਹੀ, ਇਕ ਜੰਗਲੇ ਪਿਛੇ ਮੋਟੀ ਰੂੰ-ਭਰੀ ਜੈਕਟ ਤੇ ਆਮ ਨਾਲੋਂ ਲੰਮੀਆਂ ਬਾਹਵਾਂ ਵਾਲਾ ਇਕ ਆਦਮੀ ਹੌਲੀ-ਹੌਲੀ ਟੁਰ ਰਿਹਾ ਸੀ।



"ਫੜ ਲੈ ਸੂ!" ਕਾਨਿਆਂ ਦੀ ਟੋਕਰੀ ਵਾਲੀ ਉਸ ਤੀਵੀਂ ਨੇ ਹੁਕਮ ਦਿਤਾ, ਜਿਹਨੂੰ ਬੋਰਯੇ ਨੇ ਪਹਿਲੋਂ ਵੇਖਿਆ ਸੀ। ਤੇ ਵਛੇਰੇ ਜਿੱਡਾ ਵਡਾ, ਮਹਾਨ ਡੇਨ ਕੁਝ ਹੀ ਛਲਾਂਗਾਂ ਵਿਚ "ਚੋਰ" ਕੋਲ ਜਾ ਪੁਜਿਆ, ਉਹਨੂੰ ਉਹਨੇ ਢਾਹ ਲਿਆ ਤੇ ਜੇਤੂਆਂ ਵਾਂਗ ਆਪਣਾ ਭਾਰਾ ਪੰਜਾ ਉਹਦੇ ਉਤੇ ਰਖ ਦਿਤਾ। ਸਾਰਿਆਂ ਨੂੰ ਦਿੱਸਣ ਲਗ ਪਿਆ ਕਿ ਛੇਤੀ ਹੀ ਕੁੱਤੇ ਦੇ ਗੱਲ ਦੁਆਲੇ ਸੋਨੇ ਦਾ ਇਕ ਹੋਰ ਤਮਗਾ ਛਣਕ ਰਿਹਾ ਹੋਵੇਗਾ।

ਫੌਜੀ ਟੋਪੀ ਵਾਲੇ ਬੁੱਢੇ ਨੇ ਜਦੋਂ ਸੁਣਿਆ ਕਿ ਬੋਰਯਾ ਪਿਸਤੇ ਕੁੱਤੇ ਵੇਖਣਾ ਚਾਹੁੰਦਾ ਸੀ, ਉਹ ਮੁੰਡੇ ਤੋਂ ਵਖ ਹੋ ਗਿਆ।

"ਭੰਨਕਟ, ਜੀਵਾਣੂ।" ਉਹਨੇ ਹਥ ਮਾਰਿਆ ਤੇ ਟੁਰ ਪਿਆ।

ਗੋਲ ਮੰਡਪ ਦੇ ਪਿਛੋਂ ਬਹੁਤ ਸਾਰੀਆਂ ਟੱਲੀਆਂ ਦੀ ਟੰਨ-ਟੰਨ ਵਾਂਗ ਭੌਂ-ਭੌਂ ਦਾ ਕੋਰਸ ਸੁਣੀਤਾ। ਮੁੰਡਿਆਂ ਦੀ ਇਕ ਟੋਲੀ ਖੁਲ੍ਹੇ ਬੂਹੇ ਵਿਚ ਟੱਪ ਰਹੀ ਸੀ, ਮੂੰਹ ਬਣਾ ਗੌਂ ਰਹੀ ਸੀ:

ਕੁੱਤਾ ਕਦੇ ਕੋਈ ਜੇ ਡਿੱਠਾ
ਹੋਵੇ ਡੱਡੂ ਵਾਂਗਰ ਗਿੱਠਾ?
ਬੱਲੇ ਵਈ, ਕਮਾਲ ਕਤੂਰਾ:
ਵਿਚ ਪਿਆਲੇ ਆਵੇ ਪੂਰਾ!

ਮੁੰਡੇ ਵਧਾ-ਚੜ੍ਹਾ ਉਕਾ ਹੀ ਨਹੀਂ ਸਨ ਰਹੇ! ਮੰਡਪ ਦੇ ਅਧ-ਵਿਚਕਾਰ ਜੱਜਾਂ ਵਾਲੇ ਮੇਜ਼ ਦੇ ਸਾਹਮਣੇ ਇਕ ਆਦਮੀ ਨੇ ਇਕ ਨਿਕ-ਮੁਨਿਕੀ ਮੁਸ਼ਕੀ ਕੁੱਤੀ ਤਲੀ ਉਤੇ ਚੁੱਕੀ ਹੋਈ ਸੀ। ਕੁੱਤੀ ਦੀਆਂ ਅੱਖਾਂ ਬਾਹਰ ਵਲ ਨੂੰ ਨਿਕਲੀਆਂ ਹੋਈਆਂ ਸਨ। ਜਿਵੇਂ ਹੀ ਉਹਨੇ ਕੁੱਤੀ ਨੂੰ ਫ਼ਰਸ਼ ਉਤੇ ਟਿਕਾਇਆ, ਉਹਨੇ ਹਵਾ ਵਿਚ ਉਚੀ ਛਾਲ ਮਾਰੀ—ਸਚੀ ਮੁਚੀ ਹੀ, ਇੰਜ ਜਿਵੇਂ ਕਿਸੇ ਮੱਖੀ ਨੂੰ ਸੰਗਲੀ ਪਾ ਰੱਖੀ ਹੋਵੇ! ਜੱਜਾਂ ਨੇ ਆਪਣਾ ਮੂੰਹ ਸਿੱਧਾ ਕਿਵੇਂ ਰੱਖੀ ਰਖਿਆ, ਇਹਦੀ ਸਮਝ ਨਹੀਂ ਸੀ ਪੈਂਦੀ।

ਤੇ ਫੇਰ ਪਿੜ ਵਿਚ ਇਕ ਅਜੀਬ ਜਾਨਵਰ ਆਇਆ, ਉਹ ਇੰਜ ਜੱਤੋ-ਜਤ ਸੀ ਕਿ ਪਤਾ ਨਹੀਂ ਸੀ ਲਗਦਾ, ਉਹਦਾ ਸਿਰ ਕਿਹੜਾ ਸੀ ਤੇ ਪੂਛਲ ਕਿਹੜੀ। ਉਹਨੇ ਘੁਰਕੀ ਛੱਡੀ ਤੇ ਮੂੰਹ ਖੋਲ੍ਹਿਆ, ਜਿਸ ਤੋਂ ਪਤਾ ਲੱਗਾ ਕਿ ਉਹਦੀਆਂ ਲੰਮੀਆਂ-ਲੰਮੀਆਂ ਮੁੱਛਾਂ ਤੇ ਦਾੜ੍ਹੀ ਸੀ। ਬੋਰਯੇ ਦਾ ਹਾਸਾ ਛੁੱਟ ਪਿਆ ਤੇ ਉਹਨੂੰ ਇਕਦਮ ਹੀ ਸਭ ਤੋਂ ਨੇੜੇ ਵਾਲੇ ਦਰਵਾਜ਼ੇ ਤੋਂ ਬਾਹਰ ਕਢ ਦਿਤਾ ਗਿਆ। ਮਿੰਟ ਪਿਛੋਂ ਉਹ ਮੰਡਪ ਦੇ ਬਾਹਰ ਟਪੋਸੀਆਂ ਮਾਰ ਰਿਹਾ ਸੀ, ਮੁੰਡਿਆਂ ਦੀ ਇਕ ਮੌਜੀ ਟੋਲੀ ਨਾਲ ਰਲ ਗਾਉਂਦਾ ਜੱਜਾਂ ਨੂੰ ਚੈਮਪੀਅਨ ਕੁੱਤਾ ਚੁਣਦਿਆਂ ਟੋਕ ਰਿਹਾ ਸੀ:

ਕੈਂਚੀ ਕਰ ਲੈ ਤੇਜ਼ ਉਹ ਨਾਈਆ;
ਗਾਹਕ ਹੀ ਆਇਆ ਅਜਬ ਤਰ੍ਹਾਂ ਦਾ।
ਮੁੱਛਾਂ ਉਹ ਕਟਾਣੀਆਂ ਚਾਹਵੇ,
ਨਾਲੇ ਸ਼ੈਦ ਦਾੜ੍ਹੀ ਬਣਵਾਵੇ।
ਹਾ, ਹਾ, ਹਾ, ਹੀ, ਹੀ, ਹੀ!
ਕੁੱਤਾ ਤਕਿਆ, ਮਜ਼ੇਦਾਰ ਜੀ!

"ਰਹਿਣ ਦੇ ਤੂੰ!" ਕੋਈ ਬੋਰਯੇ ਦੇ ਪਿੱਠ ਪਿਛੇ ਬੋਲਿਆ। "ਇਹ ਬੜਾ ਤਕੜਾ ਤੇ ਹੱਠਲ ਕੁੱਤਾ ਏ।"

ਬੋਰਯੇ ਨੇ ਸਿਰ ਭੁਆਇਆ। ਮੁਸ਼ਕੀ ਕੁੱਤੇ ਦੇ ਹੱਕ ਵਿਚ ਬੋਲਣ ਵਾਲਾ ਪਹਿਲੀ ਨਜ਼ਰੇ ਕੋਈ ਵਿਦਿਆਰਥੀ ਲਗਦਾ ਸੀ। ਉਹ ਪਤਲਾ-ਪਤੰਗ ਸੀ, ਉਹਦੀ ਕਮੀਜ਼ ਗਲਮੇ ਤੋਂ ਖੁਲ੍ਹੀ ਹੋਈ ਸੀ ਤੇ ਐਨਕ

ਦੇ ਮੋਟੇ ਸ਼ੀਸ਼ਿਆਂ ਪਿਛੋਂ ਉਹਦੀਆਂ ਖ਼ੁਸ਼ ਅੱਖਾਂ ਟਿਮਕ ਰਹੀਆਂ ਸਨ। ਹੁਨਾਲ ਰੁੱਤ ਦਾ ਕੋਟ ਪਾਈ, ਗੋਲ-ਮਟੋਲ ਗੁਲਾਬੀ ਮੂੰਹ ਵਾਲੀ ਉਹਦੀ ਸਾਥਨ ਵੀ ਵਿਦਿਆਰਥਨ ਹੀ ਲਗਦੀ ਸੀ।

ਪਰ ਸ਼ਾਇਦ ਉਹ ਵਿਦਿਆਰਥੀ ਨਹੀਂ ਸਨ, ਕਿਉਂ ਜੁ ਛਾਤੀ ਉਤੇ ਲਾਲ ਰਿਬਨ ਵਾਲਾ ਇਕ ਜੱਜ ਉਹਨਾਂ ਦੇ ਨਾਲ-ਨਾਲ ਸੀ।

"ਇਹ ਚਿੱਚੜ ਮੁੰਡੇ! ਸਦਾ ਹੀ ਮੰਡਲਾਂਦੇ ਰਹਿੰਦੇ ਨੇ ਤੇ ਰਾਹ 'ਚ ਆਉਂਦੇ ਰਹਿੰਦੇ ਨੇ!" ਜੱਜ ਨੇ ਉੱਚੀ ਸਾਰੀ ਆਪਣੇ ਮਹਿਮਾਨਾਂ ਨੂੰ ਆਖਿਆ। "ਆਓ ਤੁਹਾਨੂੰ ਮੈਂ ਬਹੁਤੀ ਦਿਲਚਸਪ ਚੀਜ਼ ਵਿਖਾਵਾਂ।"

"ਮੈਂ ਇਕ ਝਾਊ ਕੁੱਤਾ ਤਾਂ ਇਕਦਮ ਖ਼ਰੀਦ ਲਵਾਂਗਾ," ਕੁੜੀ ਵਲ ਮੂੰਹ ਕਰਦਿਆਂ, ਨੌਜਵਾਨ ਮੁੰਡੇ ਨੇ ਅਡੋਲ ਆਵਾਜ਼ ਵਿਚ ਆਖਿਆ। "ਪਰ ਅਸੀਂ ਏਨੇ ਪੈਸੇ ਨਹੀਂ ਦੇ ਸਕਦੇ। ਏਨੇ ਪੈਸਿਆਂ ਨਾਲ ਅਸੀਂ ਚਾਰ ਕੁੱਤੇ ਖਰੀਦਣੇ ਨੇ। ਤੋਬਾ, ਸਾਡਾ ਖਜ਼ਾਨਚੀ ਵੀ ਕਿੰਨਾ ਕੰਜੂਸ ਏ!"

ਬੋਰਯੇ ਨੇ ਗੱਲ-ਬਾਤ ਦੇ ਇਹ ਟੋਟੇ ਅੱਧੇ ਧਿਆਨ ਨਾਲ ਸੁਣੇ ਤੇ ਫੇਰ ਛਾਲਾਂ ਮਾਰਦਾ ਮੰਡਪ ਵਲ ਹੋ ਪਿਆ। ਜੇ ਕਦੀ ਉਹਨੂੰ ਪਤਾ ਹੁੰਦਾ, ਇਹ ਲੋਕ ਕੌਣ ਸਨ ਤੇ ਉਹਨਾਂ ਉਹਦੇ ਗੁਆਚੇ ਦੋਸਤ ਰੈਗਸ ਦੀ ਜ਼ਿੰਦਗੀ ਵਿਚ ਕਿਹੜਾ ਰੋਲ ਅਦਾ ਕਰਨਾ ਸੀ! ਪਰ ਉਹਨੂੰ ਛੇਤੀ ਹੀ ਉਹਨਾਂ ਬਾਰੇ ਸਭ ਕੁਝ ਵਿਸਰ ਗਿਆ। ਉਹ ਹੋਰਨਾਂ ਬਚਿਆਂ ਨਾਲ ਹਸਦਾ-ਹਸਾਂਦਾ ਧਮਾਲ ਪਾਂਦਾ ਫਿਰਿਆ।

ਪਰ ਕੁੱਤੇ ਦੇ ਮਾਲਕ ਸਮਝ ਗਏ ਕਿ ਇਹ ਦੋਵੇਂ ਕੋਈ ਆਮ ਦਰਸ਼ਕ ਨਹੀਂ ਸਨ, ਕਿਉਂ ਜੁ ਜੱਜ ਉਹਨਾਂ ਨੂੰ ਤਮਗ਼ੇ ਜਿੱਤਣ ਵਾਲੇ ਤੇ ਚੈਮਪੀਅਨ ਕੁੱਤੇ ਆਪ ਵਿਖਾ ਰਿਹਾ ਸੀ।

"ਹਾਂ, ਇਹ ਵੇਖੋ ਖਾਂ?" ਜੱਜ ਆਪਣੇ ਸਾਥੀਆਂ ਨੂੰ ਆਰਾਮ ਨਾਲ ਇਕ ਨੁਕਰੇ ਬੈਠੇ ਇਕ ਜਰਮਨ ਵਾਗੀ-ਕੁੱਤੇ ਕੋਲ ਲਿਆਇਆ। "ਵਧੀਆ ਨਸਲ ਦਾ ਏ। ਪੰਜ ਸੋਨੇ ਦੇ ਤੇ ਇਕ ਚਾਂਦੀ ਦੇ 'ਗਰਾਂਦ' ਤਮਗ਼ੇ ਵਾਲਾ।"



"ਬਹੁਤ ਸੁਹਣਾ ਕੁੱਤਾ ਏ!" ਮੰਨੇ-ਪ੍ਰਮੰਨੇ ਕੁੱਤੇ ਵਲ ਆਪਣੀਆਂ ਨੇੜੇ ਦੀ ਕਮਜ਼ੋਰ ਨਜ਼ਰ ਵਾਲੀਆਂ ਅੱਖਾਂ ਨਾਲ ਝਾਕਦਿਆਂ, ਐਨਕ ਵਾਲਾ ਆਦਮੀ ਬੋਲਿਆ। "ਪਰ ਤਜਰਬਿਆਂ ਲਈ ਵੱਡੇ ਕੁੱਤੇ ਨਹੀਂ ਵਰਤੇ ਜਾ ਸਕਦੇ।"

"ਹਾਂ, ਬੇ-ਸ਼ਕ," ਜੱਜ ਨੂੰ ਚੇਤੇ ਆਇਆ, "ਤੁਸੀਂ ਕਿਹਾ ਸੀ, ਤੁਹਾਨੂੰ ਕੋਈ ਛੋਟਾ ਕੁੱਤਾ ਚਾਹੀਦੈ। ਜੇ ਕੋਈ ਸਪੇਨੀਅਲ ਹੋ ਜਾਵੇ ਤਾਂ।"

"ਉਹ ਵੀ ਥੋੜਾ ਜਿਹਾ ਵਡਾ ਏ।"

"ਤੇ ਫੇਰ ਕੋਈ ਫ਼ਾਕਸ ਟੈਰੀਅਰ। ਬਹੁਤਾ ਵੱਡਾ ਨਹੀਂ, ਆਗਿਆਕਾਰ ਤੇ ਤੇਜ਼-ਨੱਕਾ ਏ। ਜਦੋਂ ਅਗਲੇ ਕਮਰੇ 'ਚ ਗਵਾਂਢੀ ਅਖ਼ਬਾਰ ਖੋਲ੍ਹਦੈ, ਉਹਨੂੰ ਬਿੜਕ ਪੈ ਜਾਂਦੀ ਏ, ਉਹ ਦਬਾਸਟ ਭੌਂਕਣ ਲਗ ਪੈਂਦੈ।"

"ਨਹੀਂ, ਨਹੀਂ," ਕੁੜੀ ਨੇ ਪੱਕੀ ਤਰ੍ਹਾਂ ਨਾਂਹ ਕਰ ਦਿਤੀ। "ਸਾਨੂੰ ਕੋਈ ਬਹੁਤਾ ਆਮ, ਬਹੁਤੇ ਸਬਰ ਵਾਲਾ ਕੁੱਤਾ ਚਾਹੀਦੈ।"

ਫੇਰ ਉਹਦਾ ਸਾਥੀ ਵਿਚੋਂ ਬੋਲ ਪਿਆ: "ਵਾਲੀਆ, ਵੇਖ! ਉਹ ਨਹੀਂ ਠੀਕ?"

"ਅਸਲੋਂ, ਜੁ ਸਾਨੂੰ ਚਾਹੀਦੈ।"

ਦੋਵਾਂ ਮਹਿਮਾਨਾਂ ਜੰਗਲੇ ਵਲ ਪੈਰ ਪੁੱਟੇ, ਓਥੇ ਪੀਲੇ ਪੱਤਿਆਂ ਦੇ ਢੇਰ ਉਤੇ ਇਕ ਛੋਟਾ ਜਿਹਾ ਗੰਦਾ-ਮੰਦਾ ਕੁੱਤਾ ਕਲ-ਮਕੁੱਲਾ ਲੇਟਿਆ ਹੋਇਆ ਸੀ। ਉਹਦੀ ਲੰਮੀ ਤੇ ਛੋਟੀ ਜਿਹੀ ਪਤਲੀ ਥੂੰਨੀ ਉਤੇ, ਜਿਹੜੀ ਸਪਿਟਜ਼ ਦੀ ਥੂੰਨੀ ਵਰਗੀ ਸੀ, ਦੰਦੀਆਂ ਦੇ ਨਿਸ਼ਾਨ ਸਨ, ਤੇ ਉਹਦੀ ਜੱਤ, ਜਿਹੜੀ ਕਦੀ ਪੋਲੀ ਤੇ ਚਿੱਟੀ ਹੁੰਦੀ ਸੀ, ਹੁਣ ਖਰ੍ਹਵੀ ਤੇ ਗੁੱਛਮ-ਗੁੱਛਾ ਹੋਈ ਪਈ ਸੀ।

"ਇਹ ਸਾਡਾ ਕੁੱਤਾ ਨਹੀਂ। ਇਹ ਕੋਈ ਲਾਵਾਰਸ ਆਮ ਕੁੱਤਾ ਏ। ਚਕ ਵੱਢ ਸਕਦੈ," ਜੱਜ ਨੇ ਤਾੜਨਾ ਕੀਤੀ।

ਕੁੱਤੇ ਦਾ ਚਕ ਵੱਢਣ ਦਾ ਕੋਈ ਖ਼ਿਆਲ ਨਹੀਂ ਸੀ। ਉਹ ਕੁਦ ਖਲੋਤਾ, ਡਰ ਗਿਆ ਤੇ ਉਹਨੇ ਜੰਗਲੇ ਹੇਠ ਵੜਨ ਦੀ ਕੀਤੀ।

"ਡਰਾ ਕਿਉਂ ਦਿਤਾ ਈ?" ਐਨਕਾਂ ਵਾਲੇ ਆਦਮੀ ਨੇ ਗਿਲਾ ਕੀਤਾ।

"ਸਾਨੂੰ ਅਸਲੋਂ ਇਹੋ ਜਿਹਾ ਕੁੱਤਾ ਚਾਹੀਦੈ," ਕੁੜੀ ਨੇ ਸਮਝਾਇਆ। ਉਹ ਜੰਗਲੇ ਉਤੇ ਉਤੜੀ ਤੇ ਬੁਲਾਣ ਲੱਗੀ, "ਹੇ, ਮੁੰਡਿਆ! ਹੇ ਬੇਲੀਆ! ਹੇ ਚਿੱਟਿਆ!"

"ਮੈਂ ਕਹਿ ਸਕਦਾ ਹਾਂ, ਤੁਹਾਨੂੰ ਇਹੋ ਜਿਹੇ ਕੁੱਤੇ ਸਾਡੀ ਨੁਮਾਇਸ਼ 'ਚ ਨਹੀਂ ਲੱਭਣ ਲਗੇ," ਜੱਜ ਨੇ ਆਖਿਆ। "ਤੁਹਾਨੂੰ ਕੋਈ ਹੋਰ ਥਾਂ ਵੇਖਣੀ ਪਵੇਗੀ।"

ਉਹਨੇ ਛਾਤੀ ਉਤਲੇ ਲਾਲ ਰਿਬਨ ਨੂੰ ਠੀਕ ਕੀਤਾ ਤੇ ਆਪਣੇ ਡੇਨਾਂ ਤੇ ਫ਼ਾਕਸ ਟੈਰੀਅਰਾਂ ਕੋਲ ਚਲਾ ਗਿਆ।

"ਹੁਣ ਕੀ ਕਰੀਏ, ਵਾਸੀਲੀ?" ਵਾਲੀਆ ਨੇ ਨਿਰਾਸ ਹੁੰਦਿਆਂ ਪੁਛਿਆ।

"ਕਲ੍ਹ ਮੈਂ ਜ਼ਰੂਰ ਖਜ਼ਾਨਚੀ ਨਾਲ ਗੱਲ ਕਰਾਂਗਾ," ਮੱਥਾ ਵਟਦਿਆਂ, ਉਹਨੇ ਆਖਿਆ। "ਜਿੰਨੇ

ਪੈਸੇ ਉਹਨੇ ਸਾਨੂੰ ਦਿਤੇ ਨੇ, ਉਹਨਾਂ ਨਾਲ ਚੰਗੀ ਨਸਲ ਦਾ ਕੁੱਤਾ ਕਿਵੇਂ ਖਰੀਦਿਆ ਜਾ ਸਕਦੈ? ਪਰ, ਵਾਲੀਆ, ਹਾਸੇ ਵਾਲੀ ਗੱਲ ਇਹ ਵੇ ਕਿ ਅਸੀਂ ਇਹ ਪੈਸੇ ਤਕ ਵੀ ਨਹੀਂ ਖਰਚ ਸਕਦੇ। ਸਾਰੇ ਮਜ਼ਬੂਤ ਕੁੱਤੇ ਏਡੇ ਵਡੇ ਨੇ ਕਿ ਸਾਡਾ ਕੰਮ ਨਹੀਂ ਸਾਰ ਸਕਦੇ। ਮੈਂ ਕੁਤਿਆਂ ਦੀਆਂ ਸਾਰੀਆਂ ਨੁਮਾਇਸ਼ਾਂ ਤੇ ਕੁੱਤੇ ਪਾਲਣ ਵਾਲੇ ਫ਼ਾਰਮ ਵੇਖ ਆਇਆਂ; ਮੈਂ ਜਾਨਵਰਾਂ ਦੀ ਸੰਭਾਲ ਦੀ ਸਭਾ ਵੀ ਗਿਆ ਸਾਂ ਤੇ ਸਾਰੇ ਆਪਣੇ ਦੋਸਤਾਂ ਕੋਲ ਵੀ, ਜਿਨ੍ਹਾਂ ਕੋਲ ਕੁੱਤੇ ਨੇ। ਤੇ ਮੈਨੂੰ ਇਕ ਵੀ ਨਹੀਂ ਲੱਭਾ, ਜਿਹੜਾ ਸਾਡੇ ਕਿਸੇ ਕੰਮ ਆ ਸਕੇ।"

"ਤੁਸੀਂ ਹੀ 'ਕੱਲੇ ਨਹੀਂ," ਵਾਲੀਆ ਨੇ ਆਖਿਆ। "ਸਾਡੇ ਸਾਰੇ ਸਾਥੀ ਲਭਦੇ ਫਿਰਦੇ ਰਹੇ ਨੇ, ਪਰ ਲੱਭਾ ਉਹਨਾਂ ਨੂੰ ਵੀ ਕੁਝ ਨਹੀਂ।"

"ਪਰ ਪਤਾ ਈ, ਇਸ ਸਾਰੇ ਸ਼ਹਿਰ 'ਚ ਭੱਜੇ ਫਿਰਦੇ ਨੇ," ਵਾਸੀਲੀ ਨੇ ਯਕੀਨ-ਭਰੇ ਲਹਿਜੇ ਵਿਚ ਆਖਿਆ। "ਓਸ ਕੁੱਤੇ ਵਾਂਗੂ, ਜਿਹੜਾ ਭਜ ਗਿਆ ਏ। ਪਰ, ਮੈਂ ਉਹਨਾਂ ਨੂੰ ਫੜ ਨਹੀਂ ਸਕਦਾ। ਮੈਂ ਜ਼ਰੂਰ ਡਿਗ ਪਵਾਂਗਾ ਤੇ ਐਨਕ ਤੋੜ ਲਵਾਂਗਾ। ਜ਼ਰੂਰ ਹੀ, ਮੈਨੂੰ ਯਕੀਨ ਏ। ਸਾਡੇ ਲਈ ਸਿਰਫ਼ ਆਵਾਰਾ ਕੁੱਤੇ ਹੀ ਠੀਕ ਰਹਿਣਗੇ। ਸਿਰਫ਼ ਆਮ ਕੁੱਤੇ ਹੀ।"

## ਝੁੱਟਮਾਰ

ਕੁਤਿਆਂ ਦੀ ਨੁਮਾਇਸ਼ ਵਾਲੇ ਮਹਿਮਾਨ ਅਗਲੀ ਸਵੇਰੇ ਇਕ ਪੁਰਾਣੀ ਦੋ-ਮੰਜ਼ਲਾ ਇਮਾਰਤ ਦੇ ਬੂਹੇ ਸਾਹਮਣੇ ਮਿਲੇ। ਇਮਾਰਤ ਸੜਕ ਤੋਂ ਲੋਹੇ ਦੇ ਜੰਗਲੇ ਤੇ ਪੋਪਲਰ ਰੁਖਾਂ ਦੀ ਇਕ ਪਾਲ ਨਾਲ ਵਲੀ ਹੋਈ ਸੀ।

"ਸ਼ੁਭ ਸਵੇਰ, ਵਾਸੀਲੀ!" ਵਾਲੀਆ ਦੂਰੋਂ ਸੜਕ ਤੋਂ ਕੂਕੀ। "ਬਚ ਗਏ ਹਾਂ ਅਸੀਂ! ਮੈਂ ਏਥੇ ਪਹਿਲੋਂ ਆਈ ਸਾਂ ਤੇ ਉਹਨਾਂ ਨੂੰ ਵੇਖ ਗਈ ਸਾਂ। ਸਾਡੇ ਕੋਲ ਕੁਝ ਕੁੱਤੇ ਹੈ ਨੇ!"

"ਸਚੀ? ਕਿਥੋਂ ਆਏ ਨੇ?" ਵਾਸੀਲੀ ਨੂੰ ਖੁਸ਼ੀ ਚੜ੍ਹ ਗਈ।

"ਤੁਹਾਡੀ ਕਲ੍ਹ ਵਾਲੀ ਪੇਸ਼ੀਨਗੋਈ ਪੂਰੀ ਹੋ ਗਈ ਏ: ਆਮ ਆਵਾਰਾ ਕੁੱਤੇ ਨੇ। ਹੁਣ ਪੈਸੇ ਖਰਚਣ ਦੀ ਲੋੜ ਨਹੀਂ, ਖਜ਼ਾਨਚੀ ਨਾਲ ਝਗੜਨ ਦੀ ਲੋੜ ਨਹੀਂ।"

"ਉਹ ਮੈਨੂੰ ਭੌਂਕਣ ਦੀ ਆਵਾਜ਼ ਆ ਰਹੀ ਏ!" ਨੌਜਵਾਨ ਨੇ ਤੱਸਲੀ ਨਾਲ ਆਖਿਆ।

ਉਹ ਫਾਟਕ ਵਲ ਮੁੜੇ, ਪੌੜੀਆਂ ਚੜ੍ਹ ਇਕ ਛੋਟੇ ਜਿਹੇ ਕਮਰੇ ਵਿਚ ਗਏ, ਜਿਥੇ ਉਹਨਾਂ ਆਪਣੇ ਚਿੱਟੇ ਉਤੇਰਨ ਪਾ ਲਏ। ਫੇਰ ਉਹ ਇਕ ਲੰਮੇ ਹਾਲ ਵਿਚੋਂ ਹੁੰਦੇ ਇਕ ਬੂਹੇ ਕੋਲ ਪੁਜੇ, ਜਿਸ ਉਤੇ ਕਾਲਾ ਮੋਮੀ ਕਪੜਾ ਚੜ੍ਹਿਆ ਹੋਇਆ ਸੀ।

ਅਗੋਂ ਉਹਨਾਂ ਨੂੰ ਅੰਨ੍ਹੀ ਭੌਂ-ਭੌਂ ਸੁਣੀਤੀ। ਲੰਮੇ ਹਾਲ ਵਿਚ ਪਿੰਜਰਿਆਂ ਦੀਆਂ ਦੋ ਪਾਲਾਂ ਸਨ। ਕਲ੍ਹ ਸ਼ਾਮ ਤਕ ਉਹ ਖ਼ਾਲੀ ਸਨ ਤੇ ਅਜ ਲੋਹੇ ਦੀਆਂ ਸੀਖ਼ਾਂ ਪਿਛੇ ਘੁਰ-ਘੁਰ ਤੇ ਚਊਂ-ਚਊਂ ਕਰਦੇ ਛੋਟੇ-ਛੋਟੇ ਕੁਤਿਆਂ ਦੀ ਪੂਰੀ ਧਾੜ ਰੋਸ ਪ੍ਰਗਟਾ ਰਹੀ ਸੀ।

ਲਾਵਾਰਸ ਕੁੱਤੇ ਨਾ-ਖੁਸ਼ ਸਨ। ਉਹਨਾਂ ਨੂੰ ਖੁਲ੍ਹੀ ਜ਼ਿੰਦਗੀ, ਸੜਕਾਂ ਉਤੇ ਭੌਂਕਦੇ ਭੱਜੇ ਫਿਰਨ, ਫਾਟਕਾਂ ਹੇਠ ਦਬਾਸਟ ਲੜਦੇ ਰਹਿਣ ਦੀ ਗੇੜ੍ਹਾ ਪਈ ਹੋਈ ਸੀ। ਆਜ਼ਾਦ ਜ਼ਿੰਦਗੀ ਬੇ-ਸ਼ਕ ਹੀ ਔਖੀ ਸੀ; ਭੁਖ ਸੀ, ਮੀਂਹ ਸੀ ਤੇ ਸਿਆਲੇ ਵਿਚ ਯਖ਼ ਹੋਏ ਪੈਰ ਸਨ। ਪਰ ਇਹਦੇ ਬਾਵਜੂਦ ਵੀ, ਬਿਲਕੁਲ ਆਜ਼ਾਦ ਮਹਿਸੂਸ ਕਰ ਸਕਣਾ ਤੇ ਇਹ ਵੇਖ ਸਕਣਾ ਕਿੰਨਾ ਚੰਗਾ ਲਗਦਾ ਸੀ ਕਿ ਲਡਿਆਏ ਪਾਲਤੂ ਕੁੱਤੇ ਡਰ ਨਾਲ ਕਿਵੇਂ ਕੰਬਦੇ ਸਨ।

"ਤੋਬਾ ਮੇਰੀ, ਡਾਕਟਰ, ਜਿਵੇਂ ਇਹ ਭੌਂਕਦੇ ਨੇ," ਸੇਵਕ ਨੇ ਸ਼ਿਕਾਇਤ ਕੀਤੀ।

"ਬੇ-ਸ਼ਕ ਭੌਂਕਦੇ ਨੇ। ਕੁੱਤੇ ਨੇ ਉਹ, ਨਹੀਂ ਭਲਾ?" ਵਾਸੀਲੀ ਨੇ ਅੱਧੇ ਮਖ਼ੌਲ ਨਾਲ ਜਵਾਬ ਦਿਤਾ।

"ਛੇਵੇਂ ਪਿੰਜਰੇ 'ਚ ਚੰਗੀ ਜੇ, ਬੜੀ ਆਗਿਆਕਾਰ। ਲਾਵਾਰਸ, ਪਰ ਮੋਹ ਵਾਲੀ! ਮੈਨੂੰ ਤਾਂ ਹੁਣੇ ਏ ਪਾਛਾਣਨ ਲਗ ਪਈ ਏ..."

"ਕੋਜ਼ਿਆਵਕਾ (ਡੱਫ਼ਰ)," ਕੁੜੀ ਨੇ ਨਾਂ ਵਾਲੀ ਪਲੇਟ ਤੋਂ ਪੜ੍ਹਿਆ। "ਕਿੱਡੀ ਪਿਆਰੀ ਏ!"

ਸੁਹਣੀ ਡੱਫ਼ਰ ਆਪਣੇ ਪਿੰਜਰੇ ਵਿਚ ਚੁਸਤੀ ਨਾਲ ਟੱਪਣ ਲਗੀ, ਪਿਛਲੀਆਂ ਟੰਙਾਂ ਉਤੇ ਖਲੋ ਗਈ ਤੇ ਪੂਛ ਹਿਲਾਣ ਲਗ ਪਈ। ਉਹ ਸਾਫ਼ ਹੀ ਖੁਸ਼ ਕਰਨਾ ਚਾਹ ਰਹੀ ਸੀ।

"ਪ੍ਰੋਫ਼ੈਸਰ ਅਜ ਸਵੇਰੇ ਆਇਆ ਸੀ ਏਥੇ?" ਵਾਸੀਲੀ ਨੇ ਪੁਛਿਆ।

"ਆਹਖੋ, ਸਭ ਤੋਂ ਪਹਿਲਾਂ," ਸੇਵਕ ਨੇ ਜਵਾਬ ਦਿਤਾ। "ਉਹਨੇ ਜਦੋਂ ਇਸ ਸੁੰਦਰੀ ਨੂੰ ਤਕਿਆ, ਉਹਦੇ ਮੂੰਹੋਂ 'ਡੱਫ਼ਰ' ਨਿਕਲ ਗਿਆ।"

ਚਿੱਟੇ ਉਤੇਰਨ ਵਾਲਾ ਨੌਜਵਾਨ ਇਕ ਤੋਂ ਦੂਜੇ ਪਿੰਜਰੇ ਵਲ ਗਿਆ ਤੇ ਉਹਨੇ ਆਪਣੀਆਂ ਨੇੜੇ ਦੀ ਕਮਜ਼ੋਰ ਨਜ਼ਰ ਵਾਲੀਆਂ ਅੱਖਾਂ ਨਾਲ ਹਰ ਇਕ ਕੁੱਤੇ ਦਾ ਧਿਆਨ ਨਾਲ ਮੁਆਇਨਾ ਕੀਤਾ। ਛੋਟੇ-ਛੋਟੇ ਕੈਦੀ ਜਾਲੀ ਵਿਚੋਂ ਉਹਦੇ ਵਲ ਪਰਤ ਵੇਖਦੇ।

ਲੰਬੂਤਰੇ ਨੱਕ ਵਾਲੇ ਚਿੱਟੇ ਕੁੱਤੇ ਨੇ ਉਹਨੂੰ ਦੂਜਿਆਂ ਕੁਤਿਆਂ ਨਾਲੋਂ ਬਹੁਤੇ ਧਿਆਨ ਨਾਲ ਵੇਖਿਆ।

ਬਾਕੀ ਦੇ ਹੋਰਨਾਂ ਸਭਨਾਂ ਵਾਂਗ ਉਹ ਵੀ ਆਵਾਰਾ ਸੀ। ਪਰ ਇਸ ਤੋਂ ਪਹਿਲਾਂ ਕਿ ਤਕਦੀਰ ਦੇ ਹਥ ਨੇ ਉਹਨੂੰ ਆਵਾਰਾ ਬਣਾਇਆ, ਉਹ ਪਾਲਤੂ ਕੁੱਤਾ ਹੁੰਦਾ ਸੀ, ਜਿਹਦਾ ਮਾਲਕ ਵੀ ਸੀ ਤੇ ਨਾਂ ਵੀ: ਰੈਗਸ।

ਉਹਨੇ ਐਨਕ ਵਾਲੇ ਆਦਮੀ ਤੇ ਕੁੜੀ ਨੂੰ ਪਛਾਣ ਲਿਆ। ਕਲ੍ਹ, ਜਦੋਂ ਰੈਗਸ ਜੰਗਲੇ ਹੇਠੋਂ ਰੀਂਗਿਆ ਸੀ, ਕੁਝ ਲੋਕਾਂ ਨੇ ਉਹਨੂੰ ਫੜ ਲਿਆ ਸੀ, ਉਹਨਾਂ ਉਹਦੇ ਗੱਲ ਵਿਚ ਰੱਸੀ ਪਾ ਦਿਤੀ ਸੀ ਤੇ ਉਹਨੂੰ ਚਾਂਗਰਦੇ ਸਾਥੀ-ਪੀੜਤਾਂ ਨਾਲ ਇਕ ਹੁਝਕੇ-ਖਾਂਦੀ ਵੈਨ ਵਿਚ ਤੂੜ ਦਿਤਾ ਸੀ। ਉਹਨੇ ਰਾਤ ਉਹਨਾਂ ਨਾਲ ਪਿੰਜਰੇ ਵਿਚ ਇਕ ਕੁੱਤਾਖਾਨੇ ਵਿਚ ਗੁਜ਼ਾਰੀ ਸੀ, ਤੇ ਪਰਭਾਤੀਂ ਇਕ ਵੈਨ ਉਹਨਾਂ ਨੂੰ ਇਸ ਥਾਂ ਲੈ ਆਈ ਸੀ।

ਉਹ ਹੋਰਨਾਂ ਵਾਂਗ ਭੌਂਕਿਆ ਨਹੀਂ ਸੀ। ਉਹਨੂੰ ਕੋਈ ਚੀਜ਼ ਨਹੀਂ ਸੀ ਚਾਹੀਦੀ। ਉਹਨੇ ਕਿਸੇ ਦਾ ਵੀ ਵਸਾਹ ਨਹੀਂ ਸੀ ਖਾਧਾ।

"ਵੇਖੀਂ, ਵਾਲੀਆ, ਇਹ ਉਹੀਉ ਹੀ ਨਹੀਂ, ਜਿਹੜਾ ਅਸੀਂ ਕੁਤਿਆਂ ਦੀ ਨੁਮਾਇਸ਼ 'ਚ ਤਕਿਆ ਸੀ?" ਰੈਗਸ ਦੇ ਸਾਹਮਣੇ ਅਟਕਦਿਆਂ ਵਾਸੀਲੀ ਨੇ ਆਖਿਆ।

ਵਾਲੀਆ ਨੇ ਛੋਟੇ ਜਿਹੇ ਆਵਾਰੇ ਨੂੰ ਚੰਗਾ ਘੋਖ ਕੇ ਵੇਖਿਆ।

"ਇਹ ਖ਼ਿਆਲ ਜੇ ? ਹਾਂ, ਹੁਣ ਮੈਂ ਪਛਾਣ ਲਿਐ। ਉਹੀਓ ਕੁੱਤਾ ਏ। ਸਪਿਟਜ਼ ਲਗਦਾ ਏ। ਸਿਰਫ਼ ਕਲ੍ਹ ਉਹ ਅਜ ਨਾਲੋਂ ਗੰਦਾ ਸੀ।"

ਜਦੋਂ ਆਦਮੀ ਨੇ ਬੂਹੇ ਨੂੰ ਫੜਿਆ, ਰੈਗਸ ਆਪਣੀ ਨੁੱਕਰ ਵਿਚੋਂ ਘੁਰਕਿਆ।

"ਡਾਕਟਰ ਸਾਹਬ, ਧਿਆਨ ਕਰਨਾ," ਸੇਵਕ ਨੇ ਆਖਿਆ। "ਕੁੱਤਾ ਇਹ ਚੰਗਾ ਨਹੀਂ।"

ਵਾਸੀਲੀ ਮੁਸਕਰਾ ਪਿਆ ਤੇ ਪਿੰਜਰੇ ਵਿਚ ਵੜ ਗਿਆ। "ਕਿਉਂ, ਅਸੀਂ ਤਾਂ ਪੁਰਾਣੇ ਦੋਸਤ ਹਾਂ..."

ਉਹਨੇ ਆਪਣਾ ਹਥ ਵਧਾਇਆ ਹੀ ਸੀ ਕਿ ਰੈਗਸ ਨੇ ਚੱਕ ਵੱਢ ਖਾਧਾ।

"ਊਈ!" ਵਾਲੀਆ ਦੀ ਚੀਕ ਨਿਕਲ ਗਈ, ਜਿਵੇਂ ਚਕ ਉਹਨੂੰ ਹੀ ਵਢਿਆ ਗਿਆ ਹੋਵੇ।

ਪਰ ਵਾਸੀਲੀ ਨੇ ਸਿਰਫ਼ ਮੂੰਹ ਹੀ ਬਣਾਇਆ।


"ਓਏ, ਝੁੱਟਮਾਰਾ!"

"ਖੁਣਸੀ ਜਾਨਵਾਰਾ!" ਸੇਵਕ ਚਿਲਕਿਆ। "ਲੋਕਾਂ ਨੂੰ ਚਕ ਵਢਣੈਂ! ਤੈਨੂੰ ਠੀਕ ਕਰਨਾਂ ਝਾੜੂ ਨਾਲ।"

ਤੇ ਉਹਨੇ ਆਪਣਾ ਝਾੜੂ ਉਗਰਿਆ।

ਆਵਾਰਾ ਨਿਕਚੂ ਨੁੱਕਰ ਵਿਚ ਸੁੰਗੜ ਗਿਆ, ਉਹਦੀ ਧੌਣ ਦੇ ਵਾਲ ਖੜੇ ਹੋ ਗਏ। ਉਹਨੇ ਛੋਟੀ ਜਿਹੀ ਘੁਰਕੀ ਛੱਡੀ ਤੇ ਫੇਰ ਭੌਂ-ਭੌਂ ਦੀ ਏਡੀ ਗੋਲਾਬਾਰੀ ਕੀਤੀ ਕਿ ਲਗਦਾ ਸੀ, ਕਿਸੇ ਵੀ ਪਲ ਉਹਦਾ ਢਿਡ ਪਾਟ ਜਾਏਗਾ। ਸਾਰੀ ਦੀ ਸਾਰੀ ਧਾੜ ਉਹਦੇ ਨਾਲ ਰਲ ਪਈ। ਝਾੜੂ ਵੇਖ ਉਹ ਕਹਿਰ ਵਿਚ ਆ ਗਏ।

"ਝਾੜੂ ਰਖ ਦੇ," ਵਾਸੀਲੀ ਨੇ ਸੇਵਕ ਨੂੰ ਸਖ਼ਤੀ ਨਾਲ ਕਿਹਾ। "ਗ਼ਲਤੀ ਮੇਰੀ ਏ। ਤੇ ਮਿਹਰਬਾਨੀ ਕਰਕੇ ਕੁਤਿਆਂ ਨੂੰ ਧਮਕਾ ਨਾ। ਸਚੀ ਮੁਚੀ, ਚੰਗਾ ਹੋਵੇ, ਜੇ ਤੂੰ ਝਾੜੂ ਹਮੇਸ਼ਾ ਲਈ ਦੂਰ ਰਖੇਂ ਤਾਂ। ਸਾਨੂੰ ਅਮਨ-ਅਮਾਨ ਚਾਹੀਦੈ।"



ਵਾਲੀਆ ਨੇ ਰੁਮਾਲ ਨਾਲ ਡਾਕਟਰ ਦੇ ਹਥ ਉਤੇ ਪੱਟੀ ਬੰਨ੍ਹੀ। ਤੇ ਉਹ ਚਲੇ ਗਏ।

ਸੇਵਕ ਕਿੰਨਾ ਹੀ ਚਿਰ ਬੋਲਦਾ ਰਿਹਾ, ਕਿਵੇਂ ਕੁਝ ਕੁੱਤੇ ਹੁੰਦੇ ਹਨ, ਜਿਹੜੇ ਨਰਮ ਸਲੂਕ ਨੂੰ ਚੰਗਾ ਨਹੀਂ ਸਮਝਦੇ ਤੇ ਅਸਲੋਂ ਪਛਾਣ ਨਹੀਂ ਸਕਦੇ, ਚੰਗੇ ਆਦਮੀ ਕਿਹੜੇ ਹਨ ਤੇ ਮੰਦੇ ਕਿਹੜੇ। ਏਥੋਂ ਤਕ ਕਿ ਉਹ ਸਤਿਕਾਰ-ਯੋਗ ਡਾਕਟਰਾਂ ਨੂੰ ਵੱਢਣ ਨੂੰ ਪੈਂਦੇ ਹਨ।

ਬੁੜ-ਬੁੜ ਕਰਦਿਆਂ ਉਹਨੇ ਇਕ ਨਾਲੀ ਨਾਲ ਪਿੰਜਰਿਆਂ ਨੂੰ ਧੋਤਾ, ਹਰ ਕੁੱਤੇ ਦਾ ਪਾਣੀ ਵਾਲਾ ਪਿਆਲਾ ਭਰਿਆ, ਹਰ ਇਕ ਨੂੰ ਭਰ੍ਹੀ ਪਰਾਲੀ ਦੀ ਦਿਤੀ, ਤੇ ਫੇਰ ਸੁਆਦਲੀ ਵਾਸ਼ਨਾ ਵਾਲੇ ਜਵੀ ਦੇ ਸ਼ੋਰਬੇ ਦੇ ਪਿਆਲੇ ਰੱਖਣ ਲਗ ਪਿਆ। ਰੈਗਸ ਦੇ ਪਿੰਜਰੇ ਵਿਚ ਵੀ ਉਹਨੇ ਸ਼ੋਰਬੇ ਦਾ ਇਕ ਪਿਆਲਾ ਰਖ ਦਿਤਾ ਤੇ ਇਕਦਮ ਡੱਫ਼ਰ ਨੂੰ ਵੇਖਣ ਚਲਾ ਗਿਆ।

"ਕਿਉਂ ਨੀ ਡਫ਼ਰੇ, ਏਥੇ ਕਿਵੇਂ ਲਗਦਾ ਹੀ ?" ਆਪਣੀ ਮਨਪਸੰਦ ਕੁੱਤੀ ਨੂੰ ਥਪਕਦਿਆਂ ਉਹ ਬੋਲਿਆ। ਓਧਰ ਕੁੱਤੀ ਖੁਸ਼ੀ ਨਾਲ ਇਕ ਹੱਡੀ ਨੂੰ ਚੱਬ ਰਹੀ ਸੀ। "ਚੰਗੀ ਕਿਸਮਤ ਵਾਲੀ ਏਂ! ਸੜਕ ਤੋਂ ਸਿੱਧੀ ਇੰਸਟੀਚਿਊਟ 'ਚ ਆਣ ਉਤਰੀ ਏਂ, ਸਰਕਾਰੀ ਸੰਭਾਲ ਹੇਠ। ਕਿਉਂ ਭਲਾ ? ਇਸ ਲਈ ਕਿ ਤੂੰ ਛੋਟੀ ਏਂ। ਏਥੇ ਛੋਟਿਆਂ ਦੀ ਮੰਗ ਬਹੁਤੀ ਏ।"

ਉਹ ਬੰਦਾ ਅਜੀਬ-ਅਜੀਬ ਗੱਲਾਂ ਕਹਿ ਰਿਹਾ ਸੀ। ਕੁਤਿਆਂ ਦੀ ਦੁਨੀਆਂ ਵਿਚ ਹੁਣ ਤਕ ਸਭ ਤੋਂ ਵਡਾ ਕੁੱਤਾ ਸਭ ਤੋਂ ਵਧੀਆ ਕੁੱਤਾ ਸਮਝਿਆ ਜਾਂਦਾ ਰਿਹਾ ਸੀ। ਉਹਨੂੰ ਘਟ ਝਰੀਟਾਂ ਹੁੰਦੀਆਂ ਸਨ ਤੇ ਉਹਦੀਆਂ ਹੱਡੀਆਂ ਬਹੁਤੀਆਂ ਰਸੀਲੀਆਂ ਹੁੰਦੀਆਂ ਸਨ। ਕਿਹੜਾ ਛੋਟਾ ਕੁੱਤਾ ਮਹਾਨ ਡੇਨ ਤੇ ਅਲਸੇਸ਼ੀਅਨ ਹੋਣ ਦਾ ਸੁਫ਼ਨੇ ਨਹੀਂ ਸੀ ਲੈਂਦਾ! ਪਰ ਸੇਵਕ ਉਲਟੇ ਢੰਗ ਨਾਲ ਕਹਿ ਰਿਹਾ ਸੀ...

ਰੈਗਸ ਨੇ ਆਪਣਾ ਸ਼ੋਰਬਾ ਪੀ ਲਿਆ, ਪਰ ਉਹ ਠੰਡਾ ਨਾ ਪਿਆ। ਠੰਡਾ ਉਹ ਕਿਵੇਂ ਪੈ ਸਕਦਾ ? ਉਹਨੂੰ ਖ਼ਿਆਲ ਸੀ, ਉਹਨੂੰ ਉਹਦੇ ਮਾੜੇ ਕੰਮ ਦੀ ਸਜ਼ਾ ਦਿਤੀ ਜਾਵੇਗੀ। ਪਰ ਸਗੋਂ, ਉਹਨੂੰ ਖਾਣ ਨੂੰ ਦਿਤਾ ਜਾ ਰਿਹਾ ਸੀ! ਰੈਗਸ ਨੂੰ ਇਹਦੀ ਸਮਝ ਨਹੀਂ ਸੀ ਪੈ ਰਹੀ। ਸ਼ਾਇਦ ਉਹ ਹਨੇਰਾ ਹੋਣ ਦੀ ਉਡੀਕ ਕਰ ਰਹੇ ਸਨ, ਤੇ ਫੇਰ ਉਹ ਉਹਨੂੰ ਫੜ ਲੈਣਗੇ, ਬੰਨ੍ਹ ਦੇਣਗੇ ਤੇ ਝਾੜੂ ਨਾਲ ਕੁੱਟਣਗੇ।

ਹੌਲੀ-ਹੌਲੀ ਉਹਨੂੰ ਨੀਂਦਰ ਆ ਗਈ। ਭਾਵੇਂ ਉਹ ਚੈਨ ਨਾਲ ਨਾ ਸੁੱਤਾ, ਤਾਂ ਵੀ ਉਹਨੇ ਸੇਵਕ ਦੇ ਚਾਕ ਦੇ ਇਕ ਟੋਟੇ ਨਾਲ ਉਹਦੇ ਪਿੰਜਰੇ ਉਤੇ ਲਫ਼ਜ਼ "ਝੁੱਟਮਾਰ" ਲਿਖਣ ਦੀ ਆਵਾਜ਼ ਨਾ ਸੁਣੀ।

## ਪੁਲਾੜੀ ਡਾਕਟਰ

ਵਾਲੀਆ ਨੂੰ ਵਾਸੀਲੀ ਦਾ ਕੁਤਿਆਂ ਨਾਲ ਸਲੂਕ ਚੰਗਾ ਲਗਦਾ ਸੀ। ਉਹ ਕਦੀ ਵੀ ਆਵਾਜ਼ ਉੱਚੀ ਨਾ ਕਰਦਾ ਤੇ ਗੁੱਸੇ ਵਿਚ ਨਾ ਆਉਂਦਾ। ਇੰਜ ਲਗਦਾ ਸੀ, ਜਿਵੇਂ ਉਹਦਾ ਵਾਹ ਛੋਟੇ-ਛੋਟੇ ਬਚਿਆਂ ਨਾਲ ਪੈ ਰਿਹਾ ਹੋਵੇ।

ਕਿੰਨੇ ਹੀ ਦਿਨ ਝੁੱਟਮਾਰ ਨੂੰ ਸਜ਼ਾ ਦਾ ਤੌਖ਼ਲਾ ਲੱਗਾ ਰਿਹਾ। ਰਾਤ ਵੇਲੇ ਉਹ ਧੱਕ-ਧੱਕ ਕਰਦੇ ਦਿਲ ਨਾਲ ਉਠ ਪੈਂਦਾ, ਚੌਹਾਂ ਲੱਤਾਂ ਉਤੇ ਕੁਦ ਖਲੋਂਦਾ, ਆਪਣੀ ਰਾਖੀ ਲਈ ਤਿਆਰ ਹੋ ਜਾਂਦਾ ਤੇ ਨਿੰਮ੍ਹੀ ਜਿਹੀ ਘੁਰਕੀ ਛਡਦਾ।

"ਓਸ ਝਾੜੂ ਦਾ ਸੁਫ਼ਨਾ ਆ ਰਿਹਾ ਸੂ!" ਵਾਸੀਲੀ ਵਾਲੀਆ ਨੂੰ ਕਹਿੰਦਾ।

ਐਨਕ ਪਿਛੋਂ ਉਹਦੀਆਂ ਅੱਖਾਂ ਕੁੱਤੇ ਵਲ ਵੇਖ ਸੁਖਾਵੀਂ ਚਮਕ ਛਡਦੀਆਂ। ਅਜਿਹੇ ਪਲੀਂ ਰੈਗਸ ਨੂੰ ਬਹੁਤ ਹੀ ਬੇ-ਆਰਾਮੀ ਮਹਿਸੂਸ ਹੁੰਦੀ ਤੇ ਉਹ ਆਪਣਾ ਸਿਰ ਪਰ੍ਹਾਂ ਕਰ ਲੈਂਦਾ। ਸਿਰਫ਼ ਉਹਦਾ ਨਾਂ ਹੀ ਉਸ ਮਾੜੀ ਘਟਨਾ ਦਾ ਚੇਤਾ ਕਰਾਂਦਾ ਸੀ। ਉਹਨੂੰ ਝੁੱਟਮਾਰ ਅਖਵਾਣ ਦੀ ਹਿਲਤਰ ਹੀ ਨਹੀਂ ਸੀ ਪੈ ਰਹੀ।

"ਕੋਈ ਗੱਲ ਨਹੀਂ।" ਡਾਕਟਰ ਸੋਚਦਾ-ਸੋਚਦਾ ਉੱਚੀ ਬੋਲ ਰਿਹਾ ਸੀ। "ਠੀਕ ਹੋ ਜਾਏਗਾ, ਦਿਲ ਲਗ ਜਾਏਗਾ ਸੂ ਤੇ ਵਧੀਆ ਕਾਸਮੋਨਾਟ ਬਣੇਗਾ। ਠੀਕ ਏ, ਵਾਲੀਆ?"

"ਕਾਸਮੋਨਾਟ..." ਵਾਲੀਆ ਨੇ ਸੁਪਨਮਈ ਆਵਾਜ਼ ਵਿਚ ਜਵਾਬ ਦਿਤਾ। "ਬ੍ਰਹਿਮੰਡ 'ਚ ਉਡਣਾ। ਝੁੱਟਮਾਰ ਨੂੰ ਚਿਤ-ਚੇਤਾ ਹੀ ਨਹੀਂ, ਉਹਦਾ ਭਵਿਖ ਕਿੱਡਾ ਰੁਮਾਂਚਕ ਲਗਦਾ ਏ। ਮੈਂ ਕਿਸੇ ਵੀ ਦਿਨ ਉਹਦੀ ਥਾਂ ਲੈਣ ਨੂੰ ਤਿਆਰ ਹਾਂ।"

"ਹੈ ਨਾ ਬਚਿਆਂ ਵਾਲੀਆਂ ਤੋਤਲੀਆਂ," ਵਾਸੀਲੀ ਨੇ ਮੱਥਾ ਵਟਿਆ। "ਤੂੰ ਪੁਲਾੜੀ ਡਾਕਟਰੀ ਦੀ ਵਿਦਿਆਰਥਨ ਏਂ, ਵਾਲੀਆ, ਮਿਹਰਬਾਨੀ ਕਰ ਕੇ ਭੁਲ ਨਾ। ਜਹਾਜ਼ ਦਾ ਡਾਕਟਰ ਜਹਾਜ਼ 'ਚ ਈ ਹੁੰਦਾ ਏ। ਫੁਟਬਾਲ ਟੀਮ ਦਾ ਡਾਕਟਰ ਗੋਲ ਕੋਲ ਬੈਂਚ 'ਤੇ ਬਹਿੰਦਾ ਏ। ਸਰਜਨ ਅਪ੍ਰੇਸ਼ਨ ਵਾਲੇ ਕਮਰੇ 'ਚ ਮਰੀਜ਼ ਦਾ ਅਪ੍ਰੇਸ਼ਨ ਕਰਦਾ ਏ। ਤੇ ਪੁਲਾੜੀ ਡਾਕਟਰ ਰਾਕਟੀ ਡੱਬੇ 'ਚ ਨਹੀਂ ਹੁੰਦਾ, ਜੰਤਰਾਂ ਕੋਲ ਹੁੰਦਾ ਏ।"

"ਖ਼ਿਆਲ ਆ ਸਕਦਾ ਏ," ਲੇਬਾਰਟਰੀ ਸਹਾਇਕ ਨੇ ਖਿਝ ਕੇ ਜਵਾਬ ਦਿਤਾ, "ਤੁਸੀਂ ਜਨਮ ਤੋਂ ਹੀ ਪੁਲਾੜੀ ਡਾਕਟਰ ਹੋ। ਤੇ ਜਦੋਂ ਤੁਸੀਂ ਛੋਟੇ ਹੁੰਦੇ ਸੀ, ਤੁਸੀਂ ਖਿਡੌਣਿਆਂ ਦੀ ਥਾਂ ਜੰਤਰਾਂ ਨਾਲ ਖੇਡਦੇ ਸਾਓ।"

ਵਾਸੀਲੀ ਦਾ ਹਾਸਾ ਛੁੱਟ ਪਿਆ।

"ਗੁੱਸਾ ਨਾ ਕਰ, ਪਿਆਰੀ ਵਾਲੀਆ। ਤੈਨੂੰ ਪਤਾ ਏ, ਮੈਂ ਚੰਗੀ ਕਿਸਮਤ ਵਾਲਾ ਸਾਂ! ਤੇਰੇ ਲਈ ਇਹ ਸਾਰਾ ਕੁਝ





ਐਨ ਸਿੱਧਾ-ਸਾਦਾ ਤੇ ਸਾਫ਼ ਏ। ਕਲ੍ਹ — ਤੂੰ ਸਕੂਲੇ ਪੜ੍ਹਦੀ ਕੁੜੀ ਸੈਂ, ਅਜ — ਲੇਬਾਰਟਰੀ ਸਹਾਇਕ, ਤੇ ਭਲਕੇ — ਤੈਨੂੰ ਪਤਾ ਏ, ਭਲਕੇ ਤੂੰ ਕੀ ਹੋਵੇਂਗੀ, ਇਸ ਲਈ ਕਿ ਤੂੰ ਇੰਸਟੀਚਿਊਟ ਵਿਚ ਪੜ੍ਹ ਰਹੀ ਏਂ। ਪਰ ਜਦੋਂ ਮੈਂ ਪੜ੍ਹਦਾ ਸਾਂ, ਰਾਕਟਾਂ ਦੀ ਤਾਂ ਗੱਲ ਹੀ ਛੱਡੋ, ਜੈਟ-ਇੰਜਨ ਵੀ ਨਵੇਂ-ਨਵੇਂ ਸਨ। ਮੈਨੂੰ ਡੰਗਰ-ਡਾਕਟਰ ਬਣਨ ਦੀ ਆਸ ਸੀ।"

"ਤਾਂ ਫੇਰ ਤੁਸੀਂ ਪੁਲਾੜੀ ਡਾਕਟਰ ਕਿਵੇਂ ਬਣ ਗਏ ?"

"ਤੈਨੂੰ ਦਸਦਾ ਹਾਂ। ਜਦੋਂ ਮੈਂ ਇਨਸਟੀਚਿਊਟ ਦੀ ਪੜ੍ਹਾਈ ਮੁਕਾਈ, ਉਹਨਾਂ ਮੈਨੂੰ ਪੁਛਿਆ, ਕੀ ਮੈਂ ਦੋ ਪ੍ਰਾਚੀਨ ਵਿਗਿਆਨਾਂ, ਵੈਦਿਕ ਵਿਗਿਆਨ ਤੇ ਤਾਰਾ-ਵਿਗਿਆਨ, ਨੂੰ ਰਲਾਣਾ ਚਾਹਵਾਂਗਾ ਤੇ ਸਭ ਤੋਂ ਨਵੇਂ ਵਿਗਿਆਨ — ਬ੍ਰਹਿਮੰਡੀ ਵੈਦਿਕ ਵਿਗਿਆਨ 'ਚ ਕੰਮ ਕਰਨਾ ਚਾਹਵਾਂਗਾ। ਮੈਂ ਹੈਰਾਨ ਰਹਿ ਗਿਆ। ਤੇ ਇਹ ਹਾਂ ਮੈਂ ਹੁਣ..."

ਜਦੋਂ ਵਾਸੀਲੀ ਪਸ਼ੂ-ਸਰਜਰੀ ਦੇ ਇਨਸਟੀਚਿਊਟ ਦਾ ਵਿਦਿਆਰਥੀ ਬਣਿਆ, ਕਿਸੇ ਨੂੰ ਵੀ ਹੈਰਾਨੀ ਨਾ ਹੋਈ। ਪਸ਼ੂਆਂ ਲਈ ਉਹਦਾ ਪਿਆਰ ਘਰ ਵਿਚ ਵੀ ਤੇ ਸਕੂਲ ਵਿਚ ਵੀ, ਤੇ ਏਥੋਂ ਤਕ ਕਿ ਸ਼ਾਇਦ ਪੂਰੇ ਦੇ ਪੂਰੇ ਜ਼ਿਲ੍ਹੇ ਵਿਚ ਵੀ ਉਘਾ ਸੀ। ਖਿਲਰੇ-ਪੁਲਰੇ ਵਾਲਾਂ ਤੇ ਮਿਹਰ-ਭਰੀ ਮੁਸਕਰਾਹਟ ਵਾਲੇ ਲੰਮੇ ਪਤਲੇ ਮੁੰਡੇ ਨੂੰ ਵੇਖ ਛੋਟੇ-ਛੋਟੇ ਬੱਚੇ ਰੌਲਾ ਪਾਣ ਲਗਦੇ, "ਡਾਕਟਰ ਹਾਇ-ਪੀੜ! * ਮੇਰੇ ਢਿਡ ਵਿਚ ਹੋਵੇ ਪੀੜ!" ਉਹਨਾਂ ਨੂੰ ਪਤਾ ਸੀ, ਉਹ ਗੁੱਸਾ ਨਹੀਂ ਕਰਨ ਲਗਾ ਤੇ ਉਹ ਹਮੇਸ਼ਾ ਹੀ ਭੱਜੇ-ਭੱਜੇ ਆਉਂਦੇ ਤੇ ਆਪਣੇ ਖੋਚਰੀ ਨਕ ਉਹਦੇ ਭਰੇ-ਭੁਕੰਨੇ ਬੋਝਿਆਂ ਵਿਚ ਵਾੜਦੇ। ਲਗਦਾ ਸੀ, ਓਥੇ ਕੁਝ ਘੁਰ-ਘੁਰ ਕਰਦਾ, ਹੌਂਕਦਾ ਟੁਰ-ਫਿਰ ਰਿਹਾ ਸੀ। ਬੁੱਢੀਆਂ ਤੇ ਗ੍ਰਹਿਸਥਣਾਂ ਹਮੇਸ਼ਾ ਹੀ ਆਪਣੇ ਕਤੂਰੇ ਤੇ ਬਲੂੰਗੜੇ ਯੋਲਕਿਨ ਦੇ ਫ਼ਲੈਟ ਨੂੰ ਲਿਆਂਦੀਆਂ। ਛੱਡ ਦਿਤੀਆਂ ਗਈਆਂ ਚੀਜ਼ਾਂ ਨੂੰ ਆਪਣਾ ਪਹਿਲਾ ਘਰ ਓਥੇ ਪਲਾਈਵੁਡ ਦੀ ਇਕ ਪੇਟੀ ਵਿਚ ਮਿਲਦਾ। ਵਾਸੀਲੀ ਦੇ ਕਮਰੇ ਦੀਆਂ ਨੁੱਕਰਾਂ ਵਿਚ ਝਾੜ-ਚੂਹੇ ਤੇ ਗਿਣੀ-ਪਿਗ, ਕੱਛੂਕੁੰਮੇ ਤੇ ਹੋਰ ਚੰਗੇ ਸੁਭਾ ਵਾਲੇ ਜਨੌਰ ਰਹਿੰਦੇ ਸਨ।

ਕਦੀ-ਕਦੀ ਇਸ ਕਰ ਕੇ ਕੋਈ ਮੁਸੀਬਤ ਖੜੀ ਹੋ ਜਾਂਦੀ।

"ਇਕ ਵਾਰੀ ਸਾਡੀ ਇਮਾਰਤ 'ਚ ਚੰਗਾ ਰੌਲਾ ਪੈ ਗਿਆ," ਵਾਸੀਲੀ ਕਹਿਣ ਲਗਾ। "ਕੂੜੇ ਦੇ ਢੋਲ 'ਚੋਂ ਤੇ ਸਾਰੇ ਇਹਾਤੇ 'ਚ ਸੱਪ ਰੀਂਗਣ ਲਗੇ। ਕਿਵੇਂ ਸਹਿਮ ਪੈ ਗਿਆ ਸੀ: ਕੂਕਾਂ, ਚੀਕਾਂ ਤੇ ਸਾਰੇ ਬੂਹੇ ਤੇ ਬਾਰੀਆਂ ਨੂੰ ਜੰਦਰੇ। ਹਰ ਕੋਈ ਬਾਹਰ ਜਾਣੋਂ ਡਰਦਾ ਸੀ। ਡਾਂਗਾਂ ਫੜੀ ਇਕ ਮਿਲੀਸ਼ੀਆ ਵਾਲਾ ਤੇ ਇਕ ਜਾਨੀਤਰ ਆਇਆ ਤੇ ਮੇਰੀ ਮਾਂ ਨੂੰ ਕਹਿਣ ਲਗਾ, ਇਹਾਤੇ ਨੂੰ ਸੱਪਾਂ ਤੋਂ ਸਾਫ਼ ਕਰੇ। ਮੈਂ ਓਦੋਂ ਸਕੂਲੇ ਸਾਂ। ਮੇਰੀ ਮਾਂ ਨੇ ਕਿਹਾ, 'ਸਾਡੇ ਫ਼ਲੈਟ 'ਚ ਸੱਪ ਕੋਈ ਨਹੀਂ। ਤੁਸੀਂ ਸਾਰਾ ਕਸੂਰ ਮੇਰੇ ਪੁੱਤਰ ਦੇ ਸਿਰ ਮੜ੍ਹਨ ਨੂੰ ਤਿਆਰ ਹੋ! ਆਪੇ ਸਾਫ਼ ਪਏ ਕਰੋ ਇਹਾਤਾ!' ਤੇ ਉਹ ਸਿੱਧੇ ਸਕੂਲ ਆਏ ਤੇ ਹੈਡਮਾਸਟਰ ਨੂੰ ਕਹਿਣ ਲਗੇ: 'ਆਪਣਾ ਪਸ਼ੂ-ਵਿਗਿਆਨੀ ਸਾਡੇ ਹਵਾਲੇ ਕਰ ਦਿਓ। ਲੋਕਾਂ ਨੇ ਕੰਮਾਂ ਤੇ

---

* ਕੋਰਨੇਈ ਚੁਕੋਵਸਕੀ ਦੀ ਬਚਿਆਂ ਨੂੰ ਡਾਢੀ ਪਿਆਰੀ ਲਗਦੀ ਇਕ ਕਹਾਣੀ ਦਾ ਡੰਗਰ-ਡਾਕਟਰ। — ਸੰਪਾ:

ਦੁਕਾਨਾਂ 'ਤੇ ਜਾਣਾ ਏਂ, ਤੇ ਕਿਸੇ ਨੂੰ ਘਰੋਂ ਨਿਕਲਣ ਦੀ ਹਿੰਮਤ ਨਹੀਂ ਪੈ ਰਹੀ।' ਮੈਂ ਇਕਦਮ ਬੁਝ ਲਿਆ, ਵਖ਼ਤ ਕੀ ਪੈ ਗਿਆ ਸੀ। ਕਲ੍ਹ ਮੈਂ ਦਲਦਲ 'ਚੋਂ ਘਾਹ ਦੇ ਸੱਪਾਂ ਦੇ ਕੁਝ ਆਂਡੇ ਇੱਕਠੇ ਕੀਤੇ ਸਨ, ਤੇ ਮੇਰੀ ਮਾਂ ਨੇ ਸ਼ਾਇਦ ਉਹਨਾਂ ਨੂੰ ਬਾਹਰ ਸੁਟ ਦਿਤਾ ਸੀ। ਉਹ ਕੂੜੇ ਦੇ ਨਿੱਘੇ ਢੋਲ 'ਚ, ਧੁੱਪ 'ਚ, ਆਂਡਿਆਂ 'ਚੋਂ ਨਿਕਲ ਆਏ ਹੋਣਗੇ। ਰਾਹ 'ਚ ਮੈਂ ਮਿਲੀਸ਼ੀਆ ਵਾਲੇ ਨੂੰ ਸਮਝਾਣ ਦੀ ਕੋਸ਼ਿਸ਼ ਕੀਤੀ, ਪਰ ਉਹ ਸੁਣਨ 'ਚ ਈ ਨਹੀਂ ਸੀ ਆਉਂਦਾ ਤੇ ਬੋਲਦਾ ਜਾਂਦਾ: 'ਘਰਾਂ ਵਾਲਿਆਂ 'ਚ ਜ਼ਹਿਰੀਲੇ ਸੱਪਾਂ ਨਾਲ ਦਹਿਸ਼ਤ ਫੈਲਾਣੀ...' ਮੈਂ ਉਹ ਛੋਟੇ-ਛੋਟੇ ਸੱਪ ਸਾਰੇ 'ਕੱਠੇ ਕਰ ਲਏ ਤੇ ਵਿਖਾਇਆ ਕਿ ਉਹ ਵਢਦੇ ਨਹੀਂ ਸਨ। ਪਰ ਜੁਰਮਾਨਾ ਸਾਨੂੰ ਤਾਂ ਵੀ ਭਰਨਾ ਪਿਆ... ਮੈਨੂੰ ਕਦੀ ਸੁਝਿਆ ਨਹੀਂ ਸੀ, ਮੇਰਾ ਸ਼ੌਕ ਕਿਸੇ ਦਿਨ ਮੇਰਾ ਕਿੱਤਾ ਬਣ ਜਾਵੇਗਾ..."

ਵਾਸੀਲੀ ਨੇ ਕਿਸੇ ਨੂੰ ਨਹੀਂ ਸੀ ਦਸਿਆ ਕਿ ਉਹਨੇ ਹਵਾਬਾਜ਼ੀ ਦੇ ਸਕੂਲ ਵਿਚ ਦਾਖ਼ਲਾ ਲੈਣ ਦੀ ਕੋਸ਼ਿਸ਼ ਕੀਤੀ ਸੀ। ਉਹਦੇ ਸਭ ਤੋਂ ਪੱਕੇ ਦੋਸਤ ਵਿਕਟਰ ਚੇਰਨਿਆਯੇਵ ਤੋਂ ਸਿਵਾ ਹੋਰ ਕਿਸੇ ਨੂੰ ਪਤਾ ਨਹੀਂ ਸੀ ਕਿ 'ਡਾ: ਹਾਇ-ਪੀੜ' ਦੀ ਅੱਲ ਵਾਲਾ ਓਪਰਾ-ਲਗਦਾ ਮਿਹਰਬਾਨ ਯੋਲਕਿਨ ਪਸ਼ੂ-ਵਿਗਿਆਨੀ, ਡੰਗਰ-ਡਾਕਟਰ ਤੇ ਏਥੋਂ ਤਕ ਕਿ ਅਫ਼ਰੀਕਾ ਵਿਚ ਵਡੇ ਜਾਨਵਰਾਂ ਦਾ ਸ਼ਿਕਾਰੀ ਬਣਨ ਦੇ ਸੁਫ਼ਨੇ ਨਹੀਂ ਸੀ ਲੈਂਦਾ, ਹਵਾਬਾਜ਼ ਬਣਨ ਦੇ ਸੁਫ਼ਨੇ ਲੈਂਦਾ ਸੀ। ਸਾਰੇ ਮੁੰਡੇ ਹੀ ਹਵਾਬਾਜ਼ ਬਣਨਾ ਚਾਹੁੰਦੇ ਸਨ, ਪਰ ਪਿਛੋਂ, ਵਡੇ ਹੋਣ ਉਤੇ, ਚਾਹਵਾਂ ਤੇ ਨਿਸ਼ਾਨੇ ਹੋਰ ਹੋ ਜਾਂਦੇ ਹਨ। ਪਰ ਵਾਸੀਲੀ ਤੇ ਵਿਕਟਰ ਨੇ ਆਪਣੇ ਅਖ਼ੀਰੀ ਇਮਤਹਾਨ ਪਿਛੋਂ ਹਵਾਬਾਜ਼ੀ ਦੇ ਇਕ ਸਕੂਲ ਨੂੰ ਅਰਜ਼ੀਆਂ ਘੱਲੀਆਂ।

"ਸ਼ੁਭ ਸਵੇਰ, ਸਾਥੀ ਕਪਤਾਨ," ਵਾਸੀਲੀ ਨੇ ਮੇਜ਼ ਦੁਆਲੇ ਬੈਠੇ ਫ਼ੌਜੀ ਨੂੰ ਉਹਦੇ ਮੋਢੇ ਦੀਆਂ ਫੀਤੀਆਂ ਦੇ ਤਾਰੇ ਗਿਣਦਿਆਂ ਆਖਿਆ।

"ਸ਼ੁਭ ਸਵੇਰ," ਕਪਤਾਨ ਨੇ ਮੂੰਹ ਉੱਪਰ ਕੀਤੇ ਬਿਨਾਂ ਜਵਾਬ ਦਿਤਾ, ਤੇ ਇਕ ਅਖ਼ਬਾਰ ਫੜਿਆ। "ਇਹ ਸੁਰਖ਼ੀ ਪੜ੍ਹ। ਪਰ ਅੱਗੇ ਨਾ ਆ। ਓਥੋਂ ਈ ਪੜ੍ਹ। ਐਨਕ ਲਾਣੈਂ? ਤਾ ਤੈਨੂੰ ਅਰਜ਼ੀ ਦੇਣ ਦੀ ਹਿੰਮਤ ਕਿਵੇਂ ਪਈ? ਬੇ-ਸ਼ਕ, ਮੈਂ ਸਮਝਦਾ ਹਾਂ... ਪਰ ਹਵਾਬਾਜ਼ ਸਿਰਫ਼ ਇਕੋ ਐਨਕ ਪਾਂਦਾ ਏ, ਆਪਣੇ ਗਾਗਲ।"

ਪਰ ਉਹਦਾ ਦੋਸਤ ਚੁਣ ਲਿਆ ਗਿਆ। ਆਪਣੀ ਖੁਸ਼ੀ ਨੂੰ ਨੱਪਦਾ, ਉਹ ਵਾਸੀਲੀ ਨੂੰ ਧਰਵਾਸ ਦੇਣ ਆਇਆ।

"ਬਸ, ਡਾਕਟਰਾ, ਜੀ ਖ਼ਰਾਬ ਨਾ ਕਰ! ਐਨਕ ਵਾਲਾ ਡਾਕਟਰ ਸਗੋਂ ਚੰਗਾ ਹੁੰਦੈ। ਬਹੁਤੀ ਸ਼ਾਨ ਵਾਲਾ ਲਗਦੈ।"

ਤੇ ਕਿਸਮਤ ਵਾਲੇ ਵਿਕਟਰ ਨੇ ਹਵਾਈ ਜਹਾਜ਼ਾਂ ਬਾਰੇ ਸਭ ਕੁਝ ਸਿਖਿਆ, ਪੈਰਾਸ਼ੂਟ ਨਾਲ ਛਾਲ ਮਾਰੀ, ਸਿਖਲਾਈ ਵਾਲੇ ਜਹਾਜ਼ ਵਿਚ ਚੱਕਰ ਲਾਏ ਤੇ ਆਮ ਤੌਰ ਉਤੇ, ਜੈਟ ਹਵਾਈ ਜਹਾਜ਼ ਚਲਾਣ ਲਈ ਤਿਆਰ ਹੋ ਗਿਆ। ਛੇਤੀ ਹੀ ਉਹ ਜਹਾਜ਼ ਚਲਾਣ ਲਗ ਪਿਆ ਤੇ ਉਹਨੇ ਦੁਨੀਆਂ ਨੂੰ ਉਪਰੋਂ ਵੇਖਿਆ।

ਵਿਦਿਆਰਥੀ ਨੂੰ ਹਵਾਬਾਜ਼ ਉਤੇ ਰੀਸ ਆਉਂਦੀ। ਪਰ ਜਦੋਂ ਉਹ ਬਿਨਾਂ ਪਹਿਲੋਂ ਸੋਚਿਆਂ-ਕਿਆਸਿਆਂ ਪੁਲਾੜੀ ਡਾਕਟਰ ਬਣ ਗਿਆ, ਉਹਨੂੰ ਰੀਸ ਆਉਣੀ ਬੰਦ ਹੋ ਗਈ। ਵਾਸੀਲੀ ਦਨੀਆਂ ਨੂੰ ਪਾਇਲਟ

ਚੇਰਨਿਆਯੇਵ ਤੋਂ ਅਸਲੋਂ ਹੀ ਹੋਰ ਤਰ੍ਹਾਂ ਚਿਤਾਰਨ ਲਗ ਪਿਆ: ਜੰਗਲਾਂ, ਦਰਿਆਵਾਂ ਤੇ ਸ਼ਹਿਰਾਂ ਦੀ ਰੂਪ-ਰੇਖਾ ਨਾਲ ਨਹੀਂ, ਸਗੋਂ ਇਕ ਬਹੁਤ ਵਡੇ ਗੋਲੇ ਦੇ ਰੂਪ ਵਿਚ, ਮਹਾਂਦੀਪਾਂ ਤੇ ਮਹਾਂਸਾਗਰਾਂ ਦੀ ਰੂਪ-ਰੇਖਾ ਨਾਲ। ਇਸ ਲਈ ਕਿ ਦੁਨੀਆਂ ਉਹਨਾਂ ਨੂੰ ਇਸ ਤਰ੍ਹਾਂ ਹੀ ਲਗਣੀ ਸੀ, ਜਿਨ੍ਹਾਂ ਨੂੰ ਉਹਨੇ ਪੁਲਾੜੀ ਉਡਾਣਾਂ ਲਈ ਸਿਖਲਾਈ ਦੇਣੀ ਸੀ।

## ਡਰੋ ਨਾ! ਡਰਨ ਵਾਲੀ ਕੋਈ ਗੱਲ ਨਹੀਂ!

"ਕੁਤਿਆਂ ਨੂੰ ਕਿਉਂ ਵਰਤਦੇ ਹੋ?" ਲੇਬਾਰਟਰੀ ਦੀ ਸਹਾਇਕ ਨੇ ਇਕ ਦਿਨ ਪੁਛਿਆ। "ਡੱਡੂ ਨਹੀਂ, ਬਾਂਦਰ ਨਹੀਂ, ਤੇ ਕੁੱਤੇ ਕਿਉਂ?"

"ਮੇਰਾ ਖ਼ਿਆਲ ਏ, ਇਹਦੇ ਬਹੁਤ ਸਾਰੇ ਕਾਰਨ ਨੇ," ਵਾਸੀਲੀ ਨੇ ਆਖਿਆ। "ਪਹਿਲਾ ਇਹ ਕਿ ਉਹਨਾਂ ਦਾ ਸਰੀਰ ਸਾਡੇ ਸਰੀਰਾਂ ਵਰਗਾ ਹੁੰਦੈ। ਦੂਜਾ ਇਹ ਕਿ ਉਹਨਾਂ ਨੂੰ ਗੇਝਾ ਜਲਦੀ ਪੈ ਜਾਂਦੀ ਏ ਤੇ ਉਹ ਵਸਾਹ ਖਾਣ ਵਾਲੇ ਹੁੰਦੇ ਨੇ। ਤੀਜਾ ਇਹ ਕਿ ਉਹ ਆਪਣੇ ਆਪ ਉਤੇ ਤਜਰਬੇ ਕਰ ਲੈਣ ਦੇਂਦੇ ਨੇ ਤੇ ਘਬਰਾਂਦੇ ਨਹੀਂ। ਤੇ ਫੇਰ ਸੋਚ, ਵਾਲੀਆ, ਕੁੱਤੇ ਬੰਦੇ ਨੂੰ ਕਿੰਜ ਅਕਸਰ ਬਹੁੜਦੇ ਨੇ। ਸ਼ਿਕਾਰ ਵੇਲੇ, ਜੰਗ 'ਚ, ਹਸਪਤਾਲਾਂ 'ਚ। ਉਹਨਾਂ ਨੂੰ ਹਮੇਸ਼ਾ ਹੀ ਸਕਾਊਟ ਬਣਾ ਕੇ ਘਲਿਆ ਜਾਂਦਾ ਏ। ਹੁਣ ਵੀ ਉਹ ਬ੍ਰਹਿਮੰਡ 'ਚ ਸਕਾਊਟ ਹੋਣਗੇ। ਇਸ ਲਈ ਚਲ ਆਪਣੀ ਹਵਾਲਗੀ ਵਾਲਿਆਂ ਕੋਲ ਜਾਈਏ ਤੇ ਵੇਖੀਏ, ਅਜ ਕੀ ਹਾਲ ਨੇ।"

ਛੋਟੇ-ਛੋਟੇ ਸਕਾਊਟਾਂ ਨੂੰ ਕੋਈ ਅੰਦਾਜ਼ਾ ਨਹੀਂ ਸੀ ਕਿ ਉਹ ਕਿੰਨੇ ਅਹਿਮ ਸਨ ਤੇ ਮੌਜ ਕਰ ਰਹੇ ਸਨ। ਉਹਨਾਂ ਨੂੰ ਮਿਹਰ ਵਾਲਾ ਸਲੂਕ ਚੰਗਾ ਲਗਦਾ ਸੀ, ਉਹਨਾਂ ਨੂੰ ਕੁਤਿਆਂ ਦੇ ਸ਼ੌਕ ਦਾ ਧਿਆਨ ਰਖ ਕੇ ਤਿਆਰ ਕੀਤੀ ਗਈ ਢਿਡ ਭਰਨ ਵਾਲੀ ਖ਼ੁਰਾਕ ਚੰਗੀ ਲਗਦੀ ਸੀ, ਖ਼ੁਰਾਕ, ਜਿਹਦੇ ਵਿਚ ਛੋਟੀਆਂ-ਛੋਟੀਆਂ ਹੱਡੀਆਂ ਤੇ ਸੰਖੀਆਂ ਤੇ ਏਥੋਂ ਤਕ ਕਿ ਬੋਟੀਆਂ ਵੀ ਹੁੰਦੀਆਂ ਸਨ। ਜੇ ਉਹ ਭੌਂਕਦੇ ਸਨ, ਤਾਂ ਇਹ ਭੌਂਕਣਾ ਮਿੱਤਰ-ਭਾਵ ਵਾਲਾ ਹੁੰਦਾ ਸੀ।

ਇਹਨਾਂ ਕਲ੍ਹ ਦੇ ਆਵਾਰਿਆਂ ਨੂੰ ਕਿੰਨੇ ਹੀ ਮਿਹਰਬਾਨ ਹਥ ਖੁਆਂਦੇ-ਪਿਆਂਦੇ, ਨੁਹਾਂਦੇ ਤੇ ਕੰਘੀ ਕਰਦੇ, ਤੋਲਦੇ ਤੇ ਨਾਪਦੇ ਸਨ, ਤੇ ਉਹਨਾਂ ਨੂੰ ਸੈਰ ਲਈ ਲੈ ਜਾਂਦੇ ਸਨ, ਉਹਨਾਂ ਨੂੰ ਸਾਫ਼-ਸੁਥਰਾ ਰਹਿਣਾ ਸਿਖਾਂਦੇ ਸਨ! ਜੇ ਕਿਸੇ ਸ਼ਤੂੰਗੜੇ ਨੂੰ ਇਕ ਧਰੋਲ ਪੈ ਵੀ ਜਾਂਦੀ, ਤਾਂ ਇਹ ਐਵੇਂ ਸ਼ੁਗਲ ਮੇਲੇ 'ਚ ਹੁੰਦੀ ਤੇ ਉਹਦੇ ਕਰਕੇ ਨਿਰਾਦਰੀ ਮਹਿਸੂਸ ਕਰਨ ਵਾਲੀ ਕੋਈ ਗੱਲ ਨਾ ਹੁੰਦੀ।

ਏਥੋਂ ਤਕ ਕਿ 'ਡੱਬਾ' ਨਾਂ ਵਾਲਾ ਨਿੱਕਾ ਜਿਹਾ ਰੰਗ ਬਰੰਗਾ ਕੁੱਤਾ, ਜਿਹੜਾ ਮਾੜੀ ਤੋਂ ਮਾੜੀ ਗੱਲ ਉਤੇ ਵੀ ਭੌਂਕ-ਭੌਂਕ ਫਾਵਾ ਹੋਣ ਲਈ ਤਿਆਰ ਹੋ ਜਾਂਦਾ ਸੀ, ਠੰਡਾ ਪੈ ਗਿਆ ਹੋਇਆ ਸੀ। ਉਹਦੀ ਸਿਰਫ਼ ਇਕੋ ਮੰਦੀ ਆਦਤ ਬਾਕੀ ਰਹਿ ਗਈ ਸੀ, ਉਹ ਇਹ ਸੀ ਕਿ ਕਿਸੇ ਦੇ ਚਾਣਚਕ ਪਿਛੋਂ ਆ ਜਾਣ ਉਤੇ ਤ੍ਰੱਭਕ ਪੈਣਾ ਤੇ ਦੰਦ ਕਢ ਲੈਣਾ। ਪ੍ਰੱਤਖ ਸੀ ਕਿ ਉਹਨੂੰ ਕਦੀ ਚੋਰੀ-ਚੋਰੀ ਪਿਛੋਂ ਆ ਪਏ ਕਿਸੇ ਖੋਰੀ


ਆਦਮੀ ਨੇ ਕੁਟਿਆ ਸੀ। ਇਸ ਲਈ ਜੇ ਡੱਬਾ ਕਿਸੇ ਹੱਡੀ ਨਾਲ ਰੁੱਝਾ ਹੁੰਦਾ ਜਾਂ ਸੁੱਤਾ ਹੁੰਦਾ, ਕੋਈ ਵੀ ਉਹਨੂੰ ਬੁਲਾਏ ਬਿਨਾਂ ਉਹਦੇ ਨੇੜੇ ਨਾ ਆਉਂਦਾ।

ਡੱਫ਼ਰ ਚੰਗੀ ਲਗਦੀ ਸੀ। ਉਹਦੀ ਡਾਢੀ ਸੁਹਣੀ ਪੂਛਲ ਸੀ, ਜਿਹੜੀ ਉਹਦੀ ਮਿਹਰ-ਭਰੀ ਕੁਤਿਆਲੀ ਆਤਮਾ ਦੀ ਪੂਰੀ ਵਿਸ਼ਾਲਤਾ ਪ੍ਰਗਟਾਂਦੀ ਸੀ। ਜਦੋਂ ਉਹ ਖ਼ੁਸ਼ ਹੁੰਦੀ, ਉਹਦੀ ਪੂਛ ਹਵਾ ਵਿਚ ਚਿਤਰਕਾਰ ਦੇ ਬੁਰਸ਼ ਵਾਂਗ ਲਹਿਰਾਂਦੀ। ਉਹ ਸੌ ਵਾਰੀ, ਹਜ਼ਾਰ ਵਾਰੀ, ਲਹਿਰਾ ਸਕਦੀ ਸੀ ਤੇ ਫੇਰ ਵੀ ਨਹੀਂ ਸੀ ਥਕਦੀ। ਹਾਂ, ਸ਼ਾਇਦ ਉਹ ਮਿੰਟ ਕੁ ਲਈ ਲਡਿਆਏ ਜਾਣ ਦੀ ਆਸ ਨਾਲ ਟਿਕੀ, ਸਿਰ ਦੇ ਨਾਲ-ਨਾਲ ਹੇਠਾਂ ਹੋ ਜਾਂਦੀ, ਪਰ ਉਹ ਫੇਰ ਉਡ ਪੈਂਦੀ, ਤੇ ਇਕ ਖ਼ਾਸ ਢੰਗ ਨਾਲ ਲਹਿਰਾਂਦੀ, ਜਿਵੇਂ ਕਹਿ ਰਹੀ ਹੋਵੇ, "ਜ਼ਿੰਦਗੀ 'ਤੇ ਮੈਂ ਖ਼ੁਸ਼ ਹਾਂ!" ਤੇ ਜਦੋਂ ਉਹਦੀ ਰੌਂ ਲੜਾਈ ਵਾਲੀ ਹੋ ਜਾਂਦੀ, ਉਹਦੀ ਪੂਛਲ ਕਿੱਡੇ ਉਕਸਾਊ ਢੰਗ ਨਾਲ ਖੜੀ ਹੋ ਜਾਂਦੀ, ਤੇ ਜਦੋਂ ਉਹ ਕਸੂਰਵਾਰ ਮਹਿਸੂਸ ਕਰਦੀ, ਉਹ ਕਿੱਡੀ ਸ਼ਰਮ ਨਾਲ ਉਹਨੂੰ ਟੰਙਾਂ ਵਿਚ ਵਾੜ ਲੈਂਦੀ। ਜਦੋਂ ਸੇਵਕ ਉਹਦਾ ਪਿਆਲਾ ਲੈ ਕੇ ਆਉਂਦਾ, ਜਿਹੜਾ ਭਾਵ ਉਹਦੀ ਪੂਛ ਦਾ ਸਿਰਾ — ਪੂਛ ਦੀਆਂ ਸਿਰਫ਼ ਅਖੀਰਲੀਆਂ ਕੁਝ ਪੋਰੀਆਂ — ਪ੍ਰਗਟਾਂਦਾ, ਲਫ਼ਜ਼ ਉਹਨੂੰ ਨਹੀਂ ਦਸ ਸਕਦੇ।

ਡੱਫ਼ਰ ਤੋਂ ਐਨ ਉਲਟ ਸੀ ਜਿੱਲੀ, ਸੁਸਤ ਪਾਲਮਾ। ਉਹ ਹਮੇਸ਼ਾ ਹੀ ਉਬਾਸੀਆਂ ਲੈਂਦੀ ਤੇ ਨਿੱਸਲ ਹੁੰਦੀ ਰਹਿੰਦੀ। ਉਹਦੇ ਜੱਤਲ ਕਾਲੇ ਕੰਨ ਉਹਦੀ ਚਿੱਟੀ ਥੂੰਨੀ ਦੇ ਦੋਵਾਂ ਪਾਸੇ ਇੰਜ ਲਮਕੇ ਹੁੰਦੇ, ਜਿਵੇਂ ਕਿਸੇ ਬੇ-ਧਿਆਨੇ ਦਰਜ਼ੀ ਨੇ ਗ਼ਲਤੀ ਨਾਲ ਸੀ ਦਿਤੇ ਹੋਣ।

ਪਤਲਾ ਛੋਟੇ ਵਾਲਾਂ ਵਾਲਾ 'ਮੁੰਡਾ' ਸੱਚੀਆਂ ਕਾਲੀਆਂ ਅੱਖਾਂ ਨਾਲ ਵੇਖਦਾ ਸੀ। ਓਸੇ ਹੀ ਬੇਦੋਸੇ ਹਾਵ-ਭਾਵ ਨਾਲ ਉਹ ਜੇਬ ਵਿਚ ਟੁੰਗਿਆ ਹੋਇਆ ਰੁਮਾਲ ਚੁਰਾ ਸਕਦਾ ਸੀ। ਜੇ ਚੋਰੀ ਕਰਦਿਆਂ ਫੜਿਆ ਜਾਂਦਾ, ਤਾਂ ਉਹ ਹਉਕਾ ਭਰਦਾ ਤੇ ਪੂਛ ਨੀਵੀਂ ਕਰ ਲੈਂਦਾ ਪਰ ਉਹ ਬੰਦੇ ਨਾਲ ਨਜ਼ਰਾਂ ਮੇਲੀ











ਰਖਦਾ, ਜਿਵੇਂ ਨਿਸ਼ੰਗ ਹੋ ਕਹਿ ਰਿਹਾ ਹੋਵੇ, "ਵੇਖੋ ਨਾ, ਗਲੀਆਂ-ਬਾਜ਼ਾਰਾਂ ਤੋਂ ਕੋਈ ਸਿੱਖ ਵੀ ਕੀ ਸਕਦਾ ਏ ? ਹਾਲਤ ਕੀ ਏ, ਮੈਨੂੰ ਚੰਗੀ ਤਰ੍ਹਾਂ ਪਤਾ ਏ, ਪਰ ਮੈਂ ਆਪਣੇ ਆਪ ਨੂੰ ਰੋਕ ਹੀ ਨਹੀਂ ਸਕਦਾ..." ਕੁਝ ਮਿੰਟਾਂ ਦੇ ਡੂੰਘੇ ਪਛਤਾਵੇ ਪਿਛੋਂ, ਨਿੱਕਾ ਚੋਰ ਫੇਰ ਕੁਝ ਚੁਰਾ ਲੈਂਦਾ। ਸਚੀ ਮੁਚੀ ਹੀ 'ਮੁੰਡੇ' ਨੂੰ ਮੁੜ ਕੇ ਸਿਖਾਣਾ-ਪੜ੍ਹਾਣਾ ਪੈਣਾ ਸੀ!

ਸਮਾਂ ਲੰਘਦਾ ਗਿਆ, ਰੈਗਸ ਵੀ ਬਦਲਿਆ, ਜਿਵੇਂ ਹੋਰ ਬਦਲੇ ਸਨ; ਘਾਬਰ ਦੀ ਥਾਂ ਸ਼ਾਂਤੀ ਆ ਗਈ। ਉਹ ਬਹੁਤ ਹੀ ਚੁਪੀਤਾ ਹੋ ਗਿਆ, ਉਹ ਕਦੀ ਘਟ ਹੀ ਭੌਂਕਦਾ, ਕਿੱਝਦਾ ਨਾ, ਤੇ ਆਪਣੇ ਗਵਾਂਢੀਆਂ ਨਾਲ ਨਾ ਲੜਦਾ। ਪਰ ਇਸ ਸ਼ਾਂਤੀ ਵਿਚ ਉਪਰਾਮਤਾ ਜਾਂ ਸੁਸਤੀ ਵਰਗੀ ਕੋਈ ਚੀਜ਼ ਨਹੀਂ ਸੀ। ਉਹ ਪੂਰੀ ਤਰ੍ਹਾਂ ਸਾਵਧਾਨ ਰਹਿੰਦਾ। ਉਹਦੇ ਚੌਕੰਨੇ ਕੰਨ ਤੀਰਾਂ ਦੀਆਂ ਅਣੀਆਂ ਵਾਂਗ ਅਗੇ ਵਲ ਖੜੇ ਹੁੰਦੇ, ਤੇ ਉਹਦੀਆਂ ਅੱਖਾਂ ਹਾਲਤ ਵਿਚ ਆਈ ਮਾੜੀ ਤੋਂ ਮਾੜੀ ਤਬਦੀਲੀ ਨੂੰ ਵੀ ਭਾਂਪ ਲੈਂਦੀਆਂ। ਰੈਗਸ ਸਮਝਣ ਦੀ ਕੋਸ਼ਿਸ਼ ਕਰਦਾ, ਚਿੱਟਿਆਂ ਉਤੇਰਨਾਂ ਵਾਲੇ ਲੋਕੀ ਉਹਦੇ ਤੋਂ ਕੀ ਚਾਹੁੰਦੇ ਸਨ, ਉਹਨਾਂ ਦੀ ਮਿਹਰ ਤੇ ਸਖ਼ਾਵਤ ਦਾ ਮਤਲਬ ਕੀ ਸੀ ? ਕੀ ਕੋਈ ਨਵੀਂ ਅਣ-ਸੁਖਾਵੀਂ ਚੀਜ਼ ਉਹਦੀ ਉਡੀਕ ਕਰ ਰਹੀ ਸੀ ?

ਇਕ ਵਾਰੀ ਵਾਸੀਲੀ ਉਹਦੇ ਪਿੰਜਰੇ ਅਗੇ ਆਮ ਨਾਲੋਂ ਬਹੁਤਾ ਚਿਰ ਅਟਕਿਆ। ਕੁਝ ਚਿਰ ਚੁਪ-ਚਾਪ ਖਲੋਤੇ ਰਹਿਣ ਪਿਛੋਂ, ਡਾਕਟਰ ਨੇ ਦ੍ਰਿੜ੍ਹਤਾ ਨਾਲ ਬੂਹਾ ਖੋਲ੍ਹਿਆ।

"ਏਧਰ ਆ, ਝੁੱਟਮਾਰ!"

ਰੈਗਸ ਨੂੰ ਖ਼ੁਸ਼ੀ ਚੜ੍ਹ ਗਈ। ਉਹਦੀਆਂ ਕਾਲੀਆਂ ਅੱਖਾਂ ਵਿਚ ਚਿਣਗਾਂ ਲਿਸ਼ਕੀਆਂ। ਅਖ਼ੀਰ ਉਹ ਆਪਣੇ ਅਕਾਊ ਪਿੰਜਰੇ ਵਿਚੋਂ ਨਿਕਲਣ ਲਗਾ ਸੀ! ਪਰ ਉਹਨੇ ਆਪਣੀ ਖ਼ੁਸ਼ੀ ਕਿਸੇ ਤਰ੍ਹਾਂ ਵੀ ਪ੍ਰਗਟ ਨਾ ਹੋਣ ਦਿਤੀ। ਉਹ ਹੌਲੀ-ਹੌਲੀ ਉਠਿਆ ਤੇ ਕਾਹਲ ਕੀਤੇ ਬਿਨਾਂ ਇਸ ਓਪਰੇ ਆਦਮੀ ਦੇ ਪਿੱਛੇ-ਪਿੱਛੇ ਹੋ ਪਿਆ, ਜਿਹੜਾ ਉਹਨੂੰ ਸਜ਼ਾ ਦੇਣੀ ਭੁਲ ਗਿਆ ਸੀ। ਸਿਰ ਉੱਪਰ ਕੀਤੇ ਬਿਨਾਂ ਉਹ ਉਹਨਾਂ ਕਾਲੀਆਂ

ਅੱਡੀਆਂ ਦੇ ਪਿੱਛੇ-ਪਿੱਛੇ ਲੰਮੇ ਲਾਂਘੇ ਵਿਚ ਟੁਰ ਪਿਆ ਤੇ ਸਾਰਾ ਵਕਤ ਆਪਣੇ ਆਪ ਨੂੰ ਇਮਾਰਤ ਤੋਂ ਜਾਣੂ ਕਰਾਂਦਾ ਗਿਆ। ਪਹਿਲੋਂ ਪਹਿਲ ਫ਼ਰਸ਼ ਦੀ ਪਾਲਿਸ਼ ਦੀ ਤੇਜ਼ ਹੁਆੜ ਨੇ ਉਹਦੀਆਂ ਨਾਸਾਂ ਜਲੂਣੀਆਂ, ਫੇਰ ਰਸੋਈ ਵਿਚੋਂ ਖਾਣੇ ਦੀਆਂ ਵਾਸ਼ਨਾਵਾਂ ਦੀ ਨਿੱਘੀ, ਸੁਖਾਵੀਂ ਲਹਿਰ ਉਹਨੂੰ ਲੱਗੀ, ਫੇਰ ਉਹਨੂੰ ਦਵਾਈਆਂ ਵਾਲੀ ਪੇਟੀ ਦੀ ਮੁਸ਼ਕ ਆਈ।

ਉਹ ਇਕ ਕਮਰੇ ਵਿਚ ਦਾਖ਼ਲ ਹੋਏ, ਜਿਹਦੀਆਂ ਕੋਈ ਖ਼ਾਸ ਹੁਆੜਾਂ ਨਹੀਂ ਸਨ, ਪਰ ਕੁੱਤੇ ਨੂੰ ਮਸ਼ੀਨ ਦੇ ਤੇਲ ਦੀ ਮਾੜੀ-ਮਾੜੀ ਮੁਸ਼ਕ ਆ ਹੀ ਗਈ। ਕੰਧ ਦੇ ਨਾਲ ਕਾਲੀਆਂ ਤੇ ਚਿੱਟੀਆਂ ਪੇਟੀਆਂ ਰੱਖੀਆਂ ਪਈਆਂ ਸਨ। ਰੈਗਸ ਨੇ ਉਹਨਾਂ ਸਾਰਿਆਂ ਨੂੰ ਵਾਰੀ-ਵਾਰੀ ਸੁੰਘਿਆ, ਸੁਖਾਵੀਂ ਸੀਤ ਧਾਤ ਨੂੰ ਆਪਣਾ ਨੱਕ ਲਾਇਆ।

ਉਹਨੇ ਘੂੰ-ਘੂੰ ਦੀ ਆਵਾਜ਼ ਸੁਣੀ ਤੇ ਖਲੋ ਗਿਆ। ਇਕ ਨਿੱਕਾ ਜਿਹਾ ਡੱਬਾ ਘੂੰ-ਘੂੰ ਕਰ ਰਿਹਾ ਸੀ, ਤੇ ਆਦਮੀ ਉਹਨੂੰ ਇਕ ਗਲ੍ਹ ਨਾਲ ਘੁਟਦਾ ਤੇ ਫੇਰ ਦੂਜੀ ਗਲ੍ਹ ਨਾਲ। ਰੈਗਸ ਨੇ ਇਹ ਅਜੀਬ ਚੀਜ਼ ਪਹਿਲੀ ਵਾਰੀ ਵੇਖੀ ਸੀ।

"ਝੁੱਟਮਾਰ, ਕੋਈ ਏਤਰਾਜ਼ ਨਹੀਉਂ, ਜੇ ਮੈਂ ਦਾੜ੍ਹੀ ਮੁੰਨ ਲਾਂ ਤਾਂ?" ਉਹਦੀਆਂ ਧਿਆਨ-ਭਰੀਆਂ ਨਜ਼ਰਾਂ ਤਾੜਦਿਆਂ ਵਾਸੀਲੀ ਨੇ ਪੁਛਿਆ। "ਪਹਿਲੋਂ ਬਿਜਲੀ ਦੇ ਉਸਤਰੇ ਦਾ ਵਾਕਫ਼ ਹੋ ਜਾ। ਫੇਰ ਦੂਜੀਆਂ ਮਸ਼ੀਨਾਂ ਦਾ ਵਾਕਫ਼ ਹੋ ਜਾਈਂ।"

ਜਦੋਂ ਵਾਸੀਲੀ ਨੇ ਹਜਾਮਤ ਕਰ ਲਈ, ਉਹਨੇ ਤਾਰ ਨੂੰ ਵਲ ਲਿਆ ਤੇ ਸ਼ੇਵਰ ਨੂੰ ਆਪਣੀ ਜੇਬ ਵਿਚ ਪਾ ਲਿਆ। ਫੇਰ ਉਹ ਇਕ ਵਡੀ ਸਾਰੀ ਕਾਲੀ ਪੇਟੀ ਕੋਲ ਗਿਆ ਤੇ ਉਹਨੇ ਉਂਗਲ ਨਾਲ ਇਕ ਬਟਨ ਦਬਾ ਦਿਤਾ। "ਗਰਰਰ-ਰ-ਰ," ਪੇਟੀ ਘੁਰਕਣ ਲਗ ਪਈ, ਤੇ ਕੁੱਤਾ, ਉਹਦੇ ਵਲ ਧਿਆਨ ਨਾਲ ਝਾਕਦਿਆਂ, ਪਿਛੇ ਹੋ ਗਿਆ।

ਜਦੋਂ ਰੈਗਸ ਨੇ ਡਾਢੀ ਤੁੰਦੀ ਨਾਲ ਧਿਆਨ ਲਾਇਆ ਹੋਇਆ ਸੀ, ਉਹਦੀ ਲੰਮੀ ਥੂੰਨੀ ਪਹਿਲਾਂ ਨਾਲੋਂ ਛੋਟੀ ਲਗਦੀ ਸੀ, ਤੇ ਉਹਦੀ ਧੌਣ ਵਾਲੀ ਜੱਤ ਖੜੀ ਹੋ ਗਈ ਹੋਈ ਸੀ। ਕੁੱਤੇ ਨੂੰ ਤਜਰਬੇ ਤੋਂ ਪਤਾ ਸੀ ਕਿ ਘੁਰ-ਘੁਰ ਤੇ ਘੂੰ-ਘੂੰ ਕਰਨ ਵਾਲੀ ਚੀਜ਼ ਅੱਗੇ ਕੁੱਦ ਸਕਦੀ ਸੀ ਤੇ ਉਹਨੂੰ ਪੈ ਸਕਦੀ ਸੀ।

ਜਿਵੇਂ ਹੀ ਉਹ ਇੰਜਨ ਖਲੋਤਾ, ਵਾਸੀਲੀ ਨੇ ਇਕ ਹੋਰ ਚਲਾ ਦਿਤਾ। ਇਹ ਕਿਸੇ ਪੁਰਾਣੇ ਥੱਕੇ ਪਏ ਬੰਬੇ ਵਾਂਗ ਫਪ-ਫਪ ਕਰਦਾ ਸੀ। "ਪੁਫ-ਪੁਫ, ਪੁਫ-ਪੁਫ," ਪੰਪ ਉਸ ਅਕਾਵੇਂ ਕੰਮ ਦੀ ਸ਼ਿਕਾਇਤ ਕਰਦਾ, ਜਿਹੜਾ ਉਹਨੂੰ ਕਰਨਾ ਪੈ ਰਿਹਾ ਸੀ, ਉਹਨੇ ਆਪਣੀ ਸਾਰੀ ਜ਼ਿੰਦਗੀ ਆਪਣੇ ਸਾਰੇ ਅੰਦਰ ਤੇਲ ਨੂੰ ਗੇੜਾ ਦੇਂਦਾ ਰਹਿਣਾ ਸੀ। "ਫੂਹ-ਹ," ਪੰਪ ਨੇ ਅਖ਼ੀਰੀ ਵਾਰ ਬੁੜ-ਬੁੜ ਕੀਤੀ ਤੇ ਚੁਪ ਹੋ ਗਿਆ।

ਰੈਗਸ ਕਮਰੇ ਦੇ ਅਧ-ਵਿਚਾਲੇ ਬੈਠਾ ਸੀ ਤੇ ਅੱਖਾਂ ਝਮਕ ਰਿਹਾ ਸੀ।

"ਤੈਨੂੰ ਇਹਦੀ ਹਿਲਤਰ ਪਾਣੀ ਪਵੇਗੀ, ਝੁੱਟਮਾਰ," ਵਾਸੀਲੀ ਨੇ ਆਖਿਆ। "ਮਸ਼ੀਨਾਂ ਨਾਲ ਤੇਰਾ ਚੋਖਾ ਵਾਹ ਪਿਆ ਕਰੇਗਾ।"

ਉਹ ਇਕ ਫਿੱਕੇ ਰੰਗ ਵਾਲੀ ਚੀਨੀ-ਚੜ੍ਹੀ ਪੇਟੀ ਕੋਲ ਗਿਆ ਤੇ ਉਹਨੂੰ ਚਲਾ ਦਿਤਾ। ਇਕ ਕੰਨ-ਪਾੜਵੀਂ ਚੀਕ ਸੁਣ ਕੁੱਤਾ ਬੂਹੇ ਵਲ ਉਡਿਆ। ਚੀਕ ਇਕਦਮ ਬੰਦ ਹੋ ਗਈ ਤੇ ਪਿਛੋਂ ਹੋਈ ਚੁਪ ਵਿਚ ਇਕ ਅਡੋਲ ਆਵਾਜ਼ ਉਚੀ ਹੋਈ।



"ਡਰ ਨਾ! ਵੱਡੀ ਗੱਲ ਹੀ ਨਾ ਡਰਨਾ ਏ। ਤੂੰ ਬੜਾ ਦਲੇਰ ਏਂ। ਇਹ ਡਰਾਉਨੀ ਨਹੀਂ।"

ਰੈਗਸ ਬੂਹੇ ਵਲ ਪਿੱਠ ਕਰ ਕੇ ਬਹਿ ਗਿਆ ਤੇ ਉਹਨੇ ਆਪਣੀਆਂ ਸੂਝ-ਭਰੀਆਂ ਅੱਖਾਂ ਨਾਲ ਆਦਮੀ ਦੇ ਮੂੰਹ ਉਤੇ ਟਕ ਲਾ ਲਈ। ਆਦਮੀ ਮੁਸਕਰਾਇਆ, ਇਹ ਸੋਚਦਾ, "ਡਰਾਕਲ ਨਹੀਂ ਇਹ।"

ਡਾਕਟਰ ਫੇਰ ਪੇਟੀ ਕੋਲ ਗਿਆ। ਇਸ ਵਾਰੀ ਕੁੱਤੇ ਦਾ ਇਕ ਪੱਠਾ ਵੀ ਨਾ ਫੜਕਿਆ ਤੇ ਉਹ ਕੁਲਹਿਣੀ ਚੀਕ ਨੂੰ ਸਬਰ ਨਾਲ ਸੁਣਦਾ ਰਿਹਾ।

"ਅਜ ਲਈ ਕਾਫ਼ੀ ਏ," ਆਦਮੀ ਨੇ ਕਿਹਾ, ਤੇ ਰੈਗਸ ਕਾਲੇ ਬੂਟਾਂ ਦੇ ਪਿੱਛੇ-ਪਿੱਛੇ ਵਾਪਸ ਪਰਤਿਆ। ਉਹਦੇ ਕੰਨ ਅਜੇ ਵੀ ਗੂੰਜ ਰਹੇ ਸਨ। ਇਸ ਲਈ, ਉਹਨੇ ਲਾਂਘੇ ਦੀਆਂ ਹੁਆੜਾਂ ਵਲ ਕੋਈ ਧਿਆਨ ਨਾ ਦਿਤਾ।

ਝੁੱਟਮਾਰ ਦੇ ਗਵਾਂਢੀ ਵੀ ਇਸ ਕਮਰੇ ਵਿਚ ਲਿਜਾਏ ਗਏ। ਕੁਝ ਅਡੋਲ ਰਹੇ, ਕੁਝ ਭੌਂਕਣ ਲਗ ਪਏ, ਤੇ ਕੁਝ ਤਾਂ ਅਮਨ ਨਾਲ ਫਪ-ਫਪ ਕਰਦੇ ਪੰਪ ਤਕ ਤੋਂ ਤਰਹਿ ਵੀ ਗਏ। ਪਰ ਹੌਲੀ-ਹੌਲੀ, ਕਈ ਵਾਰੀਆਂ ਪਿਛੋਂ, ਉਹਨਾਂ ਸਭਨਾਂ ਨੂੰ ਰੌਲਿਆਂ ਦੀ ਹਿਲਤਰ ਪੈ ਗਈ।

ਪਿਛੋਂ ਭਵਿਖ ਦੇ ਅਕਾਸ਼ੀ ਸਕਾਊਟਾਂ ਨੂੰ ਇਕ-ਇਕ ਕਰ ਪਿੰਜਰਿਆਂ ਵਿਚ ਪਾਇਆ ਗਿਆ। ਪਿੰਜਰੇ ਹਰ ਰੋਜ਼ ਛੋਟੇ ਹੁੰਦੇ ਗਏ। ਅਖ਼ੀਰਲਾ ਪਿੰਜਰਾ ਏਨਾ ਛੋਟਾ ਸੀ ਕਿ ਸੀਖਾਂ ਕੁੱਤੇ ਦੇ ਪਾਸਿਆਂ ਨਾਲ ਲਗਦੀਆਂ ਸਨ ਤੇ ਉਹਦੇ ਨਕ ਦੀ ਕਾਲੀ ਬੂਬੀ ਸੀਤ ਧਾਤ ਨਾਲ ਛੂਹ ਸਕਦੀ ਸੀ।

ਕੁੱਤੇ ਇਹਨੂੰ ਕੋਈ ਅਕਾਵੀਂ ਖੇਡ ਸਮਝਦੇ ਸਨ, ਪਰ, ਇਹ ਕਿੰਨੇ ਹੀ ਦਿਨ ਹੁੰਦੀ ਰਹੀ। ਡਾਕਟਰ ਇਹਨੂੰ ਇਹ ਅਹਿਮ ਤਜਰਬਾ ਸਮਝਦੇ ਸਨ ਤੇ ਇਹਨੂੰ "ਆਜ਼ਾਦੀ ਦਾ ਘਟਾਏ ਜਾਣਾ" ਕਹਿੰਦੇ ਸਨ।

ਕੁੱਤੇ ਨੂੰ ਸੂਟਕੇਸ ਵਿਚ ਬੰਦ ਕਰਨ ਦੀ ਕੋਸ਼ਿਸ਼ ਕਰੋ ਤੇ ਉਹ ਏਡੀ ਡੰਡ ਪਾ ਦੇਵੇਗਾ ਕਿ ਤੁਸੀਂ ਘਰੋਂ ਭਜ ਜਾਵੋਗੇ। ਤੇ ਕਲ੍ਹ ਦੇ ਆਵਾਰਾ ਕੁਤਿਆਂ ਦੀ ਖੁਲ੍ਹ ਘਟਾਂਦਿਆਂ ਤਾਂ ਹੋਰ

ਵੀ ਬਹੁਤੇ ਧਿਆਨ ਤੋਂ ਕੰਮ ਲੈਣਾ ਪੈਂਦਾ ਹੈ। ਪਿੰਜਰੇ ਨੇ ਆਵਾਰਿਆਂ ਨੂੰ ਸਿਖਾਇਆ : ਇਹ ਚੌਕ ਨਹੀਂ, ਸੜਕ ਨਹੀਂ, ਕੋਈ ਫਾਟਕ ਨਹੀਂ, ਤੁਹਾਡਾ ਘਰ ਹੈ। ਅਗਲਾ ਪਿੰਜਰਾ ਹੋਰ ਵੀ ਛੋਟਾ ਸੀ, ਤੇ ਉਹਨਾਂ ਫੇਰ ਨਵੇਂ ਸਿਰੋਂ ਸਿਖਿਆ : ਇਹ ਸੜਕ ਨਹੀਂ, ਕੋਈ ਫਾਟਕ ਨਹੀਂ, ਨਾ ਹੀ ਕਲ੍ਹ ਵਾਲਾ ਘਰ ਹੈ, ਇਹ ਤੇਰਾ ਨਵਾਂ ਘਰ ਹੈ। ਤੇ ਆਰਾਮ ਨਾਲ ਬਹਿ!



ਜਿਵੇਂ ਕਿ, ਹਰ ਕੋਈ ਜਾਣਦਾ ਹੈ, ਆਦਤਾਂ ਸਮੇਂ ਨਾਲ ਹੀ ਪੈਂਦੀਆਂ ਹਨ। ਮਿਸਾਲ ਵਜੋਂ, ਸਹਾਇਕ ਡੱਫ਼ਰ ਨੂੰ ਧਾਤ ਦੇ ਇਕ ਟਰੇ ਨਾਲ, ਜਿਹੜਾ ਬਚਿਆਂ ਨੂੰ ਤੋਲਣ ਦੀ ਮਸ਼ੀਨ ਵਰਗਾ ਸੀ, ਤਾਰ ਦੇ ਇਕ ਟੋਟੇ ਦੀ ਮਦਦ ਨਾਲ ਬੰਨ੍ਹਦੀ, ਪਰ ਡੱਫ਼ਰ ਤਾਰ ਨੂੰ ਇਕਦਮ ਹੀ ਚਿੱਥ ਛਡਦੀ। ਉਹ ਉਹਨੂੰ ਪੋਲੇ ਜਿਹੇ ਫੇਰ ਰਖ ਦੇਂਦੇ ਤੇ ਫੇਰ ਬੰਨ੍ਹ ਦੇਂਦੇ, ਤੇ ਮਿੱਤਰ-ਭਾਵ ਨਾਲ ਪੂਛ ਹਿਲਾਂਦਿਆਂ, ਡੱਫ਼ਰ ਤਾਰ ਨੂੰ ਫੇਰ ਚਿਥ ਕੇ ਰਖ ਦੇਂਦੀ।



ਜਿੱਤ ਕਿਹਦੀ ਹੋਣੀ ਸੀ? ਬਹੁਤੇ ਹੱਠ ਵਾਲਾ ਕੌਣ ਸੀ?

ਅਖ਼ੀਰ ਦਿਨ ਆਇਆ, ਜਦੋਂ ਡੱਫ਼ਰ ਬੱਝੇ ਹੋਣ ਵੇਲੇ ਚੈਨ ਨਾਲ ਬਹਿਣ ਲਗ ਪਈ, ਤੇ ਉਹਨੇ ਤਾਰ ਉਤੇ ਆਪਣੇ ਦੰਦ ਨਾ ਵਰਤੇ।

ਹੁਣ ਅਸਲੀ ਕੰਮ ਸ਼ੁਰੂ ਕਰ ਸਕਣਾ ਸੰਭਵ ਹੋ ਗਿਆ ਸੀ। ਪ੍ਰੋਫ਼ੈਸਰ ਨੇ ਡਾਕਟਰਾਂ ਨੂੰ ਇੱਕਠਿਆਂ ਬੁਲਾਇਆ। ਉਹਨਾਂ ਦੀ ਛੋਟੀ ਜਿਹੀ ਕਾਨਫ਼ਰੰਸ ਲੜਾਈ ਤੋਂ ਪਹਿਲਾਂ ਕਮਾਂਡਰਾਂ ਦੀ ਮੀਟਿੰਗ ਦੀ ਯਾਦ ਦਵਾਉਂਦੀ ਸੀ। ਹਰ ਇਕ ਨੂੰ ਆਪਣੇ ਕੰਮ ਦਾ ਪਤਾ ਸੀ, ਪਰ ਆਪਣੇ ਮੁਖੀ ਦੇ ਹੁਕਮ ਸੁਣ, ਉਹਨੇ ਕੰਮ ਨੂੰ ਫੇਰ ਦਸਿਆ, ਤਾਂ ਜੁ ਨਾਜ਼ੁਕ ਤਜਰਬੇ ਵੇਲੇ ਕੋਈ ਗ਼ਲਤੀ ਨਾ ਹੋ ਜਾਵੇ।



"ਮੇਰਾ ਖਿਆਲ ਏ," ਪ੍ਰੋਫ਼ੈਸਰ ਨੇ ਆਖਿਆ, "ਡੀਜ਼ਾਈਨਕਾਰ ਬਹੁਤ ਹੀ ਛੇਤੀ ਸਾਨੂੰ ਦੱਸਣਗੇ ਕਿ ਪੁਲਾੜੀ ਜਹਾਜ਼ ਤਿਆਰ ਏ। ਪਰ ਸਾਡੀ ਇਜਾਜ਼ਤ ਤੋਂ ਬਿਨਾਂ ਉਪਰ ਕੋਈ ਨਹੀਂ ਜਾਣ ਲਗਾ। ਹੁਣ ਅਸੀਂ ਜਾਨੌਰਾਂ ਨੂੰ ਬਿਠਾ

ਨਵੀਆਂ ਉਡਾਣਾਂ ਦੀਆਂ ਵਿਉਂਤਾਂ ਬਣਾ ਰਹੇ ਹਾਂ। ਸਾਡੇ ਸਕਾਊਟਾਂ ਨੂੰ ਪੰਜ ਖ਼ਤਰੇ ਹੋਣਗੇ। ਪਹਿਲਾ, ਇੰਜਨਾਂ ਦੀ ਥਰਥਰੀ ਦਾ। ਦੂਜਾ, ਰਫ਼ਤਾਰ ਦੇ ਵਧਣ ਤੇ ਘਟਣ ਦੀਆਂ ਕੁਚਲਵੀਆਂ ਸ਼ਕਤੀਆਂ ਦਾ। ਤੀਜਾ, ਨਿਰਭਾਰਤਾ ਦਾ। ਚੌਥਾ, ਵਡੀਆਂ ਉਚਾਈਆਂ 'ਤੇ ਵਾਯੂ-ਮੰਡਲ ਦੇ ਨਾ ਹੋਣ ਦਾ। ਪੰਜਵਾਂ ਤੇ ਅਖ਼ੀਰਲਾ, ਬਾਹਰਲੇ ਪੁਲਾੜ ਵਿਚ ਖ਼ਤਰਨਾਕ ਕਿਰਨਾਹਟ ਦਾ। ਇਹ ਕਾਸਮੋਨਾਟਾਂ ਦੇ ਪੰਜ ਗੁੱਝੇ ਵੈਰੀ ਨੇ, ਤੇ ਅਸੀਂ ਮਿਥਣਾ ਏਂ, ਇਹਨਾਂ ਦਾ ਸਰੀਰ 'ਤੇ ਐਨ ਕਿਸ ਤਰ੍ਹਾਂ ਦਾ ਅਸਰ ਹੁੰਦਾ ਏ। ਕਲ੍ਹ ਤੋਂ, ਅਸੀਂ ਕੁਤਿਆਂ ਨੂੰ ਆ ਰਹੀਆਂ ਉਡਾਣਾਂ ਲਈ ਤਿਆਰ ਕਰਨਾ ਏ। ਹਰ ਸੰਭਵ ਚੀਜ਼ ਉਹਨਾਂ ਨੂੰ ਏਥੇ ਹੀ ਮਹਿਸੂਸ ਕਰਾਈਏ।"

## ਹੁਣ ਅਸੀਂ ਸ਼ੁਰੂ ਕਰਦੇ ਹਾਂ

ਉਸ ਸਵੇਰੇ ਨਰਮ-ਨਰਮ ਚਿੱਟੀ ਬਰਫ਼ ਹੌਲੀ-ਹੌਲੀ ਅਸਮਾਨ ਤੋਂ ਪੈ ਰਹੀ ਸੀ। ਵਾਸੀਲੀ ਪਿੰਜਰਿਆਂ ਕੋਲ ਗਿਆ ਤੇ ਉਹਨੇ ਕੁਤਿਆਂ ਨਾਲ ਆਮ ਨਾਲੋਂ ਬਹੁਤਾ ਚਿਰ ਗੱਲਾਂ ਕੀਤੀਆਂ। ਝੁੱਟਮਾਰ ਕੋਲ ਅਟਕਦਿਆਂ, ਉਹਨੇ ਪਿਆਰ ਨਾਲ ਪੁਛਿਆ:

"ਕੀ ਹਾਲ ਹੀ? ਮੈਨੂੰ ਦਿਸ ਰਿਹਾ ਏ, ਕੰਨਾਂ ਤੋਂ ਦਿਸ ਰਿਹਾ ਏ: ਚੰਗਾ ਏ! ਝੁੱਟਮਾਰ, ਸਰਦੀ ਚੰਗੀ ਲਗਦੀ ਆ? ਅਜ ਅਸੀਂ ਸ਼ੁਰੂ ਕਰ ਰਹੇ ਹਾਂ! ਅਸੀਂ ਸ਼ੁਰੂ ਕਰ ਰਹੇ ਹਾਂ" ਆਪਣੇ ਵਾਲ ਖਿਲੇਰਦਿਆਂ, ਉਹਨੇ ਦੁਹਰਾਇਆ। "ਝੁੱਟਮਾਰ, ਮੁੰਡਿਆ ਤੇ ਡੱਫ਼ਰੇ, ਮੇਰੇ ਨਾਲ ਆਓ!"

ਉਸ ਸਵੇਰੇ, ਪਹਿਲੀ ਬਰਫ਼ ਵਾਲੀ ਸਵੇਰੇ, ਝੁੱਟਮਾਰ ਲਈ ਪਿੰਜਰਾ ਚੁੱਪਟ ਖੁਲ੍ਹ ਗਿਆ, ਤੇ ਉਹਨੇ ਇਕ ਨਵੀਂ, ਔਖਿਆਈਆਂ ਪਰ ਖੁਸ਼ੀਆਂ ਵਾਲੀ ਦੁਨੀਆਂ ਵਿਚ ਪੈਰ ਧਰਿਆ।

ਵਾਲੀਯਾ ਨੇ ਕੁਤਿਆਂ ਨੂੰ ਫਿੱਕੇ ਹਰੇ ਰੰਗ ਦੇ ਕਪੜੇ ਦੀਆਂ ਛੋਟੀਆਂ-ਛੋਟੀਆਂ ਕਮੀਜ਼ਾਂ ਤੇ ਕੱਛੀਆਂ ਪਾ ਦਿਤੀਆਂ। ਬੱਕਲ ਬੰਦ ਕਰਦਿਆਂ ਉਹ ਆਪਣੇ ਆਪ ਉਤੇ ਬਹੁਤ ਖੁਸ਼ ਲਗਦੀ ਸੀ, ਕਿਉਂ ਜੁ ਇਹ ਨਿੱਕੇ-ਨਿੱਕੇ ਸੂਟ ਉਹਨੇ ਖ਼ੁਦ ਆਪ ਡੀਜ਼ਾਈਨ ਕੀਤੇ ਤੇ ਸੀਤੇ ਸਨ। ਕੁੱਤੇ ਹੁਣ ਛੋਟੇ-ਛੋਟੇ ਪੈਰਾਸ਼ੂਟਿਸਟ ਲਗਦੇ ਸਨ ਤੇ ਟੱਡੀਆਂ ਹੋਈਆਂ ਟੰਙਾਂ ਮਾਰਦੇ ਬੇ-ਯਕੀਨੀ ਨਾਲ ਟੁਰਦੇ ਫਿਰਦੇ ਸਨ।

"ਹੁਣ ਤੁਸੀਂ ਸਚੀ ਮੁਚੀ ਈ ਟੈਸਟ-ਕੁੱਤੇ ਹੋ!" ਵਾਲੀਯਾ ਨੇ ਤਸੱਲੀ ਨਾਲ ਆਖਿਆ।

ਕੁਤਿਆਂ ਨੂੰ ਧਾਤ ਦੇ ਟਰੇਆਂ ਉਤੇ ਰਖ ਦਿਤਾ ਗਿਆ ਤੇ ਹੋਰ ਪੇਟੀਆਂ ਨਾਲ ਬੰਨ੍ਹ ਦਿਤਾ ਗਿਆ। ਉਹਨਾਂ ਦੇ ਕਪੜਿਆਂ ਹੇਠ ਛੋਟੇ-ਛੋਟੇ ਜੰਤਰ ਲੁੱਕੇ ਪਏ ਸਨ, ਜਿਨ੍ਹਾਂ ਨੂੰ ਟਰਾਂਸਡਿਊਸਰ ਕਹਿੰਦੇ ਹਨ। ਉਹ ਬਹੁਤ ਹੀ ਸਿੱਧੇ-ਸਾਦੇ ਜੰਤਰ ਸਨ। ਉਹ ਜਾਂ ਤੇ ਕਾਗ਼ਜ਼ ਦੀ ਇਕ ਨਿਕ-ਮੁਨਿੱਕੀ ਪੁੜੀ ਸਨ, ਜਿਸ ਵਿਚ ਤਾਰ ਦਾ ਇਕ ਚੱਕਰ ਸੀ ਤਾਂ ਜਾਂ ਰਬੜ ਦੀ ਇਕ ਪਤਲੀ ਜਿਹੀ ਟਿਊਬ ਸਨ, ਜਿਸ ਵਿਚ ਕੋਇਲੇ ਦਾ ਚੂਰਾ ਭਰਿਆ ਹੋਇਆ ਸੀ। ਪਰ ਭਾਵੇਂ ਉਹ ਤਾਰ ਸੀ, ਕਾਗ਼ਜ਼ ਜਾਂ ਕੋਇਲੇ ਦੇ ਚੂਰੇ ਵਾਲੀ ਟਿਊਬ, ਜੰਤਰ ਬਹੁਤ ਹੀ ਤੇਜ਼ ਹਿੱਸ ਵਾਲਾ ਸੀ, ਤੇ ਉਹ ਦਿਲ ਜਾਂ ਪਠਿਆਂ ਤੋਂ ਆਉਂਦੀ ਮਾਮੂਲੀ ਤੋਂ ਮਾਮੂਲੀ ਬਿਜਲਈ ਰੌ ਨੂੰ ਵੀ ਪਕੜ ਸਕਦਾ ਸੀ ਤੇ ਉਹਨੂੰ ਇਕ ਓਸਿਲੋਸਕੋਪ ਦੇ ਪਰਦੇ ਉਤੇ ਪਹੁੰਚਾ ਸਕਦਾ ਸੀ।

ਜਦੋਂ ਮਸ਼ੀਨ ਚਲਾਈ ਗਈ, ਕੁੱਤੇ ਵਾਲੀ ਟਰੇ ਹਿੱਲਣ ਲਗ ਪਈ ਤੇ ਪਰਦੇ ਉਤੇ ਇਕ ਸੱਪ-ਸਲੂੰਘੇ ਖਾਂਦੀ ਲੀਕ ਬਣ ਗਈ। ਫ਼ਿਲਮ ਦੀ ਇਕ ਪੱਟੀ ਦੇ ਨਾਲ-ਨਾਲ ਚਾਨਣ ਦੀ ਇਕ ਥਰਕਦੀ ਕਿਰਨ ਭਜਦੀ ਜਾਂਦੀ ਸੀ, ਕਿੰਗਰਿਆਂ ਵਾਲੀ ਲੀਕ ਉਤੇ ਫਿਰਦੀ ਨਬਜ਼, ਸਾਹ, ਲਹੂ ਦੇ ਦਬਾ ਵਾਲੀ ਉਹ ਜਾਣਕਾਰੀ ਪੇਸ਼ ਕਰਦੀ ਜਾ ਰਹੀ ਸੀ, ਜਿਹੜੀ ਟਰਾਂਸਡਿਊਸਰ ਨੇ ਦਿਤੀ ਸੀ। ਇਹ ਟਰਾਂਸਡਿਊਸਰ ਬਹੁਤ ਹੀ ਕੋਮਲ ਹਿੱਸ ਵਾਲਾ ਜੰਤਰ ਸੀ।

ਖੁਰਦਬੀਨ ਦੀ ਮਦਦ ਨਾਲ ਵੀ ਘਾਹ ਨੂੰ ਉਗਦਿਆਂ ਨਹੀਂ ਵੇਖਿਆ ਜਾ ਸਕਦਾ। ਪਰ ਟਰਾਂਸਡਿਊਸਰ ਦੀ ਮਦਦ ਨਾਲ ਵੇਖਿਆ ਜਾ ਸਕਦਾ ਹੈ। ਪਤਲੀ ਤਾਰ ਦਾ ਇਕ ਛੋਟਾ ਜਿਹਾ ਟੋਟਾ ਅਦਿਸ ਹੋ ਪਸਰਿਆ ਪਿਆ ਹੁੰਦਾ ਹੈ, ਪਰ ਬਿਜਲਈ ਰੌ ਉਹਨੂੰ ਮਹਿਸੂਸ ਕਰ ਲੈਂਦੀ ਹੈ। ਜੰਤਰ ਦੀ ਸੂਈ ਹਿਲਦੀ ਹੈ ਤੇ ਇੰਚ ਦੇ ਦਸ-ਲਖਵੇਂ ਹਿੱਸੇ ਤਕ ਦਾ ਮਾਪ ਦੇ ਦੇਂਦੀ ਹੈ। ਇਹ ਟਰਾਂਸਡਿਊਸਰ ਬਹੁਤ ਹੀ ਕੋਮਲ-ਹਿੱਸ ਜੰਤਰ ਸੀ।

ਝੁੱਟਮਾਰ ਵਾਲਾ ਟਰੇ ਕੰਬਣ ਤੇ ਹਿੱਲਣ ਲਗ ਪਿਆ। ਕੁੱਤੇ ਦੇ ਦੰਦ ਕਢ ਲਏ, ਕੰਨ ਪਿਛੇ ਕਰ ਲਏ, ਥਰਥਰੀ ਦੇ ਅਸਰ ਨਾਲ ਉਹਦੇ ਵਿਚ ਖਿਚਾ ਆ ਗਿਆ। ਉਸ ਵੇਲੇ ਵਾਸੀਲੀ ਜੰਤਰ ਵਲ ਵੇਖ ਰਿਹਾ ਸੀ ਤੇ ਉਹਨੇ ਇਹ ਨਾ ਤਕਿਆ, ਝੁੱਟਮਾਰ ਕਿੰਨਾ ਡਰ ਗਿਆ ਹੋਇਆ ਸੀ।

"ਸੁਹਣਿਆਂ, ਆਰਾਮ ਨਾਲ ਪਿਆ ਰਹੋ। ਡਰ ਨਾ," ਵਾਲੀਯਾ ਨੇ ਨਿੰਮ੍ਹੀ, ਹਮਦਰਦੀ-ਭਰੀ ਆਵਾਜ਼ ਵਿਚ ਕਿਹਾ।

ਭਾਵੇਂ ਇੰਜਨ ਦੀ ਗੜ-ਗੜ ਵਿਚ ਉਹਦੀ ਆਵਾਜ਼ ਨਾ ਸੁਣੀ ਗਈ, ਝੁੱਟਮਾਰ ਕੁਝ ਨਿੱਸਲ ਹੋ ਗਿਆ। ਉਹਨੇ ਹਿਲ ਰਹੇ ਟਰੇ ਉਤੋਂ ਛਾਲ ਮਾਰਨ ਦੀ ਕੋਸ਼ਿਸ਼ ਨਾ ਕੀਤੀ, ਕਿਉਂ ਜੁ ਉਹਨੂੰ ਆਰਾਮ ਨਾਲ ਪਏ ਰਹਿਣਾ ਸਿਖਾਇਆ ਗਿਆ ਸੀ।



ਪਰ ਟਰਾਂਸਡਿਊਸਰ ਵਿਖਾ ਰਹੇ ਸਨ ਕਿ ਝੁੱਟਮਾਰ ਦੀ ਨਬਜ਼ ਤਿਖੇਰੀ ਧੜਕ ਰਹੀ ਸੀ ਤੇ ਡਾਕਟਰਾਂ ਨੇ ਪਰਦੇ ਉਤੇ ਛੋਟੇ ਜਿਹੀ ਹਰੀ ਚਿਲਕੋਰ ਵਿਚ ਵਿਘਨ ਪੈਂਦਾ ਵੇਖ ਲਿਆ।

ਘਰ ਦੀਆਂ ਬਰੂਹਾਂ ਉਤੇ ਲੇਟੇ ਪਏ ਵਫ਼ਾਦਾਰ ਕੁੱਤੇ ਵਾਂਗ ਝੁੱਟਮਾਰ ਸਬਰ ਨਾਲ ਸਾਰਾ ਕੁਝ ਜਰ ਗਿਆ। ਜਦੋਂ ਅਖ਼ੀਰ ਹੁਝਕੇ ਬੰਦ ਹੋ ਗਏ, ਉਹਨਾਂ ਸਾਰੀਆਂ ਪੇਟੀਆਂ ਤੇ ਤਾਰਾਂ ਖੋਲ੍ਹ ਦਿਤੀਆਂ। ਉਹ ਜੀਭ ਲਮਕਾਈ ਫ਼ਰਸ਼ ਉਤੇ ਬਹਿ ਗਿਆ। ਥੋੜਾ ਜਿਹਾ ਸਾਹ ਲੈਣ ਪਿਛੋਂ, ਉਹ ਕੁਦ ਖਲੋਤਾ, ਜਿਵੇਂ ਕੁਝ ਹੋਇਆ ਹੀ ਨਾ ਹੋਵੇ।

"ਤਗੜਾ ਜਣਾ ਏ," ਵਾਲੀਯਾ ਨੇ ਉਹਨੂੰ ਸਰਾਹਿਆ ਤੇ ਉਹਦੇ ਮੂੰਹ ਵਿਚ ਖੰਡ ਦੀ ਡਲੀ ਰਖ ਦਿਤੀ।

ਪਰ ਹਿੱਲ ਰਹੇ ਟਰੇ ਉਤੇ ਡੱਫ਼ਰ ਤਰਸਯੋਗ ਢੰਗ ਨਾਲ ਚਊਂ-ਚਊਂ ਕਰਦੀ ਰਹੀ, ਤੇ ਪਿਛੋਂ ਕਿੰਨਾ ਹੀ ਚਿਰ ਕੰਬਦੀ ਰਹੀ। ਉਹਦੀ ਤਬੀਅਤ ਖੰਡ ਦੇ ਇਕ ਡਲੇ ਨਾਲ ਹੀ ਮੁੜ ਕੇ ਠੀਕ ਹੋਈ।

ਤਜਰਬੇ ਪਿਛੋਂ 'ਮੁੰਡੇ' ਨੂੰ ਭਾਰੇ ਸਾਹ ਆਏ ਤੇ ਉਹ ਹਰ ਕਿਸੇ ਵਲ ਆਪਣੀਆਂ ਫੁੱਲੀਆਂ-ਫੁੱਲੀਆਂ ਅੱਖਾਂ ਨਾਲ ਹੈਰਾਨ ਹੋ ਵੇਖਦਾ ਰਿਹਾ।

"ਪਤਾ ਜੇ, ਕੀ ਸੋਚ ਰਿਹੈ ਇਸ ਵੇਲੇ?" ਵਾਸੀਲੀ ਨੇ ਪੁਛਿਆ। ਉਹਦੀਆਂ ਅੱਖਾਂ ਵਿਚ ਖਚਰੀ ਜਿਹੀ ਟਿਮਕ ਸੀ। "ਇਹ ਖੁਸ਼ੀ ਨਾਲ ਮੰਨ ਲਵੇਗਾ ਕਿ ਕਲ੍ਹ ਇਹਨੇ ਇਕ ਪੇਚ ਚੁਰਾ ਲਿਆ ਸੀ। ਇਹਨੂੰ ਆਪਣੇ ਕੀਤੇ ਦਾ ਕਿੰਨਾ ਚਿਰ ਪਹਿਲੋਂ ਹੀ ਅਫ਼ਸੋਸ ਸੀ ਤੇ ਸਜ਼ਾ ਭੁਗਤਣ ਨੂੰ ਤਿਆਰ ਸੀ। ਪਰ ਸਚੀ ਮੁਚੀ ਹੀ ਉਹਨੂੰ ਇਹ ਖਿਆਲ ਨਹੀਂ ਸੀ, ਇਕ ਆਮ ਪੇਚ ਲਈ ਇੰਜ ਝੂਣਿਆ ਜਾਵੇਗਾ।"

ਹਰ ਕੋਈ ਹਸ ਪਿਆ, ਪਰ ਪ੍ਰੋਫ਼ੈਸਰ ਨੇ ਆਖਿਆ, "ਤਾਂ ਵੀ, ਥਰਥਰਾਹਟ, ਜਾਂ 'ਮੁੰਡੇ' ਦਾ ਝੂਣਿਆ ਜਾਣਾ, ਕਾਸਮੋਨਾਟ ਦੀ ਸਭ ਤੋਂ ਕਮਜ਼ੋਰ ਦੁਸ਼ਮਨ ਏ। ਜੈਟ ਹਵਾਈ ਜਹਾਜ਼ ਦੇ ਪਾਇਲਟਾਂ ਦੀ ਇਹ ਕਿਤੇ ਡਾਢੀ ਦੁਸ਼ਮਨ ਏ। ਇਹਨੂੰ ਫੜਫੜਾਹਟ ਕਿਹਾ ਜਾਂਦਾ ਏ। ਹਵਾਈ ਜਹਾਜ਼ ਦੇ ਪਰ ਇੰਜ ਕੰਬਣ ਲਗ ਪੈਂਦੇ ਨੇ, ਜਿਵੇਂ ਉਹ ਪਲਾਈਵੁਡ ਦੇ ਬਣੇ ਹੋਏ ਹੋਣ। ਪਾਇਲਟ ਕੈਬਿਨ 'ਚ ਏਧਰ-ਓਧਰ ਉਛਾਲੇ ਖਾਣ ਲਗ ਪੈਂਦਾ ਏ। ਜਹਾਜ਼ ਟੋਟੇ-ਟੋਟੇ ਹੋ ਡਿਗ ਪੈਂਦਾ ਏ। ਰਾਕਟ 'ਚ, ਥਰਥਰਾਹਟ ਦਾ ਮਤਲਬ ਤਬਾਹੀ ਨਹੀਂ ਹੁੰਦਾ, ਇਹਦੀ ਸਿਰਫ਼ ਗੇੜਾ ਪਾਣੀ ਪੈਂਦੀ ਏ।"

ਉਹ ਹਰ ਰੋਜ਼ ਸਿਖਲਾਈ ਲੈਂਦੇ ਰਹੇ। ਮਸ਼ੀਨ ਉਹਨਾਂ ਨੂੰ ਖੂਬ ਝੂਣੇ ਦੇਂਦੀ। ਕੁੱਤੇ ਪੇਟੀਆਂ ਨਾਲ ਬੰਨ੍ਹੇ, ਆਰਾਮ ਨਾਲ ਪਏ ਰਹਿੰਦੇ, ਉਹਨਾਂ ਦੀਆਂ ਗਿੱਲੀਆਂ ਜੀਭਾਂ ਲਮਕੀਆਂ ਤੇ ਮਾੜੀਆਂ-ਮਾੜੀਆਂ ਕੰਬ ਰਹੀਆਂ ਹੁੰਦੀਆਂ।

ਵਾਸੀਲੀ ਪਰਦੇ ਉਤੇ ਨਜ਼ਰ ਰਖਦਾ ਤੇ ਉਹਨੂੰ ਹਰੀ ਲੀਕ ਦੀ ਭੇਤ-ਭਰੀ ਛਾਲ ਉਤੇ ਤਸੱਲੀ ਹੁੰਦੀ।

ਤੇ ਜਦੋਂ ਇੰਜਨ ਘੂੰ-ਘੂੰ ਤੇ ਭਾਂ-ਭਾਂ ਕਰ ਰਹੇ ਹੁੰਦੇ, ਵਾਲੀਯਾ ਹੌਲੀ-ਹੌਲੀ ਗੌਂਦੀ ਤੇ ਟਰਾਂਸਡਿਊਸਰਾਂ ਬਾਰੇ ਸੋਚਦੀ। ਹੁਣ ਉਹ ਝੁੱਟਮਾਰ ਦੇ ਨਾਲ ਰਲ ਕੇ ਥਰਥਰਾ ਰਹੇ ਸਨ, ਪਰ ਪਿਛੋਂ ਉਹਨਾਂ ਨੇ ਉਹਦੇ ਨਾਲ ਰਾਕਟ ਵਿਚ ਉਡਣਾ ਸੀ ਤੇ ਇਸ ਨਿੱਕੇ ਰਾਹੀ ਦੇ ਸਭੋ ਭਾਵ ਤੇ ਪੀੜਾਂ ਇੰਜ ਬਿਆਨ ਕਰਨੀਆਂ ਸਨ, ਜਿਵੇਂ ਜਿਊਂਦਾ ਜਾਗਦਾ ਵੇਖਣ ਵਾਲਾ ਵੀ ਬਿਆਨ ਨਹੀਂ ਕਰ ਸਕਦਾ।

"ਫ਼ੁਟਬਾਲ ਵਾਲਾ ਡਾਕਟਰ ਮੈਦਾਨ 'ਚ ਹੁੰਦਾ ਏ। ਜਹਾਜ਼ ਦਾ ਡਾਕਟਰ ਜਹਾਜ਼ 'ਚ ਹੁੰਦਾ ਏ। ਸਰਜਨ ਆਪਣੇ ਮਰੀਜ਼ ਕੋਲ ਹੁੰਦਾ ਏ। ਪਰ ਪੁਲਾੜੀ ਡਾਕਟਰ ਜੰਤਰਾਂ ਕੋਲ ਹੁੰਦਾ ਏ," ਵਾਲੀਯਾ ਨੇ ਵਾਸੀਲੀ


ਦੀ ਆਵਾਜ਼ ਦੀ ਨਕਲ ਲਾਂਹਦਿਆਂ ਆਖਿਆ। ਉਹਨੇ ਹਉਕਾ ਭਰਿਆ, "ਤੇ ਮੈਂ? ਮੈਂ ਪੈਂਟਾਂ ਤੇ ਕਮੀਜ਼ਾਂ ਸਿਊਂਦੀ ਹਾਂ, ਕੁਤਿਆਂ ਦੇ ਕਪੜੇ ਪਾਂਦੀ-ਲਾਂਹਦੀ ਹਾਂ। ਇਹਦੇ ਨਾਲ ਮੈਂ ਲਭਤਾਂ ਦੇ ਬਹੁਤਾ ਨੇੜੇ ਨਹੀਂ ਹੋ ਜਾਂਦੀ।"


ਕਈ ਦਿਨਾਂ ਪਿਛੋਂ, ਕੁਤਿਆਂ ਨੂੰ ਇਕ ਗੋਲ ਕਮਰੇ ਵਿਚ ਲਿਜਾਇਆ ਗਿਆ। ਅਧ-ਵਿਚਕਾਰ ਇਕ ਮਸ਼ੀਨ ਰਖੀ ਪਈ ਸੀ, ਜਿਹਦੀ ਸ਼ਕਲ ਪੰਘੂੜੇ ਨਾਲ ਬਹੁਤ ਹੀ ਮਿਲਦੀ ਸੀ: ਇਕ ਧੁਰੇ ਨਾਲ ਇਕ ਢਾਂਚਾ ਲੱਗਾ ਹੋਇਆ ਸੀ, ਤੇ ਉਹਦੇ ਤੋਂ ਦੋ ਡੱਬੇ ਲਮਕੇ ਹੋਏ ਸਨ, ਦੋਵਾਂ ਪਾਸੇ ਇਕ-ਇਕ। ਕੁਤਿਆਂ ਦੀ ਇਕ ਨਵੀਂ ਚੀਜ਼ ਨਾਲ ਜਾਣ-ਪਛਾਣ ਕਰਾਈ ਜਾਣੀ ਸੀ। ਮਸ਼ੀਨ ਦਾ ਨਾਂ ਸੈਂਟਰੀਫ਼ਿਊਗ ਸੀ। ਉਹ ਤੇਜ਼ ਤੇ ਹੋਰ ਤੇਜ਼ ਘੁੰਮਦੀ ਜਾਂਦੀ ਸੀ ਤੇ ਮਸਨੂਹੀ ਢੰਗ ਨਾਲ ਆਕਰਖਣ-ਸ਼ਕਤੀ ਉਪਜਾਂਦੀ ਸੀ।

ਇਸ ਮਸ਼ੀਨ ਦੇ ਇਨਚਾਰਜ, ਡਾ: ਦਰੋਨੋਵ, ਤੇ ਉਹਦੀ ਸਹਾਇਕ ਜ਼ੀਨਾ ਨੇ ਆਪਣੇ ਟਰੇ ਵਿਚ ਪੇਟੀਆਂ ਨਾਲ ਬੰਨ੍ਹੇ ਪਏ ਝੁੱਟਮਾਰ ਨੂੰ ਪੰਘੂੜੇ ਵਰਗੇ ਇਕ ਡੱਬੇ ਵਿਚ ਰਖ ਦਿਤਾ ਤੇ ਬੂਹਾ ਬੰਦ ਕਰ ਦਿਤਾ।

"ਆਰਾਮ ਨਾਲ ਪਿਆ ਰਹੋ। ਤੇ ਆਪਣੀ ਪੂਛਲ ਨਾ ਹਿਲਾਈਂ," ਡਾਕਟਰ ਨੇ ਹੁਕਮ ਦਿਤਾ।

ਇੰਜਨ ਗੜਕਿਆ, ਡੱਬਾ ਝੂਲਿਆ ਤੇ ਚਲ ਪਿਆ। ਕੰਧਾਂ ਕੁੱਤੇ ਵਲ ਵਧੀਆਂ ਤੇ ਛੇਤੀ ਨਾਲ ਉਹਦੇ ਕੋਲੋਂ ਦੀ ਨਿਕਲ ਗਈਆਂ। ਉਹ ਹੌਲੀ-ਹੌਲੀ ਘੁਲ-ਮਿਲ ਇਕੋ ਅਣ-ਟੁੱਟੀ ਲੀਕ ਬਣ ਗਈਆਂ। ਹਵਾ ਨੇ ਉਹਦੀ ਜੱਤ ਉਡਾਈ, ਉਹਦਾ ਨਕ ਸੀਤ ਹੋ ਗਿਆ, ਤੇ ਉਹਨੂੰ ਲਗਿਆ, ਉਹ ਆਪਣਾ ਸਿਰ ਨਹੀਂ ਸੀ ਹਿਲਾ ਸਕਦਾ, ਕਿਉਂ ਜੁ ਹਵਾ ਉਹਨੂੰ ਹੇਠਾਂ ਦਬਾਂਦੀ ਜਾ ਰਹੀ ਸੀ। ਚਲਦਿਆਂ-ਚਲਦਿਆਂ ਡੱਬਾ ਹੌਲੀ-ਹੌਲੀ ਉਚੇਰਾ ਹੁੰਦਾ ਗਿਆ ਤੇ ਪਾਸ ਪੈ ਗਿਆ। ਮਸ਼ੀਨ ਹੇਠੋਂ, ਜਿਥੇ ਡਾਕਟਰ ਤੇ ਉਹਦੀ ਸਹਾਇਕ ਟੈਲੀਵੀਅਨ ਸੈਟ ਤੇ ਜੰਤਰਾਂ ਕੋਲ ਬੈਠੇ ਸਨ, ਇੰਜ ਲਗਦਾ ਸੀ, ਜਿਵੇਂ ਡੱਬਾ ਸਰਕਸ ਦੇ ਮੋਟਰ-ਸਾਈਕਲਿਸਟ ਵਾਂਗ, ਜਿਹੜਾ ਇਕ ਗੋਲੇ ਦੀਆਂ ਅੰਦਰਲੀਆਂ





ਕੰਧਾਂ ਉਤੇ ਮੋਟਰਸਾਈਕਲ ਚਲਾਂਦਾ ਹੈ, ਕੰਧਾਂ ਉਤੇ ਘੁਮਾਟੀਆਂ ਖਾ ਰਿਹਾ ਹੋਵੇ।

ਡੱਬਾ ਜਿੰਨੀ ਵਧੇਰੇ ਤੇਜ਼ ਰਫ਼ਤਾਰ ਨਾਲ ਉਡਿਆ, ਓਨੇ ਹੀ ਵਧੇਰੇ ਜ਼ੋਰ ਨਾਲ ਅਦਿਸਵਾਂ ਦੈਂਤ ਕੁੱਤੇ ਨੂੰ ਟਰੇ ਨਾਲ ਨੱਪਦਾ ਗਿਆ। ਉਹਦਾ ਵਜ਼ਨ ਇਕਸਾਰ ਵਧਦਾ ਗਿਆ। ਇੰਜ ਲਗਦਾ ਸੀ, ਜਿਵੇਂ ੧੧ ਪਾਊਂਡ ਵਜ਼ਨ ਵਾਲਾ ਝੁੱਟਮਾਰ ਇਕ ਬਹੁਤ ਵਡਾ ਆਮ ਕੁੱਤਾ, ਫੇਰ ਇਕ ਸੈਟਰ ਤੇ ਫੇਰ ਇਕ ਅਲਸੇਸ਼ੀਅਨ ਬਣਾ ਦਿਤਾ ਗਿਆ ਹੋਵੇ। ਪਰ ਉਹ ਕਦ-ਕਾਠ ਵਲੋਂ ਵਡਾ ਨਾ ਹੋਇਆ: ਸਗੋਂ ਉਹ ਪਹਿਲਾਂ ਤੋਂ ਵੀ ਛੋਟਾ ਹੋ ਗਿਆ। ਉਹਨੂੰ ਦਬਾ ਦੀ ਸ਼ਕਤੀ ਹੇਠਾਂ ਨੱਪ ਰਹੀ ਸੀ।

ਡਾ: ਦਰੋਨੋਵ ਨੇ ਜੰਤਰਾਂ ਤੋਂ ਵੇਖਿਆ, ਝੁੱਟਮਾਰ ਦਾ ਵਜ਼ਨ ਸਤ ਗੁਣਾਂ ਹੋ ਗਿਆ ਹੋਇਆ ਸੀ। ਟੈਲੀਵੀਅਨ ਦੇ ਪਰਦੇ ਉਤੇ ਇਕ ਛੋਟਾ ਜਿਹਾ ਲਿੱਸਾ ਮੂੰਹ ਦਿਸਦਾ ਸੀ। ਇਸ ਤੋਂ ਇਹ ਪਤਾ ਲਗਦਾ ਸੀ ਕਿ ਉਹਦਾ ਖ਼ੂਨ ਸਿੱਕੇ ਵਾਂਗ ਭਾਰਾ ਹੋ ਗਿਆ ਹੋਇਆ ਸੀ। ਉਫ਼, ਉਹਦੇ ਦਿਲ ਲਈ ਧੜਕਣਾ ਕਿੰਨਾ ਮੁਸ਼ਕਲ ਹੋ ਗਿਆ ਹੋਇਆ ਸੀ! ਲਗਦਾ ਸੀ, ਜਿਵੇਂ ਉਹ ਵੀ ਸਿੱਕੇ ਦਾ ਬਣਿਆ ਹੋਵੇ।


ਇੰਜਨ ਬੰਦ ਕਰ ਦਿਤਾ ਗਿਆ, ਪਰ ਢਾਂਚਾ ਘੁੰਮਦਾ ਗਿਆ। ਕੁੱਤੇ ਨੂੰ ਇਕ ਅਨੋਖੀ ਸੁਬਕਤਾ ਮਹਿਸੂਸ ਹੋਈ, ਜਿਵੇਂ ਉਹ ਹਵਾ ਉਤੇ ਤਰ ਰਿਹਾ ਹੋਵੇ। ਜਦੋਂ ਉਹਦਾ ਡੱਬਾ ਖਲੋ ਗਿਆ, ਉਹਨੂੰ ਪਤਾ ਹੀ ਨਾ ਲਗਾ।

"ਜਿਊਂਦੈ?" ਡਾ: ਦਰੋਨੋਵ ਨੇ ਡੱਬੇ ਅੰਦਰ ਵੇਖਦਿਆਂ, ਮਖ਼ੌਲ ਕੀਤਾ।

ਜਿਊਂਦਾ! ਪਰ ਉਹਦੇ ਵਲ ਵੇਖੋ ਤਾਂ ਸਹੀ। ਉਹ ਅਜੇ ਵੀ ਤੇਜ਼-ਤੇਜ਼ ਸਾਹ ਲੈ ਰਿਹਾ ਸੀ, ਬੌਂਦਲਾਈਆਂ ਅੱਖਾਂ ਝਮਕ ਰਿਹਾ ਸੀ, ਤੇ ਉਹਨੇ ਘਰਾਲਾਂ ਦੀ ਪੂਰੀ ਛਪੜੀ ਵਗਾ ਦਿਤੀ ਹੋਈ ਸੀ।

"ਠੀਕ ਏ ਤੇਰੇ ਲਈ!" ਕੁੱਤੇ ਦੇ ਭਾਰੇ ਸਾਹ ਨਾਲ ਉਪਰ-ਹੇਠਾਂ ਹੁੰਦੇ ਪਾਸੇ ਥਾਪੜਦਿਆਂ, ਡਾਕਟਰ ਨੇ ਆਖਿਆ। "ਇਹ ਹੁੰਦੈ ਮਤਲਬ ਆਮ ਕੁੱਤਾ ਹੋਣ ਦਾ, ਤੇ ਜ਼ਿੰਦਗੀ


'ਚ ਹਰ ਤਰ੍ਹਾਂ ਦੀਆਂ ਚੀਜ਼ਾਂ 'ਚੋਂ ਲੰਘੇ ਹੋਣ ਦਾ! ਪਾਲਤੂ ਕੁੱਤੇ ਤੋਂ ਇਹ ਨਹੀਂ ਸੀ ਸਿਹਾ ਜਾਣਾ। ਮੈਨੂੰ ਪਤਾ ਏ, ਪਾਲਤੂ ਕੁੱਤੇ ਦਾ," ਕੁੱਤੇ ਨਾਲ ਗੱਲਾਂ ਕਰਦਿਆਂ ਤੇ ਉਹਦਾ ਧਿਆਨ ਨਾਲ ਮੁਆਇਨਾ ਕਰਦਿਆਂ, ਦਰੋਨੋਵ ਬੋਲਦਾ ਗਿਆ। "ਉਹ ਸਮਝ-ਸੂਝ ਵਾਲ ਹੁੰਦਾ ਏ, ਸਚੀ ਮੁਚੀ ਹੀ ਗੁਣ ਵਾਲਾ ਹੁੰਦਾ ਏ। ਪਰ ਉਹਦਾ ਸਾਰਾ ਗੁਣ ਛੋਟੀਆਂ-ਛੋਟੀਆਂ ਚੀਜ਼ਾਂ 'ਤੇ ਅਜਾਈਂ ਚਲਾ ਜਾਂਦਾ ਏ, ਜਿਵੇਂ ਮਾਲਕ ਦਾ ਸਲੀਪਰ ਲਿਆਉਣ 'ਤੇ। ਉਹਦੇ ਤੋਂ ਸੈਂਟਰੀਫਿਊਗ ਨਹੀਂ ਸੀ ਸਹੀ ਜਾਣੀ।"



"ਤੇ ਝੁੱਟਮਾਰ? ਕਲ੍ਹ ਇਹ ਸਹਿ ਲਏਗਾ?" ਜ਼ੀਨਾ ਨੇ ਪੁਛਿਆ।

"ਮੈਨੂੰ ਯਕੀਨ ਏ, ਸਹਿ ਲਏਗਾ।"

ਅਗਲੇ ਦਿਨ ਅਦਿਸਵੇਂ ਦੈਂਤ ਨੂੰ ਪਹਿਲਾਂ ਨਾਲੋਂ ਬਹੁਤਾ ਕਹਿਰ ਚੜ੍ਹਿਆ ਹੋਇਆ ਸੀ। ਝੁੱਟਮਾਰ ਨੂੰ ਬਹੁਤੀ ਔਖ ਹੋਈ। ਉਹਨੂੰ ਡੱਬੇ ਵਿਚ ਸਿਰ ਅੱਗੇ ਵਲ ਕਰ ਕੇ ਪਾਇਆ ਗਿਆ, ਤਾਂ ਜੁ ਭਾਰ ਪਹਿਲਾਂ ਸਿਰ ਉਤੇ ਪਵੇ। ਖੂਨ ਉਹਦੇ ਪੈਰਾਂ ਵਲ ਭੱਜ ਉਠਿਆ। ਉਹਦੀਆਂ ਅੱਖਾਂ ਅਗੇ ਹਨੇਰਾ ਹੋ ਗਿਆ; ਝੁੱਟਮਾਰ ਬੇਹੋਸ਼ ਹੋ ਗਿਆ।



ਅਗਲੀ ਵਾਰੀ ਉਹ ਪਿਛੇ ਵਲ ਉਡਿਆ। ਅੱਖਾਂ ਅਗੇ ਕਾਲੇ ਪਰਦੇ ਦੀ ਥਾਂ, ਹੁਣ ਲਾਲ ਪਰਦਾ ਸੀ, ਕਿਉਂ ਜੁ ਖੂਨ ਉਹਦੇ ਸਿਰ ਨੂੰ ਭੱਜ ਆਇਆ ਸੀ। ਪਾਠਕ ਨੂੰ, ਨਿਰ ਸੰਦੇਹ ਹੀ, ਪਤਾ ਹੈ, ਇੰਜ ਹੁੰਦਾ ਹੈ, ਕਿਉਂ ਜੁ ਸਰੀਰ ਦਾ ਹਰ ਸੈਲ ਆਪਣੇ ਨਾਲ ਵਾਲੇ ਵਿਚ ਧਕਿਆ ਜਾਂਦਾ ਹੈ, ਤੇ ਲਹੂ ਸਭ ਤੋਂ ਪਹਿਲਾਂ ਦਬਾ ਦੀ ਬਲਵਾਨ ਸ਼ਕਤੀ ਦੇ ਵੱਸ ਆ ਜਾਂਦਾ ਹੈ ਕਿਉਂ ਜੁ ਉਹਨੂੰ ਹਿਲਾਣਾ-ਜੁਲਾਣਾ ਸਭ ਤੋਂ ਸੌਖਾ ਹੁੰਦਾ ਹੈ।

ਡਾ: ਦਰੋਨੋਵ ਨੂੰ ਪਤਾ ਸੀ, ਝੁੱਟਮਾਰ ਨੂੰ ਕੀ ਮਹਿਸੂਸ ਹੋ ਰਿਹਾ ਸੀ। ਉਹਨੂੰ ਖੁਦ ਆਪਣੇ ਤਜਰਬੇ ਤੋਂ ਵੀ ਤੇ ਐਕਸੇਲੇਰੋਗਰਾਫ਼ ਦੇ ਰਿਕਾਰਡ ਤੋਂ ਵੀ ਕਾਲੇ ਤੇ ਲਾਲ ਪਰਦੇ ਦਾ ਪਤਾ ਸੀ। ਐਕਸੇਲੇਰੋਗਰਾਫ਼ ਕਾਗ਼ਜ਼ ਉਤੇ ਅਸਵਾਹਰੀ

ਵਾੜ੍ਹ ਵਰਗੀ ਇਕ ਡਿੰਗ-ਪੜਿੰਗੀ ਲੀਕ ਵਾਹ ਦੇਂਦਾ ਸੀ, ਜਿਸ ਤੋਂ ਦਬਾ ਦਾ ਪਤਾ ਲਗਦਾ ਸੀ (ਭਾਵ, ਵਜ਼ਨ ਵਿਚ ਵਾਧੇ ਦਾ) ਤੇ ਇਹਦਾ ਕਿ ਇਕ ਹਾਲਤ ਕਿੰਨੇ ਸਕਿੰਟ ਜਾਂ ਮਿੰਟ ਰਹਿੰਦੀ ਸੀ।

ਡਾ: ਦਰੋਨੋਵ ਨੂੰ ਇਹ ਵੀ ਪਤਾ ਸੀ ਕਿ ਜਦੋਂ ਅਦਿਸਵੀਆਂ ਸ਼ਕਤੀਆਂ ਛਾਤੀ ਜਾਂ ਪਿਠ ਉਤੇ ਹੱਲਾ ਬੋਲਦੀਆਂ ਸਨ, ਹਾਲਤ ਚੰਗੇਰੀ ਹੁੰਦੀ ਸੀ, ਤੇ ਪਹਿਲਾਂ ਪੈਰ ਜਾਂ ਸਿਰ ਵਾਲੀ ਉਡਾਣ ਸਭ ਤੋਂ ਅਣਸੁਖਾਵੀਂ ਹੁੰਦੀ ਸੀ ਤੇ ਉਹਦੇ ਨਾਲ ਬੇਹੋਸ਼ੀ ਤਾਰੀ ਹੋ ਜਾਂਦੀ ਸੀ।

ਫੇਰ ਵੀ ਡਾਕਟਰ ਨੇ ਕੁੱਤੇ ਨੂੰ ਆਪਣੀ ਮਸ਼ੀਨ ਵਿਚ ਸੋਚੇ ਜਾ ਸਕਦੇ ਹਰ ਅੰਦਾਜ਼ ਵਿਚ ਰਖਿਆ ਤੇ ਇਕ ਨਿੱਕਾ ਜਿਹਾ ਗੀਤ ਗੌਂਦਿਆਂ ਉਹਨੂੰ ਟੈਲੀਵੀਅਨ ਦੇ ਪਰਦੇ ਉਤੇ ਵੇਖਦਾ ਰਿਹਾ।

ਬੱਲੇ-ਬੱਲੇ,<br>
ਅਸ਼ਕੇ-ਅਸ਼ਕੇ,<br>
ਚੜ੍ਹੇ ਹਾਂ ਅਸੀਂ ਸੈਰਾਂ ਉਤੇ।<br>
ਕਦੀ ਨਾ ਸਾਡਾ ਹੁਣ ਜਿਹਾ ਵੈਰੀ।<br>
ਉਹਦੇ ਉਤੇ ਨਜ਼ਰ ਨਾ ਪੈ ਰਹੀ।

ਜ਼ੀਨਾ ਡਾ: ਦਰੋਨੋਵ ਕੋਲ ਬੈਠੀ ਸਿਖਲਾਈ ਵਾਲੀ ਕਾਪੀ ਵਿਚ ਲਿਖਦੀ ਜਾ ਰਹੀ ਸੀ। ਪਰ ਸਭ ਤੋਂ ਸਹੀ ਰਿਕਾਰਡ ਆਪ ਜੰਤਰ ਰਖਦੇ ਸਨ। ਉਹ ਉਹਨਾਂ ਦਬਾਵਾਂ ਨੂੰ ਟੇਪ ਉਤੇ ਰਿਕਾਰਡ ਕਰ ਲੈਂਦੇ, ਜਿਹੜੀਆਂ ਕੁਤਿਆਂ ਦੀਆਂ ਛਾਤੀਆਂ, ਪਾਸਿਆਂ ਤੇ ਪਿੱਠਾਂ ਉਤੇ ਟੁਟ ਪੈਂਦੇ। ਜ਼ੀਨਾ ਡਾ: ਦਰੋਨੋਵ ਨੂੰ ਨਾ ਪੁਛਦੀ, ਇਹਨਾਂ ਸਭਨਾਂ ਡਿੰਗ-ਪੜਿੰਗੀਆਂ ਲੀਕਾਂ ਲਈ ਸੈਆਂ ਫੁਟ ਟੇਪ ਕਿਉਂ ਵਰਤੀ ਜਾਂਦੀ ਸੀ। ਉਹਨੂੰ ਪਤਾ ਸੀ, ਡਾ: ਦਰੋਨੋਵ ਰਿਕਾਰਡਾਂ ਦਾ ਟਾਕਰਾ ਕਰਨਾ ਚਾਹੁੰਦਾ ਸੀ। ਜਦੋਂ ਰਾਕਟ ਉਡੇਗਾ, ਨਵੇਂ ਰਿਕਾਰਡ ਦੱਸਣਗੇ, ਕੁਤਿਆਂ ਨੂੰ ਕਿਵੇਂ ਮਹਿਸੂਸ ਹੋਇਆ ਸੀ। ਫੇਰ ਰਿਕਾਰਡਾਂ ਦਾ ਟਾਕਰਾ ਕਰ ਕੇ ਡਾ: ਦਰੋਨੋਵ ਨੂੰ ਪਤਾ ਲਗ ਜਾਵੇਗਾ, ਉਡਾਣ ਵੇਲੇ ਕਾਸਮੋਨਾਟਾਂ ਉਤੇ ਕਿਹੜੀਆਂ ਅਦਿਸਵੀਆਂ ਸ਼ਕਤੀਆਂ ਟੁਟ ਪੈਂਦੀਆਂ ਸਨ।

ਬੱਲੇ-ਬੱਲੇ,<br>
ਅਸ਼ਕੇ-ਅਸ਼ਕੇ,

ਡਾਕਟਰ ਗੌਂ ਰਿਹਾ ਸੀ। ਜ਼ੀਨਾ ਉਹਦੇ ਵਲ ਮਾਣ ਨਾਲ ਵੇਖ ਰਹੀ ਸੀ। ਉਹਦੇ ਵਰਗੇ ਲੋਕਾਂ, ਡਾਕਟਰਾਂ ਤੇ ਵਿਗਿਆਨੀਆਂ, ਨੇ ਹਜ਼ਾਰਹਾ ਅਜ਼ਮਾਈਸ਼ਾਂ ਤੇ ਤਜਰਬੇ ਕੀਤੇ। ਸੈਂਟਰੀਫ਼ਿਊਗ ਨੇ ਕੁਤਿਆਂ ਨੂੰ ਹੀ ਨਹੀਂ, ਪੱਕੇ-ਪੀਡੇ ਆਦਮੀਆਂ ਨੂੰ ਵੀ, ਹਵਾਬਾਜ਼ਾਂ ਨੂੰ ਵੀ, ਗੇੜੇ ਦਿਤੇ। ਉਹ ਪੰਜ ਤੋਂ ਦੱਸਾਂ ਮਿੰਟਾਂ ਦੇ ਅੰਦਰ ਸਖਾਲੇ ਹੀ ਬਾਰ੍ਹਾਂ ਚਾਲ-ਵਾਧੇ ਸਹਿ ਲੈਂਦੇ। ਉਹ ਆਰਾਮ ਵਾਲੇ ਅੰਦਾਜ਼ ਵਿਚ ਬਹਿ ਜਾਂਦੇ; ਭਾਵ, ਦਬਾ ਉਹਨਾਂ ਦੀ ਛਾਤੀ ਉਤੇ ਜਾਂ ਪਿੱਠ ਉਤੇ ਪੈਂਦਾ। ਇਕ ਅਜ਼ਮਾਇਸ਼ੀਏ ਨੇ ਤਾਂ — ਇਹ ਗੱਲ ਉਹਨੇ ਪ੍ਰੋਫ਼ੈਸਰ ਦੇ ਇਕ ਲੈਕਚਰ ਵਿਚ ਸੁਣੀ ਸੀ — ਟੁੱਬੀ ਮਾਰਨ ਵਾਲਾ ਸੂਟ ਪਾ ਲਿਆ ਤੇ ਆਪਣੇ ਆਪ ਨੂੰ ਪਾਣੀ ਵਿਚ ਭਰੀ

ਟੈਂਕੀ ਵਿਚ ਡੋਬ ਲਿਆ। ਇਹ ਟੈਂਕੀ ਸੈਂਟਰੀਫ਼ਿਊਗ ਨਾਲ ਬੰਨ੍ਹ ਦਿਤੀ ਗਈ ਤੇ ਕੁਝ ਚਿਰ ਉਹਨੇ ਵਜ਼ਨ ਦਾ ਤੀਹ ਗੁਣਾਂ ਵਾਧਾ ਝਲ ਲਿਆ!

ਵਿਹਲੇ ਵੇਲੇ ਡਾ: ਦਰੋਨੋਵ ਆਪਣੀ ਸਹਾਇਕ ਨੂੰ ਉਹਨਾਂ ਬਾਂਦਰਾਂ, ਪਾਣੀ ਦੀਆਂ ਟੈਂਕੀਆਂ ਅੰਦਰਲੇ ਡੱਡੂਆਂ, ਮੱਛੀਆਂ ਤੇ ਜੀਵਾਣੂਆਂ ਤਕ ਦੀਆਂ ਗੱਲਾਂ ਸੁਣਾਂਦਾ, ਜਿਨ੍ਹਾਂ ਸੈਂਟਰੀਫ਼ਿਊਗ ਦੀ ਸਵਾਰੀ ਕੀਤੀ। ਬਾਂਦਰਾਂ ਦਾ ਪ੍ਰਤੀਕਰਮ ਮਨੁੱਖਾਂ ਦੇ ਪ੍ਰਤੀਕਰਮ ਵਰਗਾ ਸੀ। ਟੈਂਕੀਆਂ ਅੰਦਰਲੀਆਂ ਛੋਟੀਆਂ-ਛੋਟੀਆਂ ਮੱਛੀਆਂ ਨੂੰ ਏਡੀ ਰਫ਼ਤਾਰ ਉਤੇ ਗੇੜੇ ਦਿਤੇ ਗਏ ਕਿ ਉਹਨਾਂ ਦਾ ਵਜ਼ਨ ਵਡੀ ਸਾਰੀ ਪਾਈਕ ਮੱਛੀ ਨਾਲੋਂ ਵੀ ਬਹੁਤਾ ਹੋ ਗਿਆ। ਤੈਰਨ ਵਾਲੇ ਡੱਡੂਆਂ ਨਾਲ ਭਰੀ ਇਕ ਟੈਂਕੀ ਸੈਂਟਰੀਫ਼ਿਊਗ ਨੇ ਹੋਰ ਵੀ ਤੇਜ਼ੀ ਨਾਲ ਘੁਮਾਈ, ਤੇ ਇਕ-ਇਕ ਤੈਰਾਕ ਦਾ ਭਾਰ ਤਿੰਨ-ਤਿੰਨ ਸੌ ਪੌਂਡ ਹੋ ਗਿਆ। ਕੈਬਿਨ ਨੇ ਜੀਵਾਣੂਆਂ ਨਾਲ ਅੰਨ੍ਹੇਵਾਹ ਘੁਮਾਈਆਂ ਖਾਧੀਆਂ। ਉਹਨਾਂ ਦਾ ਭਾਰ ਦੋ ਲਖ ਗੁਣਾਂ ਵਧ ਗਿਆ! ਪਰ ਪਾਣੀ ਵਿਚ ਹੋਣ ਕਰਕੇ ਉਹਨਾਂ ਨੂੰ ਕੋਈ ਆਂਚ ਨਾ ਆਈ।

"ਲਗਦਾ ਭਾਵੇਂ ਇਹ ਅਜੀਬ ਹੀ ਏ," ਡਾਕਟਰ ਨੇ ਅਖ਼ੀਰ ਵਿਚ ਆਖਿਆ, "ਜਿੰਨੀ ਚੰਗੀ ਤਰ੍ਹਾਂ ਪਾਣੀ ਜੀਵਾਂ ਨੂੰ ਚਾਲ-ਵਾਧੇ ਦੀ ਅਦਿਸਵੀਂ ਸ਼ਕਤੀ ਤੋਂ ਬਚਾਂਦਾ ਏ, ਉਨੀ ਚੰਗੀ ਤਰ੍ਹਾਂ ਕੋਈ ਵੀ ਬਕਤਰ ਨਹੀਂ ਬਚਾਂਦਾ। ਇਸ ਦਾ ਮਤਲਬ ਏ, ਕੋਈ ਅਜਿਹੀ ਪੋਸ਼ਾਕ ਜਾਂ ਖੋਲ ਈਜਾਦ ਕੀਤਾ ਜਾ ਸਕਦਾ ਏ, ਜਿਹੜਾ ਮਨੁੱਖ ਨੂੰ ਦਬਾ ਦੇ ਧਕਿਆਂ ਤੇ ਜ਼ੋਰ ਤੋਂ ਬਚਾ ਸਕਦਾ ਹੋਵੇ। ਤਸਿਓਲਕੋਵਸਕੀ ਨੇ ਇਹਦੇ ਬਾਰੇ ਕਿੰਨਾ ਚਿਰ ਹੋਇਆ ਲਿਖਿਆ ਸੀ। ਪਰ ਜਿੰਨਾ ਚਿਰ ਤਕ ਅਜਿਹੀਆਂ ਵਸਤਾਂ ਈਜਾਦ ਨਹੀਂ ਕਰ ਲਈਆਂ ਜਾਂਦੀਆਂ, ਸਾਡੇ ਚੁਪਾਏ ਦੋਸਤਾਂ ਨੂੰ ਬ੍ਰਹਿਮੰਡ 'ਚ ਚਾਣਚਕ ਹੋ ਪੈਣ ਵਾਲੀਆਂ ਚੀਜ਼ਾਂ ਲਈ ਸਿਖਲਾਇਆ ਜਾਣਾ ਚਾਹੀਦਾ ਏ।"



ਹਰ ਰੋਜ਼ ਝੁੱਟਮਾਰ ਨੂੰ ਭਾਰਾ ਕੁੱਤਾ ਬਣਾ ਦਿਤਾ ਜਾਂਦਾ ਤੇ ਫੇਰ ਉਹਦੀ ਪਹਿਲੀ ਹਾਲਤ ਉਤੇ ਲੈ ਆਂਦਾ ਜਾਂਦਾ। ਉਹਨੂੰ ਸਮਝ ਨਹੀਂ ਸੀ ਪੈ ਰਹੀ, ਇਹ ਕਿਉਂ ਕੀਤਾ ਜਾਂਦਾ ਸੀ, ਪਰ ਉਹਨੇ ਸਬਰ ਨਾਲ ਆਪਣੇ ਆਪ ਉਤੇ ਤਜਰਬੇ ਹੋਣ ਦਿਤੇ। ਜਦੋਂ ਕੈਬਿਨ ਚੱਕਰ ਕੱਢਣ ਲਗਦੀ, ਉਹ ਆਗਿਆਕਾਰੀ



ਨਾਲ ਆਪਣਾ ਸਿਰ ਪੰਜਿਆਂ ਉਤੇ ਰਖ ਲੈਂਦਾ ਤੇ ਅਦਿਸਵੀਆਂ ਸ਼ਕਤੀਆਂ ਦਾ ਦਬਾ ਰੋਕਣ ਦੀ ਕੋਸ਼ਿਸ਼ ਨਾ ਕਰਦਾ। ਅਖੀਰ ਵਿਚ, ਉਹ ਕਹਿੰਦਾ ਲਗਦਾ, ਹਿਲਤਰ ਹਰ ਚੀਜ਼ ਦੀ ਪੈ ਜਾਂਦੀ ਹੈ।

ਪਿਛੋਂ, ਝੁੱਟਮਾਰ ਦੀਆਂ ਛੋਟੀ ਜਿਹੀ ਸੇਕ-ਰੋਕ ਕੈਬਿਨ ਵਿਚ ਅਜ਼ਮਾਇਸ਼ਾਂ ਹੋਈਆਂ। ਉਹ ਆਪਣੇ ਆਪ ਨੂੰ ਪੁਲਾੜ ਦੇ ਤੀਜੇ ਵੈਰੀ, ਬ੍ਰਹਿਮੰਡ ਦੀ ਸੱਖਣ, ਦੇ ਮੁਕਾਬਲੇ ਲਈ ਤਿਆਰ ਕਰ ਰਿਹਾ ਸੀ। ਲਗਾਤਾਰ ਕਿੰਨੇ ਹੀ ਦਿਨ ਉਹਨੂੰ ਕੋਈ ਵੀ ਨਾ ਦਿਸਦਾ, ਤੇ ਉਹਨੂੰ ਇਕਲਿਆਂ ਰਹਿਣ ਦੀ ਹਿਲਤਰ ਪੈ ਗਈ। ਖਾਣਾ-ਪੀਣਾ ਉਹਨੂੰ ਇਕ ਸਵੈਕਾਰ ਜੰਤਰ ਰਾਹੀਂ ਦਿਤਾ ਜਾਂਦਾ।

ਜਦੋਂ ਉਹ ਆਪਣੇ ਪਿੰਜਰੇ ਵਿਚ ਮੁੜਿਆ, ਉਹਨੇ ਇਹਨਾਂ ਤਜਰਬਿਆਂ ਨੂੰ ਮੁੜ-ਮਹਿਸੂਸ ਕੀਤਾ। ਸੁਤਿਆਂ-ਸੁਤਿਆਂ, ਉਹਨੇ ਆਪਣੇ ਪੈਰਾਂ ਤੇ ਕੰਨਾਂ ਨੂੰ ਝਟਕਾ ਦਿਤਾ ਤੇ ਮਾੜਾ-ਮਾੜਾ ਭੌਂਕਿਆ। ਵਾਲੀਯਾ, ਜਿਹੜੀ ਰਾਤ ਵਾਲੀ ਸ਼ਿਫ਼ਟ ਉਤੇ ਸੀ, ਉਹਦੇ ਪਿੰਜਰੇ ਕੋਲ ਗਈ, ਤੇ ਇਕਦਮ ਹੀ ਉਹਦੇ ਕੰਨ, ਪਹਿਲੋਂ ਇਕ ਤੇ ਫੇਰ ਦੂਜਾ, ਕੰਬਣ ਲਗੇ, ਖਿੱਚੇ ਗਏ ਤੇ ਉਹਦੇ ਰੁਖ ਖੜੇ ਹੋ ਗਏ। ਉਹਦੀ ਪੂਛਲ ਜਾਗ ਪਈ ਤੇ ਅਡੋਲ ਹੀ ਫ਼ਰਸ਼ ਉਤੇ ਵੱਜਣ ਲਗੀ। ਅੱਖਾਂ ਖੋਲ੍ਹਣ ਉਤੇ ਝੁੱਟਮਾਰ ਨੂੰ ਵਾਲੀਯਾ ਦੀ ਜਾਤੀ-ਪਛਾਤੀ ਨੀਝ ਲਗੀ ਦਿੱਸੀ।

ਵਾਲੀਯਾ ਨੇ ਸੀਖ਼ਾਂ ਵਿਚੋਂ ਕੁੱਤੇ ਨੂੰ ਥਾਪੜਿਆ ਤੇ ਕੁਝ ਚਿਰ ਪਿਛੋਂ ਚਲੀ ਗਈ। ਤੇ ਝੁੱਟਮਾਰ ਸਵੇਰ ਤਕ ਆਰਾਮ ਨਾਲ ਸੁੱਤਾ ਰਿਹਾ।

## ਅਸਫਲ ਫੇਰੀ

ਸ਼ਾਮਾਂ ਅਕਾਵੀਆਂ ਸਨ। ਕੁੱਤੇ ਆਪਣੇ ਲਚਕੀਲੇ ਪੰਜੇ ਖੋਲ੍ਹਦੇ ਬੰਦ ਕਰਦੇ ਨਿੱਸਲ ਹੋਏ ਪਏ ਸਨ। ਪਿੰਜਰਿਆਂ ਵਿਚੋਂ ਕਿੰਨੀਆਂ ਹੀ ਡਰੀਆਂ-ਡਰੀਆਂ ਉਬਾਸੀਆਂ ਲਈਆਂ ਜਾਂਦੀਆਂ ਸੁਣੀਤੀਆਂ। ਮਿੰਟ ਪਿਛੋਂ ਉਹ ਸਾਰੇ ਖੁਲ੍ਹੇ ਆਮ

ਉਬਾਸੀਆਂ ਲੈ ਰਹੇ ਸਨ। ਇਕ ਚਾਂਗਰਨ ਲੱਗਾ, ਇਕ ਨਿਛਿਆ, ਤੇ ਇਕ ਨੇ ਚਉਂ-ਚਉਂ ਕਰਦਿਆਂ ਇਕ ਛੋਟਾ ਜਿਹਾ ਅਡੋਲ, ਸੋਗੀ ਗੀਤ ਸੁਣਾ ਦਿਤਾ।

ਪਰ ਛੇਤੀ ਹੀ ਡਿਊਟੀ ਵਾਲਾ ਡਾਕਟਰ ਆਣ ਪੁਜਿਆ, ਤੇ ਰੌਂ ਬਦਲ ਗਈ। ਉਹਨੇ ਉਹਨਾਂ ਨਾਲ ਸੁਆਦਲੀ ਗੱਲ-ਬਾਤ ਸ਼ੁਰੂ ਕਰ ਦਿਤੀ, ਉਹਨਾਂ ਨੂੰ ਮਖ਼ੌਲ ਕਰਨ, ਤੇ ਖੰਡ ਦੀ ਡਲੀਆਂ ਖੁਆਣ ਲਗ ਪਿਆ।

ਸਭ ਤੋਂ ਹਸਾਉਣੀ ਗੱਲ-ਬਾਤ 'ਮੁੰਡੇ' ਨਾਲ ਹੁੰਦੀ। ਉਹ ਸਿਰ ਨੂੰ ਇਕ ਰੁਖ਼ ਕੀਤੀ ਬੈਠਾ ਸੀ ਤੇ ਡਾਕਟਰ ਵਲ ਇੰਜ ਵੇਖ ਰਿਹਾ ਸੀ, ਜਿਵੇਂ ਕੀਲਿਆ ਗਿਆ ਹੋਵੇ।

"ਹਾਂ, ਏਧਰ ਵੇਖ, 'ਮੁੰਡਿਆ'!" ਡਾਕਟਰ ਨੇ ਆਖਿਆ, "ਗੱਲ ਕੀ ਹੋਈ ?"

"ਕੀ ?" 'ਮੁੰਡੇ' ਦੀਆਂ ਨਿਖਰੀਆਂ ਅੱਖਾਂ ਨੇ ਪੁਛਿਆ।

"ਕਲ੍ਹ, ਇਕ ਵਾਰੀ ਵੀ ਝਾੜ ਨਹੀਂ ਪਈ। ਸੈਂਟਰੀਫ਼ਿਊਗ ਦੀ ਸਵਾਰੀ ਤੂੰ ਕਿਸੇ ਸੂਰਮੇ ਵਾਂਗ ਕੀਤੀ!"

"ਕੀਤੀ ਸੀ," ਮਾਣ ਨਾਲ ਆਪਣਾ ਕਾਲਾ ਨਕ ਉਤਾਂਹ ਕਰਦਿਆਂ, ਮੁੰਡੇ ਨੇ ਰਾਇ ਮੇਲੀ।

"ਤੇ ਅਜ ? ਤੂੰ ਲੇਬਾਰਟਰੀ 'ਚ ਆਉਂਦਿਆਂ ਹੀ ਛਾਲ ਮਾਰ ਮੇਜ਼ 'ਤੇ ਚੜ੍ਹ ਗਿਆ ਤੇ ਮੇਰੇ ਸਾਰੇ ਕਾਗ਼ਜ਼ਾਂ 'ਤੇ ਛਪੜੀ ਲਾ ਦਿਤੀ।"

"ਕਿਨ੍ਹੇ, ਮੈਂ?" 'ਮੁੰਡਾ' ਪਿਛੇ ਸੁੰਗੜ ਗਿਆ, ਉਹਦਾ ਸਾਰਾ ਪਿੰਡਾ ਡਾਢੀ ਹੈਰਾਨੀ ਪ੍ਰਗਟਾ ਰਿਹਾ ਸੀ।

"ਛਾਲ ਮਾਰ ਮੇਜ਼ 'ਤੇ ਚੜ੍ਹਨਾ ਜ਼ਰੂਰੀ ਸੀ ?"

"ਬੇ-ਸ਼ਕ ਨਹੀਂ!" ਉਹਨੇ ਪੂਛ ਹਿਲਾਈ, ਜਿਵੇਂ ਸਮਝ ਰਿਹਾ ਹੋਵੇ।

"ਮੈਨੂੰ ਇਕ ਪਾਲਤੂ ਕੁੱਤੇ ਦਾ ਪਤਾ ਏ," ਡਾਕਟਰ ਅੱਗੇ ਬੋਲਦਾ ਗਿਆ, "ਬਹੁਤ ਹੀ ਸਿਆਣਾ ਕੁੱਤਾ ਏ। ਉਹਨੂੰ ਅਜਿਹੀਆਂ ਖੁੱਲ੍ਹਾਂ ਲੈਣ ਦਾ ਖ਼ਿਆਲ ਨਹੀਂ ਆ ਸਕਦਾ। ਉਹ ਇਕ ਆਮ ਫਲੈਟ 'ਚ ਰਹਿੰਦਾ ਏ। ਪਰ ਤੂੰ ਇੰਸਟੀਚਿਊਟ 'ਚ ਰਹਿਣਾ ਏਂ ਤੇ ਤੈਨੂੰ ਬਹੁਤਾ ਖ਼ਿਆਲ ਹੋਣਾ ਚਾਹੀਦਾ ਸੀ।"

ਲਹਿਜਾ ਜਿੰਨਾ ਵਧੇਰੇ ਝਿੜਕ ਵਾਲਾ ਹੁੰਦਾ ਗਿਆ, ਓਨਾ ਬਹੁਤਾ ਹੀ 'ਮੁੰਡਾ' ਅੱਖਾਂ ਝਮਕਣ ਲਗ ਪਿਆ। ਉਹ ਹੌਲੀ ਜਿਹੇ ਉਠਿਆ, ਨੁੱਕਰ ਵਿਚ ਚਲਾ ਗਿਆ, ਤੇ ਓਥੇ ਪੂਛ ਲੱਤਾਂ ਵਿਚ ਰਖ, ਉਦਾਸ ਹੋ ਖਲੋ ਗਿਆ।

ਸ਼ਾਮ ਅਣਜਾਤਿਆਂ ਹੀ ਢਲ ਗਈ। ਕੁੱਤੇ ਸੌਂ ਗਏ।

ਹਰ ਰੋਜ਼ ਰਾਤ ਨੂੰ ਜ਼ੋਰ ਦੀ ਬਰਫ਼ ਪੈਂਦੀ ਤੇ ਬਰਫ਼ ਦੇ ਢੇਰ ਉਚਿਉਂ-ਉੱਚੇ ਹੁੰਦੇ ਗਏ, ਬਾਰੀਆਂ ਤਕ ਪਹੁੰਚ ਗਏ। ਨਵੇਂ ਸਾਲ ਦੇ ਬਰਫ਼ ਦੇ ਢੇਰ ਉਤੋਂ ਚੜ੍ਹ ਆਉਣ ਤੇ ਕਮਰੇ ਵਿਚ ਆ ਵੜਨ ਨੂੰ ਸਿਰਫ਼ ਕੁਝ ਦਿਨ ਹੀ ਰਹਿ ਗਏ ਸਨ।

ਇਕ ਦਿਨ ਝੁੱਟਮਾਰ ਤੇ ਦੋ ਹੋਰ ਕੁਤਿਆਂ, 'ਡੱਬੇ' ਤੇ 'ਮੁੰਡੇ', ਨੂੰ ਸਿਖਲਾਈ ਦੀ ਥਾਂ, ਇਹਾਤੇ ਵਿਚ ਭੱਜੇ ਫਿਰਨ ਦੀ ਇਜਾਜ਼ਤ ਮਿਲ ਗਈ। ਫੇਰ ਕੁਤਿਆਂ ਦਾ ਭਾਰ ਤੋਲਿਆ ਗਿਆ, ਵਿਸ਼ਲੇਸ਼ਨ ਲਈ ਲਹੂ ਲਿਆ ਗਿਆ ਤੇ ਉਹਨਾਂ ਦੀਆਂ ਛਾਤੀਆਂ ਦੀਆਂ ਐਕਸਰੇ ਤਸਵੀਰਾਂ ਲਾਹੀਆਂ ਗਈਆਂ। ਇਸ ਤਰ੍ਹਾਂ



ਪਹਿਲੋਂ ਵੀ ਹੋ ਚੁਕਾ ਸੀ, ਪਰ ਹੁਣ ਡਾਕਟਰਾਂ ਦੇ ਅਮਲ ਤੋਂ ਕੋਈ ਉਚੇਚੀ ਗੰਭੀਰਤਾ ਮਹਿਸੂਸ ਹੋ ਰਹੀ ਸੀ।

ਘਟਨਾ, ਜਿਹਦੀ ਇੰਸਟੀਚਿਊਟ ਕਿੰਨੇ ਹੀ ਚਿਰ ਤੋਂ ਤਿਆਰੀ ਕਰ ਰਿਹਾ ਸੀ, ਵਾਪਰਨ ਵਾਲੀ ਸੀ।

"ਵਾਲੀਯਾ, 'ਡੱਬੇ' ਦੇ ਲਹੂ ਦੀ ਪੜਤਾਲ ਫੇਰ ਕਰ। ਇਹ ਸਾਧਾਰਨ ਤੋਂ ਵਖ ਕਿਉਂ ਏ?"

"ਅਜੀਬ ਗੱਲ ਏ," ਵਾਲੀਯਾ ਨੇ ਜਵਾਬ ਦਿਤਾ। "ਬਹੁਤੀਆਂ ਕੈਲੋਰੀਆਂ ਵਾਲੀ ਖ਼ੁਰਾਕ, ਆਰਾਮ ਦੀ ਨੀਂਦਰ। ਮੈਨੂੰ ਇਹਦੀ ਸਮਝ ਨਹੀਂ ਲਗਦੀ।"

ਕੀ 'ਡੱਬਾ' ਬੀਮਾਰ ਰਿਹਾ ਸੀ?

ਵਾਸੀਲੀ ਨੇ ਕੁੱਤੇ ਦਾ ਮੁਆਇਨਾ ਕੀਤਾ, ਕਮਰੇ ਵਿਚ ਏਧਰ-ਓਧਰ ਗਿਆ, ਪਰ ਉਹਨੂੰ ਸਮਝ ਨਾ ਪੈ ਸਕੀ।

"ਪਤਾ ਲਗ ਗਿਆ ਏ, ਮੈਨੂੰ!" ਅੱਧਾ ਘੰਟਾ ਪਿਛੋਂ ਵਾਲੀਯਾ ਕੂਕੀ। "ਡੱਫ਼ਰ ਨੇ ਇਹਨੂੰ ਚੱਕ ਵਢਿਆ ਸੀ। ਜ਼ੀਨਾ ਨੇ 'ਡੱਬੇ' ਨੂੰ ਕੈਂਡੀ ਦਿਤੀ ਤੇ ਡੱਫ਼ਰ ਇਹਦੇ ਤੋਂ ਖੋਹਣਾ ਚਾਹੁੰਦੀ ਸੀ। ਕੋਈ ਖ਼ਾਸ ਗੱਲ ਨਹੀਂ, ਕਲ੍ਹ ਸਾਰਾ ਕੁਝ ਠੀਕ ਹੋ ਜਾਵੇਗਾ!"

ਵਾਸੀਲੀ ਨੇ ਨਿਹੋਰੇ ਨਾਲ ਸਿਰ ਹਿਲਾਇਆ। ਪਰ ਵਾਲੀਯਾ ਖ਼ੁਸ਼ ਸੀ, 'ਡੱਬਾ' ਬੀਮਾਰ ਨਹੀਂ ਸੀ ਤੇ ਉਹਦੀ ਖ਼ਰਾਬੀ ਦਾ ਕਾਰਨ ਏਨਾ ਸਿੱਧਾ-ਸਾਦਾ ਸੀ।

ਉਸ ਰਾਤੀਂ ਕੱਕਰ ਨੇ ਬਾਰੀਆਂ ਉਤੇ ਅਜੀਬ-ਅਜੀਬ ਤਸਵੀਰਾਂ ਬਣਾ ਦਿਤੀਆਂ।



ਸਵੇਰੇ, ਵਾਸੀਲੀ ਨੇ, ਜਿਨ੍ਹੇ ਛੋਟਾ ਜਿਹਾ ਫ਼ਰਦਾਰ ਕੋਟ, ਇਕ ਗੁਦਗੁਦੀ ਫ਼ਰਦਾਰ ਟੋਪੀ ਤੇ ਨਮਦੇ ਦੇ ਬੂਟ ਪਾਏ ਹੋਏ ਸਨ, ਝੁੱਟਮਾਰ, 'ਡੱਬੇ' ਤੇ 'ਮੁੰਡੇ' ਨੂੰ ਸੰਗਲੀਆਂ ਪਾ ਲਈਆਂ ਤੇ ਉਹਨਾਂ ਨੂੰ ਬਾਹਰ ਇਹਾਤੇ ਵਿਚ ਲੈ ਗਿਆ। ਉਥੇ ਤਿੰਨ ਡਾਕਟਰ ਉਹਨਾਂ ਦੀ ਉਡੀਕ ਕਰ ਰਹੇ ਸਨ। ਸਾਰਾ ਅਮਲਾ ਬਾਰੀਆਂ ਅਗੇ ਇੱਕਠਾ ਹੋਇਆ ਪਿਆ ਸੀ। ਵਾਲੀਯਾ, ਜ਼ੀਨਾ, ਡਾ: ਦਰੋਨੋਵ, ਪ੍ਰੋਫ਼ੈਸਰ ਤੇ ਬਾਕੀ ਦੇ ਹੋਰ ਸਾਰੇ ਜਣੇ, ਜਿਨ੍ਹਾਂ ਦੇ ਮਿਹਰਬਾਨ ਹੱਥਾਂ ਨੇ ਇਹਨਾਂ ਛੋਟੇ-ਛੋਟੇ ਜੱਤਲ

ਟੈਸਟ-ਕੁਤਿਆਂ ਨੂੰ ਲਿਆਇਆ ਸਾ, ਉਹਨਾ ਨੂੰ ਛੱਡਣ ਆਏ ਹੋਏ ਸਨ। ਉਹ ਛੋਟੀ ਬਾਰੀ ਵਿਚੋਂ ਹਥ ਹਿਲਾ ਤੇ ਉਚੀ-ਉਚੀ ਬੋਲ ਰਹੇ ਸਨ।


ਫਾਟਕ ਉਤੇ ਦੋ ਵੋਲਗਾ ਕਾਰਾਂ ਉਡੀਕ ਰਹੀਆਂ ਸਨ। ਵਾਸੀਲੀ ਤੇ ਕੁੱਤੇ ਇਕ ਵਿਚ ਬਹਿ ਗਏ ਤੇ ਡਾਕਟਰ ਦੂਜੀ ਵਿਚ। ਫੇਰੀ ਪੂਰਨ ਚੁਪ ਵਿਚ ਸ਼ੁਰੂ ਹੋਈ, ਜਿਸ ਤਰ੍ਹਾਂ ਦੀ ਚੁਪ ਅਜਿਹੇ ਗੰਭੀਰ ਮੌਕਿਆਂ ਉਤੇ ਛਾਈ ਹੁੰਦੀ ਹੈ। ਸਿਰਫ਼ ਇੰਜਨ ਹੀ ਸਾਵੀਂ ਘਰਰ-ਘਰਰ ਕਰ ਰਹੇ ਸਨ ਤੇ ਕਾਰਾਂ ਨੂੰ ਅੱਗੇ ਲਿਜਾ ਰਹੇ ਸਨ।

ਜਦੋਂ ਅਖ਼ੀਰ ਕਾਰਾਂ ਦੇ ਬੂਹੇ ਖੋਲ੍ਹੇ ਗਏ, ਚਾਰ-ਪੈਰਾ ਅਮਲਾ ਖੁਲ੍ਹੀਆਂ ਥਾਵਾਂ ਵੇਖ ਹੈਰਾਨ ਰਹਿ ਗਿਆ। ਕੁਤਿਆਂ ਨੇ ਦੁਆਲੇ ਵੇਖਿਆ ਤੇ ਉਹਨਾਂ ਨੂੰ ਸਮਝ ਨਾ ਪਈ, ਘਰਾਂ, ਸੜਕਾਂ, ਤੇ ਆਮ ਤੌਰ ਉਤੇ, ਸ਼ਹਿਰ ਨੂੰ ਕੀ ਹੋ ਗਿਆ ਸੀ। ਉਹਨਾਂ ਸਾਹਮਣੇ ਇਕ ਪਧਰਾ ਬਰਫ਼-ਕਜਿਆ ਮੈਦਾਨ ਪਸਰਿਆ ਹੋਇਆ ਸੀ, ਜਿਨ੍ਹਾਂ ਉਤੇ ਖੰਭਾਂ ਵਾਲੀਆਂ ਵਡੀਆਂ-ਵਡੀਆਂ ਮਸ਼ੀਨਾਂ ਖੜੀਆਂ ਸਨ।

"ਹਵਾਈ ਜਹਾਜ਼ ਪਹਿਲੀ ਵਾਰੀ ਵੇਖ ਰਹੇ ਨੇ," ਵਾਸੀਲੀ ਨੇ ਬੇ-ਆਰਾਮੀ ਨਾਲ ਸੋਚਿਆ। "ਤੇ ਇਹ ਮੈਦਾਨ... ਸ਼ਾਇਦ ਉਹ ਫੇਰ ਆਵਾਰਾ ਕੁਤਿਆਂ ਵਾਂਗ ਮਹਿਸੂਸ ਕਰਨ ਲਗ ਪੈਣ? ਜਾਂ ਭੌਂਕਣ ਲਗ ਪੈਣ।"

ਉਹ ਨਾ ਭੌਂਕੇ। ਉਹ ਚੁਪ-ਚਾਪ ਹਵਾਈ ਜਹਾਜ਼ ਵਲ ਹੋ ਪਏ ਤੇ ਹੌਲੀ-ਹੌਲੀ ਦੌੜਦੇ ਪੌੜੀ ਉਤੇ ਚੜ੍ਹ ਗਏ।

ਸਵਾਰੀਆਂ ਆਪਣੀਆਂ ਥਾਵਾਂ ਉਤੇ ਬੈਠੀਆਂ ਹੋਈਆਂ ਸਨ — ਉਹ ਰਾਕਟ-ਇੰਜੀਨੀਅਰ, ਮਕੈਨਿਕ, ਤੇ ਡੀਜ਼ਾਈਨਕਾਰ ਸਨ ਤੇ ਉਹਨਾਂ ਝੁੰਟਮਾਰ, 'ਡੱਬੇ' ਤੇ 'ਮੁੰਡੇ' ਦਾ ਸੁਆਗਤ ਏਡੇ ਨਿੱਘ ਨਾਲ ਕੀਤਾ ਕਿ ਕੁੱਤੇ ਤਰਹਿ ਗਏ ਤੇ ਉਹ ਪਿਛੇ ਹਟ ਛੇਤੀ ਤੋਂ ਛੇਤੀ ਵਾਸੀਲੀ ਦੀਆਂ ਲੱਤਾਂ ਮਗਰ ਲੁਕ ਗਏ, ਤੇ ਬਹਿ ਗਏ। ਇੰਜਨ ਗੜ੍ਹਕੇ, ਜਹਾਜ਼ ਹਿਲਿਆ ਤੇ ਚੱਲਣ ਲਗਾ। ਫੇਰ ਉਹ ਅਟਕ ਗਿਆ, ਉਹਨੇ ਉਡੀਕਿਆ ਤੇ ਫੇਰ ਰਫ਼ਤਾਰ ਫੜਦਾ ਅਗੇ ਝਪਟਿਆ ਤੇ ਏਡੇ ਆਰਾਮ ਨਾਲ ਕਿ





ਸਵਾਰੀਆਂ ਨੂੰ ਮਾਣੋ ਪਤਾ ਹੀ ਨਾ ਲੱਗਾ, ਜ਼ਮੀਨ ਤੋਂ ਉਠ ਪਿਆ।

ਦੋ ਘੰਟੇ ਪਿਛੋਂ, ਇਹਨੂੰ ਚਾਣਚਕ ਹੀ ਉਤਰਨਾ ਪੈ ਗਿਆ, ਕਿਉਂ ਜੁ ਰੇਡੀਉ ਤੋਂ ਪਤਾ ਲਗਾ, ਬਰਫ਼ੀਲਾ ਝੱਖੜ ਆਉਣ ਹੀ ਵਾਲਾ ਸੀ। ਮੁਸਾਫ਼ਰ ਤੇ ਅਮਲਾ ਹਵਾਈ ਅੱਡੇ ਦੇ ਇਕ ਨਿੱਕੇ ਜਿਹੇ ਹੋਟਲ ਵਿਚ ਟਿਕ ਗਏ। ਛੇਤੀ ਹੀ ਚਿੱਟੇ ਗੋਹੜਿਆਂ ਦਾ ਵਰੋਲਾ ਹੋਟਲ ਦੁਆਲੇ ਵੀ ਝੁਲ ਰਿਹਾ ਸੀ, ਹਵਾਈ ਅੱਡੇ ਤੇ ਬਾਕੀ ਦੀ ਦੁਨੀਆਂ ਨੂੰ ਨਜ਼ਰੋਂ ਓਹਲੇ ਕਰ ਰਿਹਾ ਸੀ।

ਸਵੇਰੇ ਵੀ, ਬਾਰੀਆਂ ਤੋਂ ਬਾਹਰ ਸਿਰਫ਼ ਨਚਦੇ ਬਰਫ਼-ਗੋਹੜੇ ਹੀ ਦਿਸਦੇ ਸਨ। ਤਰੀਕ ੩੧ ਦਸੰਬਰ ਸੀ। ਉਹਨਾਂ ਨੇ ਨਵਾਂ ਸਾਲ ਹੋਟਲ ਵਿਚ ਹੀ ਬਿਤਾਣ ਦਾ ਮਨ ਬਣਾ ਲਿਆ, ਪਰ ਚਾਣਚਕ ਹੀ ਖ਼ਬਰ ਆ ਗਈ ਕਿ ਭੈੜੇ ਮੌਸਮ ਦੇ ਕਾਰਨ ਰਾਕਟ ਦਾ ਛਡਿਆ ਜਾਣਾ ਪਿਛੇ ਪਾ ਦਿਤਾ ਗਿਆ ਸੀ।

ਉਹ ਮਾਸਕੋ ਗੱਡੀ ਰਾਹੀਂ, ਜਾਂ ਝੱਖੜ ਦੇ ਮੱਠੇ ਪੈ ਜਾਣ ਉਤੇ, ਹਵਾਈ ਜਹਾਜ਼ ਰਾਹੀਂ ਵਾਪਸ ਆ ਸਕਦੇ ਸਨ। ਬਾਰੀਆਂ ਵਿਚੋਂ ਬਾਹਰ ਵੇਖ, ਮਾਸਕੋ-ਵਾਸੀ ਕਹਿਣ ਲਗੇ, "ਬੇਸ਼ਕ, ਅਸੀਂ ਗੱਡੀ 'ਤੇ ਜਾਵਾਂਗੇ।" ਤੇ ਉਹ ਆਪਣਾ ਸਾਮਾਨ ਬੰਨ੍ਹਣ ਲਗ ਪਏ।

"ਅਸੀਂ ਕੀ ਕਰੀਏ?" ਵਾਸੀਲੀ ਨੇ ਡੱਬੇ, ਝੁੱਟਮਾਰ ਤੇ ਮੁੰਡੇ ਤੋਂ ਸਲਾਹ ਪੁੱਛੀ। "ਇਹੋ ਜਿਹੇ ਵਕਤ ਖਾਣ-ਪੀਣ ਦੀਆਂ ਚੀਜ਼ਾਂ ਵਾਲਾ ਕਾਊਂਟਰ ਬੰਦ ਹੁੰਦਾ ਏ, ਤੇ ਮੈਨੂੰ ਡਾਢੀ ਭੁਖ ਲੱਗੀ ਹੋਈ ਏ। ਸੂਟਕੇਸ ਏਥੇ ਛਡ ਦਿਆਂ, ਤੁਹਾਨੂੰ ਨਾਲ ਲੈ ਜਾਵਾਂ, ਤੇ ਕੈਫ਼ੇ ਵਲ ਭਜ ਪਵਾਂ? ਨਹੀਂ, ਉਹ ਤੁਹਾਨੂੰ ਅੰਦਰ ਨਹੀਂ ਆਉਣ ਦੇਣ ਲਗੇ। ਸੂਟਕੇਸ ਨਾਲ ਲੈ ਜਾਂ, ਤੁਹਾਨੂੰ ਏਥੇ ਛਡ ਦਿਆਂ, ਛੇਤੀ-ਛੇਤੀ ਜਾਵਾਂ ਤੇ ਖਾ ਆਵਾਂ? ਨਹੀਂ, ਮੈਂ ਏਥੇ ਗੱਡੀ ਤੋਂ ਪਹਿਲਾਂ ਨਹੀਂ ਮੁੜ ਸਕਣ ਲਗਾ... ਮੇਰਾ ਖ਼ਿਆਲ ਏ, ਮੈਂ ਸੂਟਕੇਸ ਲੈ ਲੈਂਦਾ ਹਾਂ ਤੇ ਅਸੀਂ ਕੈਫ਼ੇ ਜਾਂਦੇ ਹਾਂ! ਜੁ ਮਰਜ਼ੀ ਪਿਆ ਹੋਵੇ..."

ਕੈਫ਼ੇ ਵਿਚ, ਡਿਓੜੀ ਵਾਲੇ ਦਰਬਾਨ ਨੇ ਕੁਤਿਆਂ ਵਲ ਸ਼ੱਕ ਦੀਆਂ ਨਜ਼ਰਾਂ ਨਾਲ ਵੇਖਿਆ, ਪਰ ਉਹਨਾਂ ਨੂੰ ਸੰਗਲੀਆਂ ਪਈਆਂ ਹੋਈਆਂ ਸਨ, ਤੇ ਉਹਨੇ ਸੂਟਕੇਸ ਨੂੰ ਸਾਂਭ ਰੱਖਣ ਲਈ ਫੜਦਿਆਂ, ਕੁਤਿਆਂ ਨੂੰ ਕੁਝ ਨਾ ਆਖਿਆ।

ਵੇਟਰਸ ਮੇਜ਼ ਕੋਲ ਆਈ ਤੇ ਕੁਤਿਆਂ ਉਤੇ ਪੈਰ ਰਖਦੀ-ਰਖਦੀ ਬਚੀ। ਉਹ ਹੌਕੀ ਤੇ ਇਕਦਮ ਹੇਠਾਂ ਬਹਿ ਗਈ ਤੇ ਤਿੰਨਾਂ ਦੇ ਤਿੰਨਾਂ ਨੂੰ ਪਿਆਰ ਕਰਨ ਲਗੀ: "ਉਹ, ਸੁਹਣਿਉਂ!"

ਉਹਨੇ ਵਾਸੀਲੀ ਨੂੰ ਸੂਪ ਚੀਨੀ ਦੀ ਸੂਪ-ਪਲੇਟ ਵਿਚ ਲਿਆ ਕੇ ਦਿਤਾ, ਤੇ "ਸੁਹਣਿਆਂ" ਨੂੰ ਟੀਨ ਦੀਆਂ ਪਲੇਟਾਂ ਵਿਚ। ਚੀਨੀ ਵਾਲੀ ਪਲੇਟ ਮੇਜ਼ ਉਤੇ ਪਰੋਸੀ ਗਈ ਤੇ ਟੀਨ ਵਾਲੀਆਂ ਫ਼ਰਸ਼ ਉਤੇ। ਟੀਨ ਦੀਆਂ ਪਿਰਚਾਂ ਵਾਲਾ ਜਵੀ ਦਾ ਸੂਪ, ਜਿਵੇਂ ਕਿ ਚਾਹੀਦਾ ਸੀ, ਠੰਡਾ ਸੀ। ਨਾਲੇ ਸਮਝਦਾਰ ਬਾਵਰਚੀ ਨੇ 'ਗੂਲਿਆਸ਼' ਵਿਚੋਂ ਕੁਝ ਹੱਡੀਆਂ ਵੀ ਪਾ ਦਿਤੀਆਂ ਸਨ। ਕਿੱਡਾ ਕਮਾਲ ਦਾ ਖਾਣਾ ਸੀ ਉਹ!

ਉਹ ਮਸਾਂ-ਮਸਾਂ ਗੱਡੀ 'ਤੇ ਪਹੁੰਚੇ। ਉਹ ਅਠਵੇਂ ਡੱਬੇ ਵਲ ਭੱਜੇ। ਕੰਡਕਟਰ ਨੇ ਟਿਕਟਾਂ ਵੇਖੀਆਂ, ਪਰਤਾਈਆਂ ਤੇ ਕੁਤਿਆਂ ਵਾਲੇ ਆਦਮੀ ਨੂੰ ਸਖ਼ਤੀ ਨਾਲ ਕਹਿਣ ਲਗਾ: "ਸੁਣ ਜਵਾਨਾਂ, ਤੂੰ ਤਿੰਨ ਕੁੱਤੇ ਨਹੀਂ ਲਿਜਾ ਸਕਦਾ। ਨਿਯਮਾਂ ਅਨੁਸਾਰ ਇਕ ਡੱਬੇ 'ਚ ਸਿਰਫ਼ ਦੋ ਕੁਤਿਆਂ ਦੀ ਆਗਿਆ ਏ। ਮੈਂ ਕੁਝ ਨਹੀਂ ਕਰ ਸਕਦਾ।"

ਇਹੋ ਜਿਹੇ ਮੌਕੇ ਉਤੇ ਵੀ, ਵਾਸੀਲੀ ਨੇ ਇਹ ਜਾਣਦਿਆਂ ਕਿ ਗੱਡੀ ਦੋ ਮਿੰਟਾਂ ਵਿਚ ਚੱਲਣ ਵਾਲੀ ਸੀ, ਆਪਣੇ ਆਪ ਨੂੰ ਗੁੱਸਾ ਨਾ ਚੜ੍ਹਨ ਦਿਤਾ, ਤੇ ਕੰਡਕਟਰ ਨੂੰ ਨਿਮਰਤਾ ਸਹਿਤ ਜਵਾਬ ਦਿਤਾ, "ਮੁਆਫ਼ ਕਰਨਾ, ਪਰ ਮੈਂ ਆਪਣੇ ਆਪ ਨੂੰ ਦੋ ਹਿਸਿਆਂ 'ਚ ਨਹੀਂ ਵੰਡ ਸਕਦਾ। ਸਾਨੂੰ ਨਿਯਮ ਭੰਗ ਕਰਨਾ ਹੀ ਪਵੇਗਾ।"

ਇਹ ਕਹਿੰਦਿਆਂ, ਉਹਨੇ ਆਪਣਾ ਸੂਟਕੇਸ ਅੰਦਰ ਸੁਟਿਆ ਤੇ ਫੇਰ 'ਮੁੰਡੇ' ਨੂੰ, ਫੇਰ 'ਡਬੇ' ਨੂੰ ਤੇ ਫੇਰ ਝੁੱਟਮਾਰ ਨੂੰ ਅੰਦਰ ਟਿਕਾ ਦਿਤਾ। ਗੱਡੀ ਚੱਲਣ ਲਗ ਪਈ।

ਬੋਗੀ ਵਿਚ ਡੱਬੇ ਨਹੀਂ ਸਨ, ਤੇ ਉਹ ਲੋਕਾਂ ਨਾਲ ਤੂੜੀ ਹੋਈ ਸੀ। ਜਿਵੇਂ ਹੀ ਤਿੰਨ ਕੁੱਤੇ ਲਈ ਨੌਜਵਾਨ ਆਪਣੀ ਥਾਂ ਵਲ ਵਧਿਆ, ਤਿਵੇਂ ਹੀ ਉਹਦੇ ਪਿੱਛੇ-ਪਿੱਛੇ ਖ਼ੁਸ਼ੀ ਤੇ ਉਤਸੁਕਤਾ ਦੀ ਗੂੰਜਾਰ ਪੈ ਗਈ। ਫੇਰ ਚਾਣਚਕ ਹੀ ਕਿੰਨੇ ਸਾਰੇ ਬੱਚੇ ਨਿਕਲ ਆਏ। ਉਹ ਸਾਰੇ ਸੂਟਕੇਸਾਂ ਵਿਚੋਂ ਰੀਂਗ ਆਏ ਜਾਪਦੇ ਸਨ। ਤੇ ਵਾਸੀਲੀ ਅਜੇ ਨਿਠ ਕੇ ਬੈਠਾ ਹੀ ਸੀ ਕਿ ਇਕ ਬੁੱਢਾ ਆਪਣੇ ਨਾਲ-ਬੈਠੇ ਦੇ ਨਮਦੇ ਵਾਲੇ ਬੂਟ ਤੇ ਫ਼ਰਦਾਰ ਜੈਕਟ ਵੇਖ, ਉਹਦੇ ਤੋਂ ਸਵਾਲ ਪੁੱਛਣ ਲਗ ਪਿਆ।

"ਮੇਰਾ ਖ਼ਿਆਲ ਏ, ਤੂੰ ਸ਼ਿਕਾਰੀ ਏਂ ਕੋਈ? ਪਰ, ਜੇ ਤੂੰ ਮੈਨੂੰ ਮੁਆਫ਼ ਕਰੇਂ ਤਾਂ, ਆਮ ਕੁੱਤੇ ਕਿਉਂ ਲਈ ਫਿਰਦਾ ਏਂ? ਜਾਂ ਕੀ ਰਿੱਛਾਂ ਦੇ ਖ਼ਿਲਾਫ਼ ਕੰਮ ਆਉਂਦੇ ਨੀ? ਇਹਨਾਂ ਨਾਲ ਵੀ ਓਨਾ ਹੀ ਚੰਗਾ ਰਹਿੰਦਾ ਏ, ਜਿੰਨਾ ਹਸਕੀਆਂ ਨਾਲ?"

ਚਾਹੁੰਦਿਆਂ ਨਾ ਚਾਹੁੰਦਿਆਂ ਵਾਸੀਲੀ ਨੂੰ ਕਿਸੇ ਸ਼ਿਕਾਰੀ ਵਾਲੀ ਕਹਾਣੀ ਘੜਨੀ ਹੀ ਪਈ। ਵਿਚ-ਵਿਚ ਉਹ ਕੁਤਿਆਂ ਨੂੰ ਬੋਗੀਆਂ ਵਿਚਲੀ ਖਾਲੀ ਪਧਰੀ ਥਾਂ 'ਤੇ ਲਿਜਾਂਦਾ ਰਿਹਾ। ਉਹ ਬੁੱਢੇ ਨੂੰ ਇਹ ਨਹੀਂ ਸੀ ਦਸ ਸਕਦਾ, ਉਹ ਆਮ ਕੁੱਤੇ ਨਹੀਂ, ਕਾਸਮੋਨਾਟ ਸਨ। ਕਿਸੇ ਨੂੰ ਅਤਬਾਰ ਨਹੀਂ ਸੀ ਆਉਣਾ, ਏਡੀਆਂ ਅਹਿਮ ਹਸਤੀਆਂ ਇਕ ਆਮ ਗੱਡੀ ਵਿਚ ਲਿਜਾਈਆਂ ਜਾਣਗੀਆਂ।

ਸ਼ਿਕਾਰ ਦੀ ਕਹਾਣੀ ਏਨੀ ਲੰਮੀ ਸੀ ਕਿ ਮਾਸਕੋ ਆ ਕੇ ਹੀ ਪੂਰੀ ਹੋਈ।

ਸਟੇਸ਼ਨ 'ਤੇ ਵਾਸੀਲੀ ਨੇ ਘੜੀ ਵੇਖੀ ਤੇ ਇਹ ਤਕ ਘਬਰਾ ਗਿਆ ਕਿ ਅੱਧੀ ਰਾਤ ਪੈਣ ਨੂੰ ਸਿਰਫ਼ ਅੱਧਾ ਘੰਟਾ ਹੀ ਰਹਿ ਗਿਆ ਸੀ।

"ਮੇਰੇ ਘਰ ਮਨਾਵਾਂਗੇ!" ਉਹਨੇ ਆਪਣੇ ਸਾਥੀਆਂ ਨੂੰ ਦਸਿਆ। "ਮੈਂ ਤੁਹਾਨੂੰ ਸਾਸੇਜ ਖੁਆਵਾਂਗਾ ਤੇ ਸੁਆ ਦਿਆਂਗਾ।"

ਉਹ ਨਵੇਂ ਸਾਲ ਦੇ ਨਾਲ-ਨਾਲ ਫ਼ਲੈਟ ਵਿਚ ਜਾ ਵੜੇ, ਤੇ ਹਰ ਕਿਸੇ ਦੀ ਖ਼ੁਸ਼ੀ ਦੀ ਹਦ ਨਾ ਰਹੀ—ਵਾਸੀਲੀ ਦੀ ਵਹੁਟੀ, ਉਹਦੀ ਮਾਂ ਤੇ ਉਹਦੇ ਅੱਠਾਂ ਵਰ੍ਹਿਆਂ ਦੇ ਪੁੱਤਰ ਸਾਸ਼ੇ ਦੀ। ਵਾਸੀਲੀ ਨੇ ਉਹਨਾਂ ਨੂੰ ਪਹਿਲੋਂ ਵਾਰੀ-ਵਾਰੀ ਤੇ ਫੇਰ ਸਾਰਿਆਂ ਨੂੰ ਇਕਠਿਆਂ ਚੁੰਮਿਆ ਤੇ ਖ਼ੁਸ਼ੀਆਂ-ਭਰੇ ਨਵੇਂ ਸਾਲ ਦੀਆਂ ਸ਼ੁਭ ਇੱਛਾਵਾਂ ਦਿਤੀਆਂ ਤੇ ਆਖਿਆ, "ਫ਼ਰ ਰੁਖ ਦੀ ਹੁਆੜ ਕਿੰਨੀ ਚੰਗੀ ਏ!"

ਜਿਥੋਂ ਤਕ ਝੁੱਟਮਾਰ, 'ਮੁੰਡੇ' ਤੇ 'ਡੱਬੇ' ਦਾ ਸਵਾਲ ਸੀ, ਉਹਨਾਂ ਦੇ ਖ਼ਿਆਲ ਵਿਚ ਸਾਸੇਜਾਂ ਦੀ ਹੁਆੜ ਸਭ ਤੋਂ ਚੰਗੀ ਸੀ। ਛੇਤੀ ਹੀ ਉਹਨਾਂ ਨੂੰ ਕੁਝ ਖੁਆਈਆਂ ਗਈਆਂ। ਖਾ ਲੈਣ ਪਿਛੋਂ ਉਹ ਸਾਸ਼ੇ ਨਾਲ ਖੇਡਦੇ ਰਹੇ ਤੇ ਉਹਨਾਂ ਨੂੰ ਗੱਡੀ ਦਾ ਸਾਰਾ ਕੁਝ ਭੁਲ ਗਿਆ।

ਸਵੇਰੇ ਵਾਸੀਲੀ ਕੁਤਿਆਂ ਨੂੰ ਵਾਪਸ ਇੰਸਟੀਚਿਊਟ ਲੈ ਗਿਆ। ਉਹਨਾਂ ਦੇ ਪਿੰਜਰੇ ਡੰਗਰਖਾਨੇ ਤੋਂ ਲਿਆਂਦੇ ਆਵਾਰਾ ਕੁਤਿਆਂ ਨੇ ਮਲੇ ਹੋਏ ਸਨ। ਮੁਸਾਫ਼ਰਾਂ ਨੂੰ ਨਵੇਂ ਕਮਰੇ ਵਿਚ ਪਾ ਦਿਤਾ ਗਿਆ, ਤਿੰਨਾਂ ਦੇ ਤਿੰਨਾਂ ਨੂੰ ਇਕ ਕਮਰੇ ਵਿਚ। ਨਾਲੇ ਇਸ ਕਮਰੇ ਵਿਚ ਇਕ ਖਾਲੀ ਪਿੰਜਰਾ ਵੀ ਸੀ।

ਪਰ ਵਾਸੀਲੀ ਨੂੰ ਉਹਨੂੰ ਖੋਲ੍ਹਣ ਦਾ ਖਿਆਲ ਨਾ ਆਇਆ। ਉਹ, ਬੂਹੇ ਉਤੇ ਲਗੀ ਜਾਤੀ-ਪਛਾਤੀ ਪਲੇਟ ਵਲ ਟਕ ਲਾਈ, ਉਹਦੇ ਸਾਹਮਣੇ ਚੁਪ-ਚਾਪ ਖਲੋਤਾ ਤੇ ਫੇਰ ਚਲਾ ਗਿਆ।

ਖਾਲੀ ਪਿੰਜਰੇ ਉਤੇ ਇਹ ਲਿਖਿਆ ਹੋਇਆ ਸੀ: "ਏਥੇ ਲਾਇਕਾ ਰਹਿੰਦੀ ਸੀ।"

## ਏਥੇ ਲਾਇਕਾ ਰਹਿੰਦੀ ਸੀ

ਖਾਲੀ ਪਿੰਜਰੇ ਦੀ ਕਹਾਣੀ ਸੁਣਾਣ ਲਈ ਥੋੜੇ ਜਿਹੇ ਦੁਰਾਡੇ ਬੀਤੇ ਵਲ, ਸਾਲ ੧੯੫੭ ਵਲ, ਜਾਣ ਦੀ ਲੋੜ ਹੈ।

੩ ਅਕਤੂਬਰ, ੧੯੫੭ ਦੁਨੀਆਂ ਲਈ ਇਕ ਆਮ ਦਿਨ ਸੀ। ਸਕੂਲੀ ਬੱਚੇ ਆਪਣੇ ਡੈਸਕਾਂ 'ਤੇ ਬੈਠੇ ਸਨ। ਮਜ਼ਦੂਰ ਖਰਾਦਾਂ ਕੋਲ ਖੜੇ ਸਨ। ਹਵਾਬਾਜ਼ ਆਮ ਨਾਲੋਂ ਤੇਜ਼ ਉਡ ਰਹੇ ਸਨ। ਤੇ ਸੌਣ ਵੇਲੇ ਕਿਸੇ ਨੂੰ ਵੀ ਚਿਤ-ਚੇਤਾ ਨਹੀਂ ਸੀ ਕਿ ਕਲ੍ਹ ਉਹਦੀ ਜਾਗ ਇਕ ਨਵੇਂ ਜੁਗ ਵਿਚ ਖੁਲ੍ਹੇਗੀ।

੪ ਅਕਤੂਬਰ ਦੀ ਸਵੇਰ ਨੂੰ ਦੁਨੀਆਂ ਵਿਚ ਇਸ ਖ਼ਬਰ ਨਾਲ ਜੋਸ਼ ਦੀ ਲਹਿਰ ਦੌੜ ਗਈ ਕਿ ਧਰਤੀ ਦੁਆਲੇ ਵਿਚ ਰੁਪਹਿਲੀ ਗੋਲਾ ਉਡ ਰਿਹਾ ਸੀ। ਭਾਵੇਂ ਇਹ, ਪਹਿਲੀ ਬ੍ਰਹਿਮੰਡੀ ਮਿਸਾਈਲ, ਬਹੁਤ ਵਡੀ ਨਹੀਂ ਸੀ—ਹਰ ਕਿਸੇ ਨੂੰ ਪਤਾ ਸੀ, ਉਹਦਾ ਵਜ਼ਨ ੨੩੪ ਪਾਊਂਡ ਤੇ ਉਹਦਾ ਦੁਸਾਰ ੨੨ ਇੰਚ ਸੀ—ਫੇਰ ਵੀ ਲੋਕ ਸਮਝਦੇ ਸਨ, ਇਹ ਘਟਨਾ ਕਿੱਡੀ ਅਹਿਮ ਸੀ। ਅੱਗ ਨੂੰ ਵੱਸ ਕਰਨ ਜਿੱਡੀ। ਭਾਫ਼

ਦੇ ਇੰਜਨ ਦੇ ਹੋਂਦ ਵਿਚ ਆਉਣ ਜਿੱਡੀ। ਹਵਾਈ ਜਹਾਜ਼ ਦੀ ਪਹਿਲੀ ਉਡਾਣ ਜਿੱਡੀ। ਬਿਜਲੀ ਜਾਂ ਪ੍ਰਮਾਣੂ ਸ਼ਕਤੀ ਦੀ ਲਭਤ ਜਿੱਡੀ।

ਦੁਨੀਆਂ ਭਰ ਦੇ ਵਿਗਿਆਨੀਆਂ ਨੇ ਆਪਣੇ ਸੋਵੀਅਤ ਸਹਿਕਾਰਾਂ ਨੂੰ ਵਧਾਈਆਂ ਦਿਤੀਆਂ। ਕਾਮਿਆਂ ਨੂੰ ਮਾਣ ਮਹਿਸੂਸ ਹੋਇਆ: ਮਿਸਾਈਲ ਉਹਨਾਂ ਦੇ ਹੱਥਾਂ ਨੇ ਬਣਾਈ ਸੀ। ਹਵਾਬਾਜ਼ਾਂ ਨੂੰ ਉਹਦੀ ਬ੍ਰਹਿਮੰਡੀ ਰਫ਼ਤਾਰ ਉਤੇ ਰੀਸ ਆਉਂਦੀ ਸੀ। ਇਹ ਅੱਲੋਕਾਰ ਰਫ਼ਤਾਰ ਸੀ — ਸਕਿੰਟ ਵਿਚ ਪੰਜ ਮੀਲ। ਤੇ ਸਕੂਲੇ ਪੜ੍ਹਦੇ ਬੱਚੇ, ਡੈਸਕਾਂ 'ਤੇ ਬੈਠੇ, ਪੁਲਾੜ ਵਿਚ ਉੱਡਣ ਦੇ ਸੁਫ਼ਨੇ ਲੈਣ ਲਗੇ।

ਤਾਰਿਆਂ ਦਾ ਰਾਹ ਮਨੁੱਖ ਲਈ ਖੁਲ੍ਹ ਗਿਆ ਸੀ! ਇਹ ਅਨੰਤ ਬ੍ਰਹਿਮੰਡ ਵਿਚ ਜਾਂਦਾ ਸੀ। ਤੇ ਇਸ ਸਾਰੇ ਕੁਝ ਦਾ ਮੁਢ ਲਾਲ ਪੰਜ-ਨੁਕਰੇ ਤਾਰੇ ਵਾਲੇ ਦੇਸ ਵਿਚ ਬੱਝਾ ਸੀ।

"ਨਵਾਂ ਤਾਰਾ!", "ਉਡਦੀ ਪਰੀ-ਕਹਾਣੀ!", "ਸੋਵੀਅਤ ਚੰਨ!"

ਸਾਰਿਆਂ ਦੇਸਾਂ ਦੇ ਅਖ਼ਬਾਰ ਇਸ ਸਨਸਨੀ-ਭਰੇ ਬਿਆਨ ਲਈ ਲਫ਼ਜ਼ ਘੜ ਰਹੇ ਸਨ। ਉਹਨਾਂ ਸਭਨਾਂ ਨੇ ਇਕ ਨਾਂ ਦਾ ਫ਼ੈਸਲਾ ਕਰ ਲਿਆ: ਸਪੂਤਨੀਕ! ਰੂਸੀ ਲਫ਼ਜ਼ ਦੀ ਆਵਾਜ਼ ਚੰਗੀ ਸੀ। ਲਫ਼ਜ਼ "ਤੋਵਾਰੀਸ਼" * ਵਾਂਗ!




ਚਿੱਠੀਆਂ ਆਉਣ ਲਗ ਪਈਆਂ "ਮਾਸਕੋ। ਸਪੂਤਨੀਕ। ਮੈਂ ਉਡ ਬ੍ਰਹਿਮੰਡ ਨੂੰ ਜਾਣਾ ਚਾਹੁੰਦਾ ਹਾਂ।"

"ਮਾਸਕੋ। ਸਪੂਤਨੀਕ। ਕ੍ਰਿਪਾ ਕਰਕੇ ਮੇਰਾ ਨਾਂ ਕਾਸਮੋਨਾਟਾਂ ਦੀ ਸੂਚੀ ਵਿਚ ਲਿਖ ਲਵੋ।"

"ਮਾਸਕੋ। ਸਪੂਤਨੀਕ। ਮੈਂ ਵਿਗਿਆਨ ਦੀ ਉਨਤੀ ਲਈ ਆਪਣੀ ਜਾਨ ਵਾਰਨ ਲਈ ਤਿਆਰ ਹਾਂ।"

ਇਸ ਤਰ੍ਹਾਂ ਦੀਆਂ ਚਿੱਠੀਆਂ ਹਵਾਬਾਜ਼ਾਂ, ਵਿਦਿਆਰਥੀਆਂ ਤੇ ਪਾਇਨੀਅਰਾਂ ਵਲੋਂ ਆਇਆਂ। ਹਜ਼ਾਰਾਂ ਲੋਕ ਬਾਹਰਲੇ ਪੁਲਾੜ ਨੂੰ ਫ਼ਤਹ ਕਰਨਾ ਚਾਹੁੰਦੇ ਸਨ।

ਉਸ ਸਮੇਂ ਮਾਸਕੋ ਦੀ ਇਕ ਚੁਪੀਤੀ ਸੜਕ ਦੀ ਇਕ ਇਮਾਰਤ ਵਿਚ ਦਸ ਟੈਸਟ-ਕੁੱਤੇ ਸਿਖਲਾਏ ਜਾ ਰਹੇ ਸਨ। ਇਹਨਾਂ ਵਿਚੋਂ ਇਕ ਨੇ ਨਵੇਂ ਸਪੂਤਨੀਕ ਵਿਚ ਉਡਣਾ ਸੀ। ਦਸ ਆਗਿਆਕਾਰ ਕੁੱਤੇ, ਪੇਟੀਆਂ ਵਾਲੇ ਸੂਟ ਪਾਈ, ਸੈਂਟਰੀਫ਼ਿਊਗ ਦੀ ਕੈਬਿਨ ਵਿਚ ਗੇੜੇ ਕਢਦੇ, ਰੌਲੇ ਸੁਣਦੇ, ਸੌੜੇ ਪਿੰਜਰਿਆਂ ਵਿਚ ਬਹਿੰਦੇ, ਸਾਰੀਆਂ ਬੇ-ਆਰਾਮੀਆਂ ਆਰਾਮ ਨਾਲ ਝੱਲਦੇ ਤੇ ਏਥੋਂ ਤਕ ਕਿ ਜਿਊਣਾ ਮਾਣਦੇ — ਗੱਲ

---

* **ਤੋਵਾਰੀਸ਼** — ਰੂਸੀ ਬੋਲੀ ਵਿਚ ਸਾਥੀ, ਕਾਮਰੇਡ — **ਸੰਪਾ:**



ਕੀ, ਉਹਨਾਂ ਉਹ ਸਾਰਾ ਕੁਝ ਵੇਖਿਆ ਝਲਿਆ, ਜਿਹੜਾ ਪਿਛੋਂ ਝੁੱਟਮਾਰ ਤੇ ਸਾਡੇ ਹੋਰਨਾਂ ਸੂਰਮਿਆਂ ਦੇ ਹਿੱਸੇ ਆਇਆ ਸੀ।


ਦੱਸਾਂ ਵਿਚੋਂ ਇਕ ਚੁਣੀ ਗਈ — ਲਾਇਕਾ।

ਉਹਨਾਂ ਉਹਦਾ ਇਹ ਨਾਂ ਕਿਉਂ ਰਖਿਆ, ਕੋਈ ਵੀ ਨਹੀਂ ਦਸ ਸਕਦਾ। ਲਾਇਕਾ ਦਾ ਮਤਲਬ ਹੈ "ਭੌਂਕਣ ਵਾਲੀ." ਪਰ ਲਾਇਕਾ ਕਿਸੇ ਨੂੰ ਕਦੀ ਵੀ ਨਹੀਂ ਸੀ ਭੌਂਕੀ। ਉਹਦੀ ਆਵਾਜ਼ ਸਿਰਫ਼ ਇਕੋ ਵਾਰੀ ਨਿਕਲੀ ਸੀ, ਇਕ ਹਨੇਰੀ ਸੌੜੀ ਪੌੜੀ ਉਤੇ। ਉਹ ਉਪਰ ਚੜ੍ਹ ਰਹੀ ਸੀ ਤੇ ਇਕ ਕੁੜੀ ਹੇਠਾਂ ਉਤਰ ਰਹੀ ਸੀ। ਲਾਇਕਾ ਕੁੜੀ ਲਈ ਥਾਂ ਛਡਦੀ ਪਾਸੇ ਹੋ ਗਈ, ਪਰ ਉਹ ਕੁੜੀ ਨੂੰ ਨਾ ਦਿੱਸੀ ਤੇ ਉਹਨੇ ਲਾਇਕਾ ਦੇ ਪੰਜੇ ਉਤੇ ਪੈਰ ਰਖ ਦਿਤਾ। ਲਾਇਕਾ ਨੇ ਚਊਂ ਕੀਤੀ ਤੇ ਕੁੜੀ ਨੂੰ ਡਰਾ ਦਿਤਾ, ਤੇ ਕੁੜੀ ਨੇ ਚੀਕ ਮਾਰੀ ਤੇ ਲਾਇਕਾ ਨੂੰ ਡਰਾ ਦਿਤਾ। ਜ਼ਿੰਦਗੀ ਵਿਚ ਪਹਿਲੀ ਵਾਰੀ ਲਾਇਕਾ ਨੇ ਆਪਣੇ ਆਪ ਨੂੰ ਪੂਰੀ ਆਵਾਜ਼ ਵਿਚ ਪ੍ਰਗਟਾਇਆ।

ਪਤਲੀਆਂ ਟੰਗਾਂ ਤੇ ਭੋਲੀ, ਅਚੰਭੇ-ਭਰੀ ਤਕਣੀ ਵਾਲੀ ਇਹ ਆਮ ਕੁੱਤੀ ਸਭ ਤੋਂ ਪੱਕੀ-ਪੀਡੀ ਸਾਬਤ ਹੋਈ। ਮਸ਼ੀਨ ਚਲਾਣ ਵੇਲੇ ਡਾ: ਦਰੋਨੋਵ ਨੇ ਮੱਥਾ ਵਟਿਆ ਤੇ ਸਿਰ ਹਿਲਾਇਆ; ਉਹ ਬਲਵਾਨ ਸ਼ਕਤੀਆਂ ਨੂੰ ਬੁਲਾ ਰਿਹਾ ਸੀ, ਤੇ ਉਹਨੂੰ ਪਤਾ ਨਹੀਂ ਸੀ ਕਿ ਕੁੱਤੀ ਉਹਨਾਂ ਨੂੰ ਸਹਿ ਵੀ ਸਕੇਗੀ ਜਾਂ ਨਹੀਂ। ਪੁਲਾੜੀ ਡਾਕਟਰੀ ਉਹਨੂੰ ਕੁਝ ਨਹੀਂ ਸੀ ਦਸ ਸਕੀ। ਪਹਿਲੋਂ ਕਿਸੇ ਨੇ ਵੀ ਅਜਿਹੇ ਤਜਰਬੇ ਨਹੀਂ ਸਨ ਕੀਤੇ; ਕਿਸੇ ਨੇ ਵੀ ਸਪੂਤਨੀਕਾਂ ਦੇ ਮੁਸਾਫ਼ਰ ਤਿਆਰ ਨਹੀਂ ਸਨ ਕੀਤੇ।

ਪਰ ਲਾਇਕਾ ਨੇ ਇਹ ਸਾਰਾ ਕੁਝ ਮਸ਼ੀਨ ਦੇ ਆਖ਼ਰੀ ਗੇੜੇ ਤਕ ਸਹਿ ਲਿਆ। ਡਾ: ਦਰੋਨੋਵ ਨੇ ਦਰਵਾਜ਼ਾ ਖੋਲ੍ਹਿਆ ਤੇ ਪੋਲੇ ਜਿਹੇ ਕੁੱਤੀ ਨੂੰ ਬਾਹਵਾਂ ਵਿਚ ਚੁਕ ਲਿਆ, ਉਹਦੀ ਥੁੰਨੀ ਨੂੰ ਰੁਮਾਲ ਨਾਲ ਪੂੰਝਿਆ। ਲਾਇਕਾ ਦੇ ਲਮਕੇ ਹੋਏ ਕੰਨ ਖੜੇ ਹੋ ਗਏ। ਨਹੀਂ, ਨੁਕੀਲੇ ਕੰਨਾਂ ਵਾਲੀ ਇਸ ਛੋਟੀ ਜਿਹੀ ਕੁੱਤੀ ਦਾ ਹੌਸਲਾ ਕੋਈ ਚੀਜ਼ ਵੀ ਨਹੀਂ ਸੀ ਤੋੜ ਸਕਦੀ।

"ਚੜ੍ਹਾਈ ਵੇਲੇ ਲੇਟ ਜਾਣਾ ਜ਼ਰੂਰੀ ਏ," ਡਾ: ਦਰੋਨੋਵ ਨੇ ਨਤੀਜਾ ਕਢਿਆ। "ਤਾਂ ਜੁ ਆਕਰਖਣ-ਸ਼ਕਤੀ ਛਾਤੀ ਤੇ ਪਿੱਠ 'ਤੇ ਵਰ੍ਹ ਸਕੇ। ਜਦੋਂ ਸਪੂਤਨੀਕ ਪਰਕਰਮਾ-ਪੰਧ 'ਤੇ ਪੈ ਗਿਆ, ਹਰ ਚੀਜ਼ ਨਿਰਭਾਰ ਹੋ ਜਾਏਗੀ। ਫੇਰ ਕੁੱਤੀ ਫ਼ਰਸ਼ 'ਤੇ ਧੱਕੇਗੀ ਤੇ ਬੈਠੇ ਜਾਂ ਖਲੋਵੇਗੀ।



"ਲੇਟੇ, ਬੈਠੇ, ਖੜੀ ਹੋਵੇ," ਵਾਸੀਲੀ ਦੁਹਰਾਂਦਾ। "ਤੇ ਇਹ ਸਭ ਨਿਕ-ਮੁਨਿੱਕੀ ਕੈਬਿਨ ਵਿਚ। ਸਾਨੂੰ ਵਿਸ਼ੇਸ਼ ਕਪੜਿਆਂ ਦੀ ਲੋੜ ਏ, ਜਿਹੜੇ ਜੋਤਰੇ ਵਾਂਗ ਠੱਲੀ ਰੱਖਣਗੇ, ਪਰ ਏਧਰ-ਓਧਰ ਹਿੱਲਣ-ਜੁੱਲਣ ਦੇਣਗੇ।"

"ਖਾਣ-ਪੀਣ ਨੂੰ! ਭੁੱਲੋ ਨਾ, ਅਸੀਂ ਇਹਨੂੰ ਖੁਆਣਾ-ਪਿਆਣਾ ਵੀ ਏ!" ਇਸਟੀਚਿਊਟ ਦੇ ਮਕੈਨਿਕ ਸੇਰਯੋਜ਼੍ਹੇ ਨੇ ਆਖਿਆ। "ਜਦੋਂ ਹਰ ਚੀਜ਼ ਨਿਰਭਾਰ ਹੋ ਗਈ, ਇਹਨੂੰ ਕਿਵੇਂ ਖੁਆਵਾਂਗੇ? ਤੁਸੀਂ ਇਹਦੀ ਪਿਰਚ 'ਚ ਪਾਣੀ ਨਹੀਂ ਪਾ ਸਕਦੇ—ਉਹ ਡੁੱਲ ਜਾਏਗਾ। ਕੋਈ ਸਾਸੇਜ ਰਖੋਗੇ ਤੇ ਉਹ ਉਡ ਜਾਏਗੀ! ਉਹਨੂੰ ਫੜੇਗੀ ਕਿਵੇਂ, ਜੇ ਉਹਨੂੰ ਉਹਦੇ ਕਪੜਿਆਂ ਨੇ ਡੱਕੀ ਰਖਿਆ ਤੇ ਉਹਦੇ ਤੋਂ ਹਿਲਿਆ-ਜੁਲਿਆ ਹੀ ਨਾ ਗਿਆ?"

ਹਰ ਕੋਈ—ਕੀ ਡਾਕਟਰ, ਕੀ ਵਿਗਿਆਨੀ, ਕੀ ਸਹਾਇਕ—ਈਜਾਦਕਾਰ ਬਣ ਗਏ। ਉਹਨਾਂ ਛੋਟੇ-ਛੋਟੇ ਸੂਟ ਕੱਟੇ ਤੇ ਸੀਤੇ। ਉਹਨਾਂ ਅਨੁਮਾਨ ਲਾਇਆ ਕਿ ਚੁਪਾਇਆ ਜਾਨਵਰ ਦਿਨ 'ਚ ਕਿੰਨਾ ਕੁਝ ਖਾਂਦਾ ਹੈ, ਤੇ ਉਹਦੀ ਕਿੰਨੀ ਸ਼ਕਤੀ ਖ਼ਰਚ ਹੁੰਦੀ ਹੈ। ਉਹਨਾਂ ਕਿਸਮ-ਕਿਸਮ ਦੇ ਖਾਣੇ ਤਿਆਰ ਕੀਤੇ ਤੇ ਕੁਤਿਆਂ ਉਤੇ ਅਜ਼ਮਾਏ। ਤੇ ਉਸ ਮੀਨੋ ਵਿਚ, ਜਿਹੜਾ ਉਹਨਾਂ ਅਖ਼ੀਰ ਤਿਆਰ ਕੀਤਾ, ਸਖ਼ਤ ਖਸਤਾ ਬਿਸਕੁਟ, ਗੋਸ਼ਤ ਦਾ ਚੂਰਾ, ਚਰਬੀ ਤੇ ਪਾਣੀ ਸ਼ਾਮਲ ਸੀ। ਪਰ ਸਵਾਲ ਇਹ ਸੀ ਕਿ ਬ੍ਰਹਿਮੰਡੀ ਖਾਣਿਆਂ ਨੂੰ ਕੈਬਿਨ ਵਿਚ ਤਰਦੇ ਫਿਰਨ ਤੋਂ ਕਿਵੇਂ ਰੋਕਿਆ ਜਾਵੇ।

ਕਿਸੇ ਨੂੰ ਇਕ ਜੇਲਾਟੀਨੀ ਪਦਾਰਥ ਦਾ ਖ਼ਿਆਲ ਆਇਆ। ਇਹਨੂੰ "ਅਗਾਰ-ਅਗਾਰ" ਕਹਿੰਦੇ ਹਨ ਤੇ ਇਹ ਲਾਲ ਸਮੁੰਦਰੀ ਕਾਈ ਤੋਂ ਲਭਦਾ ਹੈ।

ਪੀਸਿਆ ਹੋਇਆ "ਅਗਾਰ-ਅਗਾਰ" ਕਮਾਲ ਦੀ ਲਭਤ ਸੀ। ਇਹਨੇ ਸਭਨਾਂ ਪਦਾਰਥਾਂ ਤੇ ਪਾਣੀ ਨੂੰ ਆਹਾਰ-ਭਰਪੂਰ ਜੈਲੀ ਦੀ ਸ਼ਕਲ ਵਿਚ ਨਾਲ-ਨਾਲ ਜੋੜ ਲਿਆ। ਇਹ ਪਤਾ ਲਗਾ ਕਿ ਜੈਲੀ ਦੀ ਸ਼ਕਲ ਦੀ ਇਹ ਮਿਲਾਵਟ ਪਿਆਲੇ ਵਿਚੋਂ ਬਾਹਰ ਨਹੀਂ ਸੀ ਡਿਗਦੀ। ਨਾਲੇ ਇਹ ਸੁਆਦਲੀ ਤੇ ਆਹਾਰ-ਭਰਪੂਰ ਵੀ ਸੀ।

ਲਾਇਕਾ ਲਈ ਫ਼ੈਕਟਰੀ ਵਿਚ ਗੋਲ ਬਾਰੀ ਵਾਲੀ ਇਕ ਸਲਿੰਡਰੀ ਕੈਬਿਨ ਬਣਾਈ ਗਈ। ਇਹਦੇ ਵਿਚ ਵੇਖ-ਰੇਖ ਵਾਲੇ ਜੰਤਰਾਂ, ਜੈਲੀ ਦੀ ਸ਼ਕਲ ਵਾਲੀ ਖ਼ੁਰਾਕ ਦੇ ਸਟਾਕ ਵਾਲੇ ਆਪਣੇ-ਆਪ ਖੁਆਣ ਵਾਲੇ ਸੰਦ, ਆਕਸੀਜਨ ਉਪਜਾਣ ਤੇ ਕਾਰਬਨ-ਡਾਈਅਕਸਾਈਡ ਜਜ਼ਬ ਕਰਨ ਵਾਲੀਆਂ ਰਸਾਈਨਾਂ ਤੇ ਮੁਸਾਫ਼ਰ ਲਈ ਇਕ ਵਿਸ਼ੇਸ਼ ਸੀਟ ਲਈ ਥਾਂ ਸੀ। ਇਸ ਸੀਟ ਵਿਚ ਹੌਲੀ ਪੁਸ਼ਾਕ ਪਾਈ ਲਾਇਕਾ ਅਗੇ-ਪਿਛੇ ਹੋ ਸਕਦੀ ਸੀ, ਬਹਿ, ਲੇਟ ਤੇ ਖਲੋ ਸਕਦੀ ਸੀ। ਨਤੀਜੇ ਦੇ ਤੌਰ ਉਤੇ ਛੋਟਾ ਜਿਹਾ ਡਾਢਾ ਘੁਟ ਕੇ ਬੰਦ ਹੋਇਆ ਪਿਆ ਡੱਬਾ ਘਰ ਬਣ ਗਿਆ। ਉਹ ਗੋਲ ਢੱਕਣ ਵਾਲਾ ਵਡਾ ਸਾਰਾ ਢੋਲ ਲਗਦਾ ਸੀ। ਇਸ ਛੋਟੇ ਜਿਹੇ ਘਰ ਵਿਚ ਲਾਇਕਾ ਨੂੰ ਪੁਲਾੜ ਦੀ ਭਿਆਨਕ ਸੱਖਣ ਮਹਿਸੂਸ ਨਾ ਹੋਈ।

ਸਿਖਲਾਈ ਵੇਲੇ ਲਾਇਕਾ ਰੋਜ਼-ਰੋਜ਼ ਆਪਣੀ ਕੈਬਿਨ ਵਿਚ ਬਹਿੰਦੀ ਰਹੀ। ਖੁਆਣ ਵਾਲੇ ਸੰਦ ਨੇ ਉਹਨੂੰ ਖੁਆਇਆ, ਰਸਾਈਨਾਂ ਨੇ ਆਕਸੀਜਨ ਪਹੁੰਚਾਈ ਤੇ ਧਾਤ ਦੇ ਡੱਬੇ ਨੇ ਪੂਰਨ ਚੁਪ ਕਾਇਮ ਰਖੀ। ਤੇ ਬਸ!

ਸੁਭਾਵਕ ਹੀ ਡਾਕਟਰ ਸਮੇਂ ਸਮੇਂ ਪਿਛੋਂ ਬਾਰੀ ਵਿਚੋਂ ਵੇਖਦੇ, ਪਰ ਲਾਇਕਾ ਉਹਨਾਂ ਨੂੰ ਨਾ ਵੇਖਦੀ। ਉਹ ਇਕਲਿਆਂ ਰਹਿਣਾ ਗਿੱਝ ਗਈ ਸੀ ਤੇ ਉਹਦਾ ਵਰਤਾਰਾ ਬਹੁਤ ਚੰਗਾ ਸੀ। ਜਦੋਂ ਖਾਣ ਦਾ ਵੇਲਾ ਆਉਂਦਾ, ਉਹ ਖੁਆਣ ਵਾਲੀ ਖਾਲੀ ਪਿਰਚ ਵਲ ਵੇਖਦੀ ਤੇ ਬੁਲ ਚੱਟਦੀ।

ਏਥੇ ਧਰਤੀ ਉਤੇ ਸਾਰਾ ਕੁਝ ਠੀਕ-ਠਾਕ ਸੀ। ਪਰ ਪੁਲਾੜ ਵਿਚ?

ਡਾਕਟਰਾਂ ਨੂੰ ਹੋਰ ਹਰ ਗੱਲ ਨਾਲੋਂ ਬਹੁਤੀ ਚਿੰਤਾ ਨਿਰਭਾਰਤਾ ਦੀ ਹਾਲਤ ਦੀ ਸੀ। ਆਕਰਖਣ-ਖਿੱਚ ਦੀਆਂ ਸ਼ਕਤੀਆਂ ਵਲੋਂ ਬੁਰਾ ਹਾਲ ਕੀਤੇ ਜਾਣ ਪਿਛੋਂ, ਉਹਦਾ ਚਾਣਚਕ ਹੀ ਉਕਾ ਕੋਈ ਭਾਰ ਨਹੀਂ ਸੀ ਰਹਿਣਾ ਤੇ ਉਹਨੇ ਹਵਾ ਵਿਚ ਤਰਨ ਲਗ ਪੈਣਾ ਸੀ। ਉਹਦੇ ਦਿਲ ਨੇ ਕਿਵੇਂ ਕੰਮ ਕਰਨਾ ਸੀ? ਉਹ ਏਡੀ ਅਜੀਬ ਤੇ ਚਾਣਚੱਕੀ ਤਬਦੀਲੀ ਨੂੰ ਕਿਵੇਂ ਸਹੇਗੀ?

ਕੁਝ ਪ੍ਰਦੇਸੀ ਵਿਗਿਆਨੀਆਂ ਨੇ ਇਹ ਨਿਰਾਸ਼ਾ-ਭਰੀ ਭਵਿਖ ਬਾਣੀ ਕੀਤੀ ਕਿ ਨਿਰਭਾਰਤਾ ਦੀ ਹਾਲਤ ਵਿਚ ਜ਼ਿੰਦਗੀ ਸ਼ਿਰਫ਼ ਕੁਝ ਮਿੰਟ ਹੀ ਕਾਇਮ ਰਹਿ ਸਕੇਗੀ। ਉਹਨਾਂ ਆਖਿਆ, ਲਹੂ ਦਾ ਵਜ਼ਨ ਨਹੀਂ ਰਹੇਗਾ, ਉਹ ਨਾੜਾਂ ਦੀਆਂ ਕੰਧਾਂ ਨੂੰ ਧਕਣਾ ਬੰਦ ਕਰ ਦੇਵੇਗਾ, ਤੇ ਦਿਲ ਖਲੋ ਜਾਵੇਗਾ।

ਸਵਾਲ, ਜਿਹੜਾ ਦੁਨੀਆਂ ਭਰ ਦੇ ਵਿਗਿਆਨੀਆਂ ਦੀ ਚਿੰਤਾ ਬਣਿਆ ਹੋਇਆ ਸੀ, ਇਹ ਸੀ ਕਿ ਕੀ ਇਹ ਵਿਗਿਆਨੀ ਠੀਕ ਕਹਿੰਦੇ ਸਨ। ਬਹੁਤ ਮਾੜੀ ਗੱਲ ਸੀ ਕਿ ਲੇਬਾਰਟਰੀ ਵਿਚ ਨਿਰਭਾਰਤਾ ਦੀ ਹਾਲਤ ਪੈਦਾ ਨਹੀਂ ਸੀ ਕੀਤੀ ਜਾ ਸਕਦੀ। ਧਰਤੀ ਦੀ ਇਕੋ-ਇਕ ਥਾਂ ਜਿਥੇ ਕਿਸੇ ਜੁੱਸੇ ਦਾ ਵਜ਼ਨ ਨਹੀਂ ਹੁੰਦਾ, ਉਹ ਧਰਤ-ਗੋਲੇ ਦਾ ਅਸਲੋਂ ਕੇਂਦਰ ਹੈ, ਉਥੇ ਸਭਨਾਂ ਪਾਸਿਆਂ ਦੀ ਆਕਰਖਣ-ਖਿੱਚ ਇਕੋ ਜਿਹੀ ਹੁੰਦੀ ਹੈ ਤੇ ਆਪਣੇ ਆਪ ਨੂੰ ਬੇ-ਅਸਰ ਬਣਾ ਲੈਂਦੀ ਹੈ। ਪਰ ਉਥੇ ਕੋਈ ਪਹੁੰਚੇ ਕਿਵੇਂ? ਕੋਈ ਚਾਰ ਹਜ਼ਾਰ ਮੀਲ ਡੂੰਘੀ ਸੁਰੰਗ ਪੁਟਣੀ ਸੰਭਵ ਨਹੀਂ ਸੀ।


ਜਦੋਂ ਜੈਟ ਹਵਾਈ ਜਹਾਜ਼ ਹਵਾ ਵਿਚ ਗੋਲੀ ਵਾਂਗ ਉਪਰ ਜਾਂਦੇ ਹਨ, ਉਹ ਬਹੁਤ ਉਚਾ ਚੜ੍ਹ ਜਾਂਦੇ ਹਨ ਤੇ ਫੇਰ ਸੁੱਟੇ ਗਏ ਕਿਸੇ ਪੱਥਰ ਵਾਂਗ, ਇਕ ਬਹੁਤ ਵਡੀ ਸਾਰੀ ਕੌਸ ਵਾਂਹਦਿਆਂ ਹੇਠਾਂ ਵਹਿ ਆਉਂਦੇ ਹਨ। ਇਸ ਨੂੰ ਗੋਗਲੀ ਉਡਾਣ ਕਿਹਾ ਜਾਂਦਾ ਹੈ, ਤੇ ਇਹਦੀ ਉਪਰਲੀ ਹੱਦ ਉਤੇ, ਜਦੋਂ ਹਵਾਈ ਜਹਾਜ਼, ਕਹਿ ਲਵੋ, ਟੀਸੀ ਉਤੇ ਹੁੰਦਾ ਹੈ, ਪਾਇਲਟ ਨੂੰ ਨਿਰਭਾਰਤਾ ਦਾ ਇਕ ਪਲ ਮਹਿਸੂਸ ਹੁੰਦਾ

ਹੈ। ਦੋ ਸ਼ਕਤੀਆਂ ਉਹਦੇ ਉਤੇ ਇਕਦਮ ਹੀ ਆਪਣਾ ਅਮਲ ਸ਼ੁਰੂ ਕਰ ਦੇਂਦੀਆਂ ਹਨ: ਇਕ ਕੇਂਦਰ-ਪਸਾਰ ਸ਼ਕਤੀ ਉਹਨੂੰ ਧਰਤੀ ਤੋਂ ਹੋਰ ਦੂਰ ਘੱਲਣ ਦੀ ਕੋਸ਼ਿਸ਼ ਕਰਦੀ ਹੈ ਤੇ ਧਰਤੀ ਦੀ ਆਕਰਖਣ-ਸ਼ਕਤੀ ਉਹਨੂੰ ਹੇਠਾਂ ਖਿਚਦੀ ਹੈ। ਇਹ ਦੋਵੇ ਸ਼ਕਤੀਆਂ ਆਪਣੇ ਆਪ ਨੂੰ ਬੇ-ਅਸਰ ਬਣਾ ਦੇਂਦੀਆਂ ਹਨ ਤੇ ਮਨੁੱਖ ਨਿਰਭਾਰ ਹੋ ਜਾਂਦਾ ਹੈ ਤੇ ਕਈ ਸਕਿੰਟ ਬਿਨਾਂ ਕਿਸੇ ਸਹਾਰੇ ਹਵਾ ਵਿਚ ਬੈਠਾ ਰਹਿ ਸਕਦਾ ਹੈ।



ਹਵਾਬਾਜ਼ਾਂ ਨੇ ਇਸ ਅਨੁਭਵ ਨੂੰ ਵਖ-ਵਖ ਢੰਗਾਂ ਨਾਲ ਬਿਆਨਿਆ। ਕਈਆਂ ਦਾ ਦਿਲ ਕੱਚਾ ਹੋਇਆ ਤੇ ਸਿਰ ਭਾਰਾ ਹੋ ਗਿਆ, ਜਿਵੇਂ ਉਹਨਾਂ ਦੀ ਸਮੁੰਦਰ ਵਿਚ ਸਫ਼ਰ ਕਰਦਿਆਂ ਤਬੀਅਤ ਠੀਕ ਨਾ ਰਹੀ ਹੋਵੇ। ਹੋਰਨਾਂ ਦਾ ਆਪਣੀਆਂ ਬਾਹਵਾਂ ਤੇ ਲੱਤਾਂ ਉਤੇ ਕੰਟਰੋਲ ਨਾ ਰਿਹਾ। ਕੁਝ ਹੋਰਨਾਂ ਨੂੰ ਮਹਿਸੂਸ ਹੋਇਆ, ਜਿਵੇਂ ਉਹ ਕਿਸੇ ਖਟੋਲੇ ਵਿਚ ਲੇਟੇ ਪਏ ਹੋਣ; ਉਹਨਾਂ ਨੂੰ ਇਹ ਬਹੁਤ ਹੀ ਚੰਗਾ ਲਗਾ ਤੇ ਉਹਨਾਂ ਆਖਿਆ ਕਿ ਆਰਾਮ ਲਈ ਨਿਰਭਾਰਤਾ ਸੈਨੀਟੋਰੀਅਮ ਨਾਲੋਂ ਵੀ ਚੰਗੀ ਹੈ।

ਪਰ ਸ਼ਾਇਦ ਇਹਨਾਂ ਨੂੰ ਭੁਲੇਖਾ ਲਗਾ ਹੋਵੇ? ਸ਼ਾਇਦ ਉਹਨਾਂ ਨੂੰ ਖ਼ਤਰਾ ਮਹਿਸੂਸ ਹੀ ਨਾ ਹੋਇਆ ਹੋਵੇ?



ਫੇਰ ਉਪਰ ਅਸਮਾਨ ਵਿਚ ਰਾਕਟ ਘੱਲੇ ਗਏ। ਉਹਨਾਂ ਦੀਆਂ ਪਹਿਲੀਆਂ ਸਵਾਰੀਆਂ ਕੱਛੂਕੁਮੇ, ਚੂਹੇ ਤੇ ਕੁੱਤੇ ਸਨ। ਉਹ ਗੋਗਲੀ ਉਡਾਣ ਦੇ ਦੌਰਾਨ ਕਈ ਸਕਿੰਟਾਂ ਲਈ ਨਹੀਂ, ਕਈ ਮਿੰਟਾਂ ਲਈ ਨਿਰਭਾਰ ਰਹੇ। ਜਾਨਵਰ ਪੈਰਾਸ਼ੂਟਾਂ ਨਾਲ ਧਰਤੀ ਉਤੇ ਸਹੀ-ਸਲਾਮਤ ਪਰਤ ਆਏ।

ਉਹ ਤਿੰਨ, ਪੰਜ, ਦਸ ਮਿੰਟਾਂ ਲਈ ਨਿਰਭਾਰ ਰਹੇ। ਪਰ ਜੇ ਇਹ ਨਿਰਭਾਰਤਾ ਘੰਟਿਆਂ ਬੱਧੀ ਹੁੰਦੀ ਤਾਂ? ਦਿਨਾਂ ਬੱਧੀ ਹੁੰਦੀ ਤਾਂ?

ਬੇ-ਸ਼ਕ, ਡਾ: ਦਰੋਨੋਵ, ਪ੍ਰੋਫ਼ੈਸਰ, ਵਾਸੀਲੀ ਤੇ ਹੋਰਨਾਂ ਨੂੰ, ਜਿਨ੍ਹਾਂ ਲਾਇਕਾ ਨੂੰ ਉਹਦੀ ਉਡਾਣ ਲਈ ਤਿਆਰ ਕੀਤਾ, ਆਸ ਸੀ ਕਿ ਕਾਸਮੋਨਾਟ ਦਾ ਦਿਲ ਘੰਟਿਆਂ ਬੱਧੀ ਤੇ ਦਿਨਾਂ ਬੱਧੀ ਧੜਕਦਾ ਰਹੇਗਾ। ਪਰ ਏਥੇ ਉਹਨਾਂ ਨੂੰ ਹੋਰ ਫ਼ਿਕਰ


ਸਨ। ਜਦੋਂ ਲਾਇਕਾ ਦੀ ਫ਼ਰਸ਼ ਨਾਲ ਛੁਹ ਨਾ ਰਹੀ, ਉਹਦਾ ਵਰਤਾਰਾ ਕੀ ਹੋਵੇਗਾ? ਜਾਨਵਰਾਂ ਦਾ ਬਾਦਸ਼ਾਹ, ਬੱਬਰ ਸ਼ੇਰ, ਤਕ ਵੀ ਜਦੋਂ ਸਰਕਸ ਵਿਚ ਝੂਲੇ ਉਤੇ ਬਿਠਾਇਆ ਜਾਂਦਾ ਹੈ, ਡਰ ਨਾਲ ਆਕੜ ਜਾਂਦਾ ਹੈ। ਉਹ ਦਰਸ਼ਕਾਂ ਦੇ ਐਨ ਸਿਰ ਉਤੇ ਝੂਟੇ ਲੈ ਸਕਦਾ ਹੈ ਤੇ ਖ਼ਤਰਨਾਕ ਨਹੀਂ ਹੁੰਦਾ, ਕਿਉਂ ਜੁ ਬੱਬਰ ਸ਼ੇਰ ਏਨਾ ਡਰਿਆ ਹੁੰਦਾ ਹੈ ਕਿ ਉਹਦੇ ਤੋਂ ਹਿਲਿਆ ਨਹੀਂ ਜਾਂਦਾ। ਤੇ ਫੇਰ ਉਸ ਸ਼ੇਰ ਦਾ ਕੇਸ ਸੀ। ਉਹਨੂੰ ਜਦੋਂ ਹਵਾਈ ਜਹਾਜ਼ ਰਾਹੀਂ ਇਕ ਚਿੜਿਆ-ਘਰ ਪਹੁੰਚਾਇਆ ਗਿਆ, ਧੱਕੇ ਨਾਲ ਉਹਦੀ ਜੱਤ ਹੀ ਬਾਕੀ ਨਾ ਰਹੀ।

ਕੀ ਲਾਇਕਾ ਵੀ ਏਨੀ ਸਖ਼ਤ ਡਰ ਜਾਵੇਗੀ? ਕੀ ਉਹ ਟੁਰੇ-ਫਿਰੇਗੀ ਤੇ ਖਾਵੇਗੀ? ਇਹ ਸਾਰਾ ਕੁਝ ਡਾਕਟਰਾਂ ਲਈ ਬੁਝਾਰਤ ਸੀ?

ਇਕ ਬਹੁ-ਮੰਜ਼ਲਾ ਰਾਕਟ, ਰਾਕਟਾਂ ਦੀ ਇਕ ਪੂਰੀ ਗੱਡੀ, ਲਾਇਕਾ ਨੂੰ ਬਿਠਾ ਕੇ ਛੱਡੀ ਗਈ।

੩ ਨਵੰਬਰ, ੧੯੫੭ ਨੂੰ ਲੋਕਾਂ ਨੇ ਇਸ ਛੋਟੀ ਜਹੀ ਬਹਾਦਰ ਕੁੱਤੀ ਦੀ ਖ਼ਬਰ ਪਹਿਲੀ ਵਾਰ ਸੁਣੀ। ਉਹਨਾਂ ਉਹਦੀ ਤਸਵੀਰ ਅਖ਼ਬਾਰਾਂ ਵਿਚ ਵੇਖੀ ਤੇ ਉਹ ਖੁਸ਼ ਵੀ ਹੋਏ ਤੇ ਉਦਾਸ ਵੀ। ਉਹ ਪਹਿਲਾ ਕੁੱਤਾ-ਕਾਸਮੋਨਾਟ ਵੇਖ ਕੇ ਖੁਸ਼ ਹੋਏ ਤੇ ਇਸ ਕਰ ਕੇ ਉਦਾਸ ਹੋਏ ਕਿ ਕਾਸਮੋਨਾਟ ਵਾਪਸ ਨਹੀਂ ਆਉਣ ਲਗਾ।

ਲਾਇਕਾ, ਪਿਆਰੀ ਲਾਇਕਾ, ਤੂੰ ਸਾਰੀ ਦੁਨੀਆ ਦੇ ਵਿਗਿਆਨੀਆਂ ਦੀ ਕਿਵੇਂ ਢਾਰਸ ਬੰਨ੍ਹਾ ਦਿਤੀ?



ਹਜ਼ਾਰਾਂ ਮੀਲਾਂ ਦੀ ਉਚਾਈ ਤੋਂ ਆਉਂਦੀ ਤੇਰੇ ਦਿਲ ਦੀ ਨਿੰਮ੍ਹੀ-ਨਿੰਮ੍ਹੀ ਆਵਾਜ਼ ਨੇ ਉਹਨਾਂ ਲਈ ਬਾਕੀ ਦੀਆਂ ਸਾਰੀਆਂ ਆਵਾਜ਼ਾਂ ਮੇਸ ਦਿਤੀਆਂ।

ਤੇ ਰਿਕਾਰਡਰ ਦੀ ਟੇਪ ਉਤੇ ਸ਼ਹਿਰ ਦੇ ਦਿਸ-ਹੱਦੇ ਵਰਗਾ ਇਕ ਨਮੂਨਾ ਲੀਕਿਆ ਗਿਆ। ਇਮਾਰਤਾਂ ਦੇ ਮੁਨਾਰੇ ਸਭ ਤੋਂ ਉਪਰ ਸਨ।

ਪੁਲਾੜੀ ਮੁਸਾਫ਼ਰ ਦਾ ਦਿਲ ਧੜਕਿਆ ਤੇ ਧੜਕਦਾ ਗਿਆ!

ਇੰਸਟੀਚਿਊਟ ਵਿਚ ਇਹ ਰੰਗ-ਰਲੀਆਂ ਦੇ ਦਿਨ ਸਨ। ਉਪਰ ਪੁਲਾੜ ਵਿਚ ਪਹਿਲਾ ਜੀਵ ਉਡ ਰਿਹਾ ਸੀ, ਜਿਹਨੂੰ ਦੋ ਪ੍ਰਾਚੀਨ ਯੂਨਾਨੀ ਲਫ਼ਜ਼ਾਂ ਨਾਲ ਬਿਆਨਿਆ ਜਾ ਸਕਦਾ ਹੈ: ਕੋਸਮਾਸ — ਬ੍ਰਹਿਮੰਡ; ਨਾਟਿਕਾ — ਤਰਨਾ। ਬ੍ਰਹਿਮੰਡ ਵਿਚ ਤਰਨ ਵਾਲਾ। ਕਾਸਮੋਨਾਟ! ਉਹ ਇਹਨਾਂ ਕੰਧਾਂ ਵਿਚੋਂ ਨਿਕਲ ਗਿਆ।

ਦੂਰਮਾਪਕ ਟੇਪ ਨੇ ਡਾਕਟਰਾਂ ਨੂੰ ਦਸਿਆ, ਕਿਵੇਂ ਰਾਕਟ ਗੜਕਿਆ ਸੀ ਤੇ ਕਿਵੇਂ ਲਾਇਕਾ ਰੌਲੇ ਨਾਲ ਡਰ ਗਈ ਸੀ (ਸਿਰਫ਼ ਲਾਇਕਾ ਹੀ ਨਹੀਂ: ਤਜਰਬੇਕਾਰ ਹਵਾਬਾਜ਼ ਤਕ ਵੀ ਇੰਜਨਾਂ ਦੀ ਗੜ੍ਹਕ ਸੁਣ ਕਦੀ-ਕਦੀ ਰਾਕਟ-ਪਿੜ ਉਤੇ ਡਰ ਜਾਂਦੇ ਹਨ)। ਕੁਝ ਚਿਰ ਲਾਇਕਾ ਸਿਰ ਭੁਆਂਦੀ ਰਹੀ, ਪਰ

ਫੇਰ ਓੜਕਾਂ ਦੀ ਸ਼ਕਤੀ ਨੇ ਉਹਨੂੰ ਫਰਸ਼ ਨਾਲ ਨੱਪ ਦਿਤਾ ਤੇ ਉਹਦਾ ਦਿਲ ਤੀਣੀ ਰਫ਼ਤਾਰ ਨਾਲ ਧੜਕਨ ਲਗ ਪਿਆ। ਰਾਕਟਾਂ ਦੀ ਗੱਡੀ ਵਾਯੂ-ਮੰਡਲ ਵਿਚੋਂ ਲੰਘੀ ਤੇ ਚਾਣਚਕ ਹੀ ਹਰ ਪਾਸੇ ਚੁਪ-ਚਾਂ ਹੋ ਗਈ, ਤੇ ਕੁੱਤੀ ਉਤਾਂਹ ਹਿੱਲਣ ਨਾ ਵਾਲੀ ਖਿਲਾ ਵਿਚ ਸੀ।

ਇਹ ਚੰਗੀ ਗੱਲ ਸੀ ਕਿ ਡਾਕਟਰ ਦਰੋਨੋਵ ਨੇ ਉਹਨੂੰ ਸਰੀਰ ਦਾ ਸਿੱਕੇ ਵਰਗਾ ਬੋਝ ਝੱਲਣ ਦੀ ਸਿਖਲਾਈ ਦਿਤੀ ਹੋਈ ਸੀ। ਉਸੇ ਤਰ੍ਹਾਂ ਜਿਵੇਂ ਸੈਂਟਰੀਫ਼ਿਊਗ ਦੀਆਂ ਸਵਾਰੀਆਂ ਪਿਛੋਂ ਹੁੰਦਾ ਸੀ, ਲਾਇਕਾ ਦੀ ਛਾਤੀ ਫੈਲ ਗਈ ਤੇ ਉਹਦਾ ਦਿਲ ਹੌਲੀ-ਹੌਲੀ ਸ਼ਾਂਤ ਹੋ ਗਿਆ। ਤੇ ਭਾਵੇਂ ਧਰਤੀ ਉਤੇ ਉਹ ਹੌਲੇਪਣ ਦੀ ਏਡੀ ਅਜੀਬ ਹਾਲਤ ਵਿਚ ਕਦੀ ਵੀ ਨਹੀਂ ਸੀ ਹੋਈ, ਉਹਨੂੰ ਡਰ ਨਾ ਆਇਆ। ਸਾਹ ਲੈਣ ਪਿਛੋਂ, ਉਹਨੇ ਏਧਰ-ਓਧਰ ਤਕਿਆ। ਫੇਰ ਉਹਦੇ ਪੰਜਿਆਂ ਨੇ ਉਹਦੇ ਪਿੰਡੇ ਨੂੰ ਫ਼ਰਸ਼ ਤੋਂ ਪਰ੍ਹਾਂ ਧਕ ਦਿਤਾ, ਤੇ ਉਹਨੇ ਨਿਰਭਾਰਤਾ ਦੀ ਹਾਲਤ ਵਿਚ ਆਪਣੇ ਪਹਿਲੇ ਕਦਮ ਪੁਟੇ।

ਡਾਕਟਰ ਨੇ ਚਿਰਾਂ ਤੋਂ ਅੜੇ ਆਉਂਦੇ ਸਵਾਲ ਨੂੰ ਹਲ ਕਰ ਲਿਆ: ਨਿਰਭਾਰਤਾ ਜਾਨ ਲਈ ਖ਼ਤਰਨਾਕ ਨਹੀਂ ਸੀ! ਬੇ-ਸ਼ਕ, ਮਨੁੱਖ ਲਈ ਇਸ ਗੱਲ ਦੀ ਹਿਲਤਰ ਪੈ ਜਾਣੀ ਲਾਇਕਾ ਨਾਲੋਂ ਔਖੀ ਸੀ ਕਿ ਉਤਾਂਹ ਕੋਈ ਨਹੀਂ ਸੀ ਤੇ ਹੇਠਾਂ ਕੋਈ ਨਹੀਂ ਸੀ ਤੇ ਪੈਰਾਂ ਹੇਠ ਸਹਾਰਾ ਕੋਈ ਨਹੀਂ ਸੀ। ਐਨ ਦੰਦੀ ਉਤੇ ਖਲੋਤੇ ਹੋਣ ਵੇਲੇ ਕਈ ਲੋਕਾਂ ਨੂੰ ਘੇਰਨੀ ਪੈ ਜਾਂਦੀ ਹੈ; ਉਹਨਾਂ ਨੂੰ ਨਿਰੇ ਇਸ ਖ਼ਿਆਲ ਨਾਲ ਹੀ ਚੱਕਰ ਆਉਣ ਲਗਦੇ ਹਨ ਕਿ ਉਹ ਡਿਗ ਸਕਦੇ ਹਨ। ਪਰ ਮਨੁੱਖ ਆਪਣੇ ਭਾਵਾਂ, ਅਨੁਭਵਾਂ ਤੇ ਆਦਤਾਂ ਦਾ ਵਾਲੀ ਹੁੰਦਾ ਹੈ। ਬੈਲੇ-ਨ੍ਰਿਤਕਾਰ ਨੇ ਆਪਣੇ ਸਰੀਰ ਨੂੰ ਕਮਾਲ ਦੀ ਹੱਦ ਤਕ ਵੱਸ ਕੀਤਾ ਹੁੰਦਾ ਹੈ; ਸਕੀਅਰ ਸਕੀਆਂ ਵਾਲੀ ਫੱਟੀ ਉਤੇ ਭਰੋਸੇ ਨਾਲ ਉਡਦਾ ਹੈ: ਪਾਣੀ ਹੇਠ ਤਰਨ ਵਾਲਾ ਤੈਰਾਕ ਹਥ ਵਿਚ ਹਾਰਪੂਨ ਫੜੀ ਮੱਛੀਆਂ ਦਾ ਪਿੱਛਾ ਕਰਦਾ ਹੈ; ਹਵਾਬਾਜ਼ ਨੂੰ ਵਡੀਆਂ ਉਚਾਈਆਂ ਤੋਂ ਡਰ ਨਹੀਂ ਲਗਦਾ। ਮਨੁੱਖ ਹਵਾ ਵਿਚ ਤਰਨ ਦੀ ਜਾਚ ਸਿਖ ਸਕਦਾ ਹੈ! ਉਹ



ਆਪਣੇ ਹੱਥਾਂ ਬਾਹਵਾਂ ਨੂੰ ਵਰਤਣ ਦੀ ਜਾਚ ਸਿਖ ਸਕਦਾ ਹੈ, ਜਿਹੜੀਆਂ ਅਸਾਧਾਰਨ ਹਦ ਤਕ ਤਕੜੀਆਂ ਹੋ ਜਾਂਦੀਆਂ ਹਨ। ਉਹ ਪਾਣੀ ਨਪੀੜ ਕੇ ਬਾਹਰ ਕਢਦਿਆਂ, ਪੋਲੀਆਂ, ਪਲਾਸਟਿਕ ਦੀਆਂ ਬੋਤਲਾਂ ਵਿਚੋਂ ਪੀਣ ਦੀ ਜਾਚ ਸਿਖ ਸਕਦਾ ਹੈ, ਤੇ ਚੁੰਬਕ ਬੂਟਾਂ ਨਾਲ, ਛਤ ਉਤੇ ਮੱਖੀ ਵਾਂਗ, ਸਿਰ ਪਰਨੇ ਟੁਰ ਸਕਦਾ ਹੈ।

ਹੁਣ ਮਨੁੱਖ ਉਡ ਕੇ ਚੰਨ ਉਤੇ ਪਹੁੰਚ ਸਕਦਾ ਹੈ; ਸ਼ਾਇਦ ਦਿਲ ਦੇ ਮਰੀਜ਼ਾਂ ਲਈ ਪੁਲਾੜ ਵਿਚ ਸੈਨੀਟੋਰੀਅਮ ਖੋਲ੍ਹਿਆ ਜਾਵੇਗਾ। ਇਕ ਸਿਰਫ਼ ਵਾਯੂ-ਮੰਡਲ ਵਿਚ ਬਹਿ ਸਕਿਆ ਸੀ। ਇਹ ਸਾਰਾ ਕੁਝ ਲਾਇ੍ਕਾ ਦੀਆਂ ਲਭਤਾਂ ਨੇ ਸੰਭਵ ਬਣਾਇਆ।

ਉਹ ਸਪੂਤਨੀਕ ਵਿਚ ਸਤ ਦਿਨ ਰਹੀ। ਅਠਵੇਂ ਦਿਨ ਆਕਸੀਜਨ ਮੁਕ ਗਈ...

ਤੇ ਇੰਸਟੀਚਿਊਟ ਵਿਚ ਇਕ ਪਿੰਜਰਾ ਖਾਲੀ ਰਹਿ ਗਿਆ। ਓਥੇ ਉਹਨਾਂ ਇਕ ਪਲੇਟ ਲਾ ਦਿਤੀ: "ਏਥੇ ਲਾਇਕਾ ਰਹਿੰਦੀ ਸੀ।" ਉਸ ਪਿੰਜਰੇ ਵਿਚ ਕਿਸੇ ਵੀ ਹੋਰ ਕੁੱਤੇ ਨੂੰ ਨਾ ਵੜਨ ਦਿਤਾ ਗਿਆ।

ਇਹ ਇਸ ਗੱਲ ਦੀ ਯਾਦ-ਦਹਾਨੀ ਸੀ ਕਿ ਅਗਲੇ ਕਾਸਮੋਨਾਟ ਨੂੰ ਧਰਤੀ ਉਤੇ ਵਾਪਸ ਲਿਆਂਦਾ ਜਾਣਾ ਚਾਹੀਦਾ ਹੈ।

## ਸਹਾਇਕ ਪਿੰਸਲ

ਸਿਆਲੇ ਨੇ ਬੋਰੀਯੇ ਦੀ ਸੜਕ ਉਤੇ ਬਰਫ਼ ਦੇ ਢੇਰਾਂ ਨਾਲ ਰੋਕਾਂ ਖੜੀਆਂ ਕਰ ਦਿਤੀਆਂ ਸਨ। ਜਦੋਂ ਉਹ ਸਵੇਰੇ ਉਠਦਾ, ਉਹ ਜਾਨੀਤਰਾਂ ਨੂੰ ਬੇਲਚਿਆਂ ਨਾਲ ਬੜੇ ਖੁਰਚਦਾ ਸੁਣਦਾ।

ਇਮਾਰਤ ਤੋਂ ਅਗੇ ਵਾਲੀ ਪੈਲੀ ਵਿਚ ਇਕ ਸਕੇਟਿੰਗ ਪਿੜ ਤਿਆਰ ਕਰ ਲਿਆ ਗਿਆ ਸੀ, ਤੇ ਅਸਲੋਂ ਅਧ-ਵਿਚਕਾਰ, ਜਿਥੇ ਕਦੀ ਦੋ ਸਿਰਲੱਥਾਂ ਨੇ ਰਾਕਟ ਛਡਿਆ ਸੀ, ਇਮਾਰਤ ਦੇ ਸੁਪਰਿਨਟੈਂਡੈਂਟ ਨੇ ਇਕ ਫਰ ਰੁਖ ਖੜਾ ਕੀਤਾ ਹੋਇਆ ਸੀ। ਬੋਰੀਯੇ ਨੇ ਇਕ ਵਾਰੀ ਆਪ ਆਪਣੀਆਂ ਅੱਖਾਂ ਨਾਲ ਵੇਖਿਆ, ਕਿਵੇਂ ਗੇਨਾ ਤੇ ਲਿਊਬਾ, ਇਕ ਦੂਜੇ ਦਾ ਹਥ ਫੜੀ, ਰੁਖ ਦੁਆਲੇ ਸਕੇਟਿੰਗ ਕਰ ਰਹੇ ਸਨ। ਗੇਨੇ ਨੇ ਇਕ ਸਕੇਟ ਉਤੇ ਅਠ ਦੇ ਹਿੰਦਸੇ ਦੀ ਸ਼ਕਲ ਦੀ ਸਕੇਟਿੰਗ ਕੀਤੀ। ਤੇ ਲਾਲ ਸਵੈਟਰ ਤੇ ਟੋਪੀ ਵਾਲੀ ਲਿਊਬਾ ਨੇ ਵੀ ਅਠ ਦਾ ਹਿੰਦਸਾ ਬਣਾਇਆ। ਫੇਰ ਉਹ ਓਥੇ ਖਲੋਤੇ ਗੱਲਾਂ ਕਰਦੇ ਰਹੇ। ਲਿਊਬਾ ਦੀ ਟੋਪੀ ਉਤੇ ਬਰਫ਼ ਦੇ ਗੋਹੜੇ ਡਲਕ ਰਹੇ ਸਨ। ਕੁੜੀ ਗੇਨੇ ਵਲ ਵੇਖ ਇੰਜ ਮੁਸਕਰਾ ਰਹੀ ਸੀ, ਜਿਵੇਂ ਉਹ ਨਿਰੀ ਲਿਊਬਾ ਹੀ ਨਾ ਹੋਵੇ, ਕੋਈ ਪਰੀ ਹੋਵੇ।

ਹਰ ਕੋਈ ਖ਼ੁਸ਼ ਸੀ, ਏਥੋਂ ਤਕ ਕਿ ਸੁਪਰਿਨਟੈਂਡੈਂਟ ਵੀ। ਉਹਨੂੰ ਧਮਾਕੇ ਵਾਲੀ ਘਟਨਾ ਉਕਾ ਭੁਲ ਗਈ ਹੋਈ ਸੀ, ਪਰ ਇਮਾਰਤ ਵਿਚ ਉਸ ਅਣਸੁਖਾਵੇਂ ਮਾਮਲੇ ਦੀ ਇਕ ਚੁਪ ਸ਼ਾਹਦ ਬਾਕੀ ਸੀ, ਜਿਹੜੀ ਬੋਰੀਯੇ ਦਾ ਦਿਲ ਜ਼ਬਾਨੀ ਝਿੜਕਾਂ ਨਾਲੋਂ ਵੀ ਬਹੁਤਾ ਖ਼ਰਾਬ ਕਰਦੀ ਸੀ। ਕਾਊਚ ਦੀ ਨੁੱਕਰ ਦੇ ਪਿਛੇ ਇਕ ਛੋਟੀ ਜਿਹੀ ਧਾਰੀਦਾਰ ਤਲਾਈ ਸੀ, ਜਿਥੇ ਰੈਗਸ ਸੌਂਦਾ ਹੁੰਦਾ ਸੀ। ਤੇ ਰਸੋਈ ਵਿਚ ਟੀਨ ਦਾ ਉਹ ਪਿਆਲਾ ਸੀ, ਜਿਸ ਵਿਚ ਬੋਰੀਯੇ ਦੀ ਮਾਂ ਹੱਡੀਆਂ ਤੇ ਭੋਰ-ਚੋਰ ਇਕੱਠਾ ਕਰਦੀ ਸੀ। ਸਭ ਤੋਂ ਮਾੜਾ

ਸਮਾਂ ਉਹ ਹੁੰਦਾ, ਜਦੋਂ ਉਹ ਇਹ ਗੱਲਾਂ ਕਰਨ ਲਗ ਪੈਂਦੇ, ਗੁਆਚ ਗਿਆ ਕੁੱਤਾ ਕਿੱਡੇ ਮੋਂਹ ਵਾਲਾ ਸੀ ਤੇ ਕਿੱਡਾ ਹੁਸ਼ਿਆਰ। ਬੋਰੀਯੇ ਤੋਂ ਇਹ ਸਿਹਾ ਨਾ ਜਾਂਦਾ; ਉਹ ਆਪਣੀ ਟੋਪੀ ਚੁਕ ਲੈਂਦਾ ਤੇ ਇਕ ਵੀ ਲਫ਼ਜ਼ ਕਹੇ ਬਿਨਾਂ ਘਰੋਂ ਬਾਹਰ ਚਲਾ ਜਾਂਦਾ। ਉਹ ਰੈਗਸ ਨੂੰ ਲੱਭਣ ਦੇ ਸੈਆਂ ਢੰਗਾਂ ਦੀਆਂ ਕਾਢਾਂ ਕਢਦਾ, ਸੜਕਾਂ ਉਤੇ ਘੁੰਮਦਾ ਰਹਿੰਦਾ। ਬੋਰੀਯਾ ਆਪਣੇ ਖ਼ਿਆਲਾਂ ਵਿਚ ਇੰਜ ਗੁਆਚਾ ਹੁੰਦਾ ਕਿ ਆਮ ਤੌਰ ਉਤੇ ਉਹਨੂੰ ਪੈ ਰਹੇ ਹਨੇਰੇ ਦਾ ਪਤਾ ਨਾ ਲਗਦਾ ਤੇ ਓਦੋਂ ਘਰ ਪਰਤਦਾ ਜਦੋਂ ਵਡੀ ਛੇ-ਮੰਜ਼ਲਾ ਇਮਾਰਤ ਬੱਤੀਆਂ ਨਾਲ ਝਮ-ਝਮ ਕਰ ਰਹੀ ਹੁੰਦੀ।

"ਇਹ ਵੇ — ਏਡੀ ਵਡੀ," ਚਾਨਣ ਵਾਲੀਆਂ ਬਾਰੀਆਂ ਵਲ ਵੇਖ, ਬੋਰੀਯਾ ਹਉਕਾ ਭਰਦਾ, "ਸ਼ਾਇਦ ਇਹਦੇ ਵਿਚ ਦੋ ਹਜ਼ਾਰ ਲੋਕ ਰਹਿੰਦੇ ਹੋਣਗੇ, ਸ਼ਾਇਦ ਇਸ ਤੋਂ ਵੀ ਬਹੁਤੇ। ਪਰ ਕਿਸੇ ਨੂੰ ਵੀ ਪਰਵਾਹ ਨਹੀਂ, ਰੈਗਸ ਕਿਤੇ ਯਖ਼ ਹੋ ਰਿਹਾ ਹੋਵੇਗਾ। ਤੇ ਗੇਨਕਾ? ਮੈਂ ਉਹਦੇ ਬਾਰੇ ਤਾਂ ਸੋਚਣਾ ਵੀ ਨਹੀਂ ਚਾਹੁੰਦਾ। ਉਹ ਸ਼ਾਇਦ ਬੈਠਾ ਰਾਕਟ ਡੀਜ਼ਾਇਨ ਕਰ ਰਿਹੈ ਜਾਂ ਆਪਣੇ ਪਿਓ ਨਾਲ ਰਿਸਾਲੇ ਵੇਖ ਰਿਹੈ। ਕਾਰਾਤੋਵਾਂ ਦੇ ਘਰ ਏਨੇ ਰਿਸਾਲੇ ਆਉਂਦੇ ਨੇ ਕਿ ਸਾਰਿਆਂ ਦੇ ਨਾਂ ਵੀ ਚੇਤੇ ਨਹੀਂ ਰਹਿੰਦੇ।"

ਅਜੇ ਬਹੁਤਾ ਚਿਰ ਨਹੀਂ ਹੋਇਆ, ਜਦੋਂ ਬੋਰੀਯੇ ਨੂੰ ਗੇਨੇ ਉਤੇ ਇਸ ਕਰ ਕੇ ਰੀਸ ਆਉਂਦੀ ਸੀ ਕਿ ਉਹਦਾ ਪਿਓ ਪੱਤਰਕਾਰ ਸੀ। ਬੋਰੀਯੇ ਦਾ ਪਿਓ ਆਮ ਖਰਾਦੀਆ ਸੀ। ਪਰ, ਜਦੋਂ ਸਾਰੀ ਛੇਵੀਂ-ਏ ਨੇ "ਬਾਲ" (ਉਹਦੇ ਪਿਓ ਦੇ ਦੋਸਤ ਆਪਣੀ ਬਾਲ-ਬੇਅਰਿੰਗ ਫ਼ੈਕਟਰੀ ਦਾ ਨਾਂ ਇੰਜ ਲੈਂਦੇ ਸਨ) ਵੇਖ ਲਿਆ, ਤੇ ਬੋਰੀਯੇ ਨੇ ਖਾਤੇ ਦੇ ਆਰ-ਪਾਰ ਲਗਾ ਇਕ ਪੋਸਟਰ ਵੇਖਿਆ — "ਸਮੇਲੋਵ ਤੁਹਾਡੇ ਲਈ ਮਿਸਾਲ ਹੈ!" — ਉਹਦੀਆਂ ਅੱਖਾਂ ਖੁਲ੍ਹ ਗਈਆਂ ਸਨ।

ਉਸ ਸ਼ਾਮੀਂ, ਜਦੋਂ ਉਹਦਾ ਪਿਓ ਨਿਤ ਵਾਂਗੂ ਫੁੱਲਾਂ ਵਾਲੇ ਵਡੇ ਸਾਰੇ ਪਿਆਲੇ ਵਿਚ ਚਾਹ ਪੀਣ ਲਗਾ, ਬੋਰੀਯਾ



ਉਹਦੇ ਸਾਹਮਣੇ ਬੈਠਾ ਸੀ, ਤੇ ਉਹ ਉਹਦੇ ਮੱਥੇ, ਅੱਖਾਂ ਤੇ ਨਕ ਵਲ ਏਡੇ ਧਿਆਨ ਨਾਲ ਵੇਖਣ ਲਗਾ ਕਿ ਵਡੇਰੇ ਸਮੇਲੋਵ ਨੂੰ ਤੌਖ਼ਲਾ ਹੋਣ ਲਗਾ।

"ਮੇਰੇ ਵਲ ਇੰਜ ਕਿਉਂ ਝਾਕ ਰਿਹਾ ਏਂ?" ਹੈਰਾਨ ਹੋ ਉਹਨੇ ਪੁਛਿਆ। "ਮੈਨੂੰ ਕੀ ਸਮਝਦਾ ਏਂ, ਅਪੋਲੋ ਬੇਲਵੇਦੇਰੇ? ਜਾ, ਜਾ ਕੇ ਸੌਂ ਜਾ।"

ਬੋਰੀਯਾ ਸੌਣ ਚਲਾ ਗਿਆ। ਉਹਦੇ ਦਿਲ ਵਿਚ ਇਸ ਖ਼ਿਆਲ ਨਾਲ ਇਕ ਨਿੱਘਾ ਅਹਿਸਾਸ ਹੋ ਰਿਹਾ ਸੀ ਕਿ ਉਹ ਓਸੇ ਘਰ ਵਿਚ ਰਹਿ ਰਿਹਾ ਸੀ, ਜਿਥੇ ਇਕ ਅਜਿਹਾ ਮਨੁੱਖ ਰਹਿੰਦਾ ਸੀ, ਜਿਹੜਾ ਦੂਜਿਆਂ ਲਈ ਮਿਸਾਲ ਸੀ...

"ਸ਼ਾਇਦ ਮੈਂ ਘਰ ਚਲਾ ਜਾਵਾਂ ਤੇ ਪਿਤਾ ਜੀ ਨਾਲ ਸ਼ਤਰੰਜ ਖੇਡਾਂ?" ਬੋਰੀਯੇ ਨੇ ਆਪਣੀ ਬਾਰੀ ਵਲ ਵੇਖਿਆ ਤੇ ਇਕਦਮ ਹੀ ਖ਼ਿਆਲ ਬਦਲ ਲਿਆ। "ਨਹੀਂ, ਥੋੜਾ ਜਿਹਾ ਚਿਰ ਹੋਰ ਬਾਹਰ ਰਹਾਂ। ਹਰੀ ਬੱਤੀ ਬਲੀ ਹੋਈ ਏ... ਇਹਦਾ ਮਤਲਬ ਏ, ਪਿਤਾ ਜੀ ਆਪਣੇ ਨਕਸ਼ੇ ਲਈ ਬੈਠੇ ਨੇ।"

ਜਦੋਂ ਇੱਕਲੇ ਤੇ ਉਦਾਸ ਹੋਈਏ, ਖਿਆਲ ਇਕਸਾਰ ਵਹਿੰਦੇ ਚਲੇ ਆਉਂਦੇ ਹਨ। ਇੰਜ ਲਗਦਾ ਹੈ, ਜਿਵੇਂ ਮਕਾਨ, ਵਾੜ੍ਹਾਂ ਤੇ ਸੜਕ ਦੀਆਂ ਬੱਤੀਆਂ ਸਾਨੂੰ ਧਿਆਨ ਨਾਲ ਸੁਣ ਰਹੀਆਂ ਹੋਣ। ਇਹ ਚੀਜ਼ਾਂ ਵਧੀਆ ਸੰਗਤ ਹੁੰਦੀਆਂ ਨੇ ਤੇ ਕਦੀ ਵੀ ਵਿਚੋਂ ਨਹੀਂ ਟੁਕਦੀਆਂ। ਤੇ ਜੇ ਧਿਆਨ ਨਾਲ ਵੇਖੀਏ, ਤਾਂ ਉਹਨਾਂ ਤੋਂ ਕੁਝ ਗੱਲਾਂ ਵੀ ਪਤਾ ਲਗਦੀਆਂ ਹਨ।

ਬਾਰੀਆਂ ਦੀਆਂ ਬੱਤੀਆਂ ਬੋਰੀਯੇ ਨੂੰ ਬੜੀਆਂ ਕਹਾਣੀਆਂ ਸੁਣਾਂਦੀਆਂ, ਉਦਾਸੀ ਵਾਲੀਆਂ ਕਹਾਣੀਆਂ ਤੇ ਖ਼ੁਸ਼ੀ ਵਾਲੀਆਂ ਕਹਾਣੀਆਂ। ਦੂਜੀ ਮੰਜ਼ਲ ਦੀ ਲਾਲ ਜਹੀ ਰੌਸ਼ਨੀ ਤੋਂ ਉਹਨੂੰ ਪਤਾ ਲਗ ਜਾਂਦਾ ਸੀ, ਜਾਨੌਰਾਂ ਨੂੰ ਸਿਖਾਣ ਵਾਲੀ ਸੋਫ਼ੀਆ ਲੇਪ ਵਾਪਸ ਆਈ ਹੋਈ ਸੀ ਕਿ ਨਹੀਂ, ਜਾਂ ਉਹਦੀ ਬੁੱਢੀ ਆਯਾ ਅਨਫ਼ੀਸਾ ਘਰ ਸੀ ਕਿ ਨਹੀਂ। ਸੰਜਮ ਵਾਲੀ ਅਨਫ਼ੀਸਾ ਹਮੇਸ਼ਾ ਹੀ ਮਾਂਦੀ-ਮਾਂਦੀ ਰੌਸ਼ਨੀ ਵਾਲੀ ਬੱਤੀ ਜਗਾਂਦੀ, ਜਦੋਂ ਕਿ ਸੋਫ਼ੀਆ ਲੇਪ ਨੂੰ ਤੇਜ਼ ਰੌਸ਼ਨੀ ਚੰਗੀ ਲਗਦੀ ਸੀ। ਸਿੱਖੇ ਹੋਏ ਕੁਝ ਕੁੱਤੇ ਉਹਦੇ ਕੋਲ ਰਹਿੰਦੇ ਸਨ। ਕਹਿੰਦੇ ਸਨ, ਉਹਨਾਂ ਵਿਚੋਂ ਇਕ "ਤੋਬਾ" ਤੇ "ਨਾਕਾਰਾ" ਬੋਲ ਸਕਦਾ ਸੀ। ਕਿੰਨਾ ਚੰਗਾ ਹੋਵੇ ਜੇ ਸੋਫ਼ੀਆ ਲੇਪ ਨੂੰ ਰੈਗਸ ਦੀ ਗੱਲ ਸੁਣਾਈ ਜਾਵੇ! ਪਰ ਹਰ ਵਾਰੀ ਜਦੋਂ ਉਹ ਆਪਣਾ ਕੋਈ ਕਮਾਲ ਦਾ ਕੁੱਤਾ ਲਈ ਇਮਾਰਤ ਦੇ ਅੰਦਰ ਆਉਣ ਵਾਲੇ ਵਡੇ ਬੂਹੇ ਵਿਚ ਦਿਸਦੀ, ਬੋਰੀਯਾ ਝਕ ਜਾਂਦਾ ਤੇ ਮਿੰਟ ਵਿਚ ਹੀ ਮੌਕਾ ਖੁਸ ਜਾਂਦਾ, ਕਿਉਂ ਜੁ ਸਿਖਿਅਕ ਨੁਕਰ ਦੁਆਲੇ ਅਲੋਪ ਹੋ ਜਾਂਦੀ।

ਤੀਜੀ ਮੰਜ਼ਲ ਉਤੇ ਝਰੋਖਿਆਂ ਵਾਲੇ ਦੋ ਫਲੈਟਾਂ ਵਿਚ ਇਕ ਰੀਟਾਇਰ ਹੋਇਆ ਜਰਨੈਲ ਤੇ ਇਕ ਪ੍ਰਸਿਧ ਚਿਤਰਕਾਰ ਰਹਿੰਦਾ ਸੀ। ਜੇ ਜਰਨੈਲ ਦੀ ਬੱਤੀ ਜਗੀ ਹੁੰਦੀ ਤੇ ਚਿਤਰਕਾਰ ਦੀ ਬਾਰੀ ਹਨੇਰੀ ਹੁੰਦੀ, ਤਾਂ ਇਹਦਾ ਮਤਲਬ ਹੁੰਦਾ, ਚਿਤਰਕਾਰ ਜਰਨੈਲ ਦੇ ਘਰ ਗਿਆ ਹੋਇਆ ਸੀ; ਤੇ ਜੇ ਜਰਨੈਲ ਦੀ ਬੱਤੀ ਬੁਝੀ ਹੁੰਦੀ ਤਾਂ ਚਿਤਰਕਾਰ ਦੀ ਨਾਰੰਜੀ ਰੌਸ਼ਨੀ ਜਗੀ ਹੁੰਦੀ।

ਚਿਤਰਕਾਰ, ਕੋਸਤਾਂਤਿਨ ਰੋਗੋਵ, ਬਹੁਤ ਹੀ ਖ਼ਾਸ ਆਦਮੀ ਸੀ। ਪਿੰਸਲ ਤੇ ਰੰਗਾਂ ਨਾਲ ਉਹਨੇ ਕੋਈ ਸੌ ਕੁ ਹਸਾਉਣੇ ਲੋਕ ਬਣਾਏ ਹੋਏ ਸਨ, ਜਿਨ੍ਹਾਂ ਨੂੰ ਵੇਖ ਮੁੰਡਿਆਂ ਤੇ ਕੁੜੀਆਂ ਨੂੰ ਸੁਆਦ ਆ ਜਾਂਦਾ, ਤੇ ਇਸ ਕਲਾ ਵਿਚ ਉਹ ਪਾਪਾ ਕਾਰਲੋ ਨੂੰ ਵੀ ਪਿਛੇ ਛਡ ਜਾਂਦਾ ਸੀ, ਜਿਨ੍ਹੇ, ਜਿਵੇਂ ਹਰ ਕੋਈ ਜਾਣਦਾ

ਹੈ, ਲੰਮੇ ਨਕ ਵਾਲਾ ਬੁਰਾਤੀਨੋ * ਬਣਾਇਆ ਸੀ। ਪਾਪਾ ਕਾਰਲੋ ਵਾਂਗ ਰੋਗੋਵ ਵੀ ਆਪਣੀਆਂ ਕਿਰਤਾਂ ਨਾਲ ਖੁਲ੍ਹੇ ਦਿਲ ਤੋਂ ਕੰਮ ਲੈਂਦਾ ਸੀ ਤੇ ਉਹਦੇ ਬੇਥਵੇ ਤੋਂ ਬੇਥਵੇ ਪਾਤਰ ਵੀ ਚੰਗੇ ਲਗਦੇ ਸਨ।

ਕੋਈ ਵੀ ਮੌਸਮ ਹੁੰਦਾ, ਰੋਗੋਵ ਆਪਣੇ ਝਰੋਖੇ ਵਿਚ ਦਿਸਦਾ। ਉਹਨੇ ਗਰਮ ਬੂਟ, ਭਾਰਾ ਕੋਟ ਤੇ ਗਲੂਬੰਦ ਪਾਇਆ ਹੁੰਦਾ ਤੇ ਹਥ ਵਿਚ ਦੂਰਬੀਨ ਫੜੀ ਹੁੰਦੀ। ਇਸ ਅਜੀਬ ਸ਼ਕਲ ਨੂੰ ਵੇਖ ਕੁਝ ਲੋਕ ਉਹਨੂੰ ਕਾਂ-ਡਰਾਵੇ ਨਾਲ ਤੁਲਨਾ ਦੇਂਦੇ, ਪਰ ਛੇਤੀ ਹੀ ਉਹਨਾਂ ਨੂੰ ਆਪਣੇ ਲਫ਼ਜ਼ਾਂ ਉਤੇ ਅਫ਼ਸੋਸ ਹੋਣ ਲਗਦਾ, ਕਿਉਂ ਜੁ ਰੋਗੋਵ ਦੀ ਇਮਾਰਤ ਦੇ ਮੁੰਡੇ ਆਪਣੇ ਚਿਤਰਕਾਰ ਦੀ ਖਿੱਲੀ ਉਡਾਏ ਜਾਣਾ ਕਦੀ ਵੀ ਮੁਆਫ਼ ਨਾ ਕਰਦੇ।

ਅਸਲੀਅਤ ਇਹ ਸੀ ਕਿ ਚਿਤਰਕਾਰ ਬਹੁਤ ਹੀ ਬੀਮਾਰ ਸੀ ਤੇ ਡਾਕਟਰਾਂ ਨੇ ਉਹਦੇ ਘਰੋਂ ਬਾਹਰ ਜਾਣ ਦੀ ਮਨਾਹੀ ਕੀਤੀ ਹੋਈ ਸੀ। ਪਰ ਝਰੋਖੇ ਵਿਚੋਂ, ਜਿਵੇਂ ਕਿ ਕਪਤਾਨ ਦੇ ਅੱਡੇ ਉਤੋਂ, ਉਹ ਦੂਰ ਤਕ ਵੇਖ ਸਕਦਾ ਸੀ। ਉਹਦੀ ਦੂਰਬੀਨ ਉਹਨੂੰ ਸੜਕਾਂ ਤੇ ਗਲੀਆਂ ਵਿਚੋਂ ਲੈ ਜਾਂਦੀ, ਉਹਨੂੰ ਸੈਆਂ ਜਵਾਨ ਤੇ ਬੁੱਢੇ, ਖੁਸ਼ ਤੇ ਸੋਚਵਾਨ, ਚਿਹਰਿਆਂ ਦੀਆਂ ਝਾਕੀਆਂ ਵਿਖਾਂਦੀ। ਚਿਤਰਕਾਰ ਦੇ ਪੀਲੇ ਮੂੰਹ ਉਤੇ ਹਮੇਸ਼ਾ ਇਕ ਵਿਸ਼ਾਲ ਮੁਸਕਰਾਹਟ ਰਹਿੰਦੀ, ਜਿਹਦੇ ਨਾਲ ਉਹਦਾ ਪੀਲਾ ਮੂੰਹ ਚਮਕ ਪੈਂਦਾ ਤੇ ਉਹਦੀਆਂ ਅੱਖਾਂ ਦੀ ਮਿਹਰ-ਭਰੀ ਟਿਮਕ ਵਧੇਰੇ ਦਿਸਵੀਂ ਹੋ ਜਾਂਦੀ।

ਓਥੇ — ਭੀੜ ਵਿਚ ਉਹਨੂੰ ਕੋਈ ਦਿਲਚਸਪ ਚੀਜ਼ ਦਿੱਸੀ ਸੀ। ਉਹਨੇ ਦੂਰਬੀਨ ਇਕ ਹਥ ਵਿਚ ਫੜ ਲਈ ਤੇ ਉਹਦੇ ਦੂਜੇ ਹਥ ਨੇ ਇਕ ਘੜੀ ਹੋਈ ਪਿੰਸਲ ਚੁੱਕਣ ਦੀ ਕੀਤੀ।

ਕਈ ਮਿੰਟ ਲੰਘ ਗਏ, ਤੇ ਕਾਗ਼ਜ਼ ਦੇ ਇਕ ਚਿੱਟੇ ਸਫ਼ੇ



---

* **ਬੁਰਾਤੀਨੋ**, ਅਲੇਕਸੇਈ ਤੋਲਸਤੋਈ ਦੀ ਇਕ ਉਘੀ ਕਹਾਣੀ ਦਾ ਪਾਤਰ, ਪਿਨਾਚਿਓ ਦਾ ਰੂਸੀ ਬਦਲ ਹੈ -- **ਸੰਪਾ:**

ਉਤੇ ਉਹਨੇ ਇਕ ਖੁਸ਼ਾਮਦੀ ਟੋਡੀ ਬਣਾ ਲਿਆ ਹੋਇਆ ਸੀ, ਜਿਹੜਾ ਆਪਣੇ ਤੋਂ ਵਡੇ ਦੇ ਮੂੰਹ ਵਿਚ ਕੁਤਿਆਂ ਵਰਗੀ ਆਗਿਆਕਾਰੀ ਨਾਲ, ਟਕ ਲਾ ਵੇਖ ਰਿਹਾ ਸੀ। ਚੌੜਾ ਛੋਟਾ ਕੋਟ ਪਾਈ ਇਕ ਫ਼ੈਸ਼ਨਦਾਰ ਜਵਾਨ ਔਰਤ ਕਾਹਲੀ-ਕਾਹਲੀ ਲੰਘ ਗਈ। ਆਪਣੇ ਥੈਲੇ ਦੇ ਭਾਰ ਨਾਲ ਝੁਕਿਆ ਇਕ ਨੌਕਰਸ਼ਾਹ ਜਾ ਰਿਹਾ ਸੀ।

ਰੋਗੋਵ ਦੀਆਂ ਤਸਵੀਰਾਂ ਵੇਖ ਬਹੁਤ ਸਾਰੇ ਲੋਕ ਖੁਲ੍ਹ ਕੇ ਹਸਦੇ, ਪਰ ਫੇਰ, ਉਹਨਾਂ ਵਿਚ ਆਪਣੇ ਆਪ ਨੂੰ ਪਛਾਣ, ਚਾਣਚਕ ਹੀ ਚੁਪ ਹੋ ਜਾਂਦੇ।

ਬੋਰੀਯੇ ਨੂੰ ਚੇਤੇ ਆਇਆ, ਕਿਵੇਂ ਅਜ ਸਵੇਰੇ, ਜਦੋਂ ਉਹ ਰੋਗੋਵ ਦੇ ਬੂਹੇ ਅਗੋਂ ਲੰਘ ਰਿਹਾ ਸੀ, ਉਹ ਹੱਸ-ਹੱਸ ਦੂਹਰੇ ਹੋ ਰਹੇ ਇਕ ਲੰਮ-ਸਲੰਮੇ ਆਦਮੀ ਨਾਲ ਟਕਰਾ ਗਿਆ ਸੀ। ਪ੍ਰਤੱਖ ਸੀ ਕਿ ਉਹਨੇ ਫ਼ਲੈਟ ਵਿਚ ਹਸਣਾ ਸ਼ੁਰੂ ਕੀਤਾ ਸੀ ਤੇ ਉਹਦੇ ਤੋਂ ਬਸ ਨਹੀਂ ਸੀ ਕੀਤਾ ਜਾ ਸਕਿਆ। ਓਪਰਾ ਆਦਮੀ ਆਪਣਾ ਸਿਰ ਹਿਲਾ, ਬਹਿੰਦਿਆਂ ਆਪਣੇ ਅਥਰੂ ਪੂੰਝ ਰਿਹਾ ਸੀ। ਸੁਰਤ ਸੰਭਾਲ, ਉਹਨੇ ਆਪਣਾ ਬੈਲਾ ਖੋਲ੍ਹਿਆ, ਕਾਰਟੂਨ ਵਲ ਇਕ ਵਾਰੀ ਫੇਰ ਵੇਖਿਆ, ਤੇ ਇਕ ਵਾਰੀ ਫੇਰ ਉਹਦਾ ਹਾਸਾ ਛੁਟ ਪਿਆ।

ਬੋਰੀਯੇ ਦਾ ਖੁਤਖੁਤੀ ਨਾਲ ਬੁਰਾ ਹਾਲ ਸੀ। ਉਹਨੇ ਉਹਦੇ ਮੋਢੇ ਉਤੋਂ ਦੀ ਵੇਖਿਆ ਤੇ ਆਪ ਵੀ ਉਚੀ-ਉਚੀ ਹੱਸਣ ਲਗ ਪਿਆ, ਇੰਜ ਜਿਵੇਂ ਕੋਈ ਅਦਿੱਸਵਾਂ ਆਦਮੀ ਉਹਦੀਆਂ ਕੁਤਕੁਤਾੜੀਆਂ ਕਢ ਰਿਹਾ ਹੋਵੇ। ਕਾਰਟੂਨ ਵਿਚ ਇਕ ਤੋਤੇ ਵਰਗਾ ਸ਼ੁਕੀਨ ਵਿਖਾਇਆ ਗਿਆ ਸੀ।

ਰੋਗੋਵ ਦੇ ਵਾਕਫ਼ ਨੇ ਬੋਰੀਯੇ ਵਲ ਵੇਖ ਅੱਖਾਂ ਝਮਕੀਆਂ ਤੇ ਕਾਹਲੀ-ਕਾਹਲੀ ਪੌੜੀਉਂ ਉਤਰ ਗਿਆ। ਬਾਹਰ ਨਿਕਲਣ ਉਤੇ ਉਹਨੇ ਬਾਂਹ ਹਿਲਾ ਇਕ ਟੈਕਸੀ ਖਲ੍ਹਾਰੀ। ਉਹਨੂੰ ਅਖ਼ਬਾਰ ਦੇ ਦਫ਼ਤਰ ਪਹੁੰਚਣ ਦੀ ਕਾਹਲ ਸੀ। ਕਲ੍ਹ ਦੇ ਅਖ਼ਬਾਰ ਵਿਚ ਰੋਗੋਵ ਦਾ ਕਾਰਟੂਨ ਨਿਕਲੇਗਾ ਕਿ ਨਹੀਂ, ਇਹਦਾ ਆਧਾਰ ਉਹਦੇ ਛੁਹਲੇਪਣ ਉਤੇ ਸੀ। ਜੇ ਉਹਨੇ ਇਹ ਵੇਲੇ ਸਿਰ ਪਹੁੰਚਾ ਲਿਆ, ਤਾਂ ਕਲ੍ਹ ਹਜ਼ਾਰਹਾ — ਨਹੀਂ, ਲਖੂਖਾ — ਲੋਕ ਮੂਰਖ ਸ਼ੁਕੀਨੀ ਉਤੇ ਹੱਸ ਰਹੇ ਹੋਣਗੇ। ਤੇ ਹਰ ਕੋਈ ਜਾਣਦਾ ਹੈ ਕਿ ਹਾਸੇ ਵਿਚ ਦਵਾਈ ਦਾ ਅਸਰ ਹੁੰਦਾ ਹੈ।

"ਜੇ ਰੋਗੋਵ ਰੈਗਸ ਦੀ ਤਸਵੀਰ ਬਣਾ ਦੇਵੇ, ਤਾਂ ਇਹ ਸਾਰੇ ਲੋਕ ਉਹਨੂੰ ਲੱਭਣ 'ਚ ਮਦਦ ਕਰ ਸਕਦੇ ਨੇ!"

ਇਸ ਚਾਣਚਕ ਫੁਰੇ ਫੁਰਨੇ ਨਾਲ ਬੋਰੀਯੇ ਦਾ ਅੰਦਰ ਦਾ ਸਾਹ ਅੰਦਰ ਰਹਿ ਗਿਆ। ਉਹਨੇ ਜਗਮਗਾਂਦੀ ਇਮਾਰਤ ਵਲ ਤਕਿਆ। ਰੋਗੋਵ ਦੇ ਸਟੂਡੀਓ ਵਿਚ ਬੱਤੀ ਜਗੀ ਪਈ ਸੀ। ਉਹ ਕਾਹਲੀ-ਕਾਹਲੀ ਉਪਰ ਚਲ ਪਿਆ।

"ਆ ਵਾਈ, ਜਵਾਨਾ। ਕੋਈ ਕੰਮ ਈ?" ਸੁਖਾਵੀਆਂ ਝੁਰੜੀਆਂ ਵਾਲੀਆਂ ਸਲੇਟੀ ਅੱਖਾਂ ਵੇਖ ਬੋਰੀਯੇ ਦਾ ਦਿਲ ਵਧਿਆ, ਤੇ ਬੋਰੀਯਾ ਉਹਨੂੰ ਕਾਹਲੀ-ਕਾਹਲੀ ਰੈਗਸ ਤੇ ਰਾਕਟ ਦੀ ਗੱਲ ਸੁਣਾਣ ਲਗ ਪਿਆ, ਬੂਹੇ ਅੰਦਰ ਵੜਦਿਆਂ ਹੀ। ਚਿਤਰਕਾਰ ਬੋਰੀਯੇ ਦੀ ਗੱਲ ਟੁੱਕੇ ਬਿਨਾਂ ਵਾਪਸ ਸਟੂਡੀਓ ਵਿਚ ਚਲਾ ਗਿਆ। ਉਹਨੇ ਇਸ਼ਾਰੇ ਨਾਲ ਆਪਣੇ ਮਹਿਮਾਨ ਨੂੰ ਨਾਲ ਟੁਰੀ ਆਉਣ ਲਈ ਆਖਿਆ ਤੇ ਉਹਨੂੰ ਇਕ ਲਾਖੀ ਪੱਲਸ਼ ਦੀ ਬਿੱਲੀ ਕੋਲ ਇਕ ਨਰਮ ਕੌਚ ਉਤੇ ਬਿਠਾ ਦਿਤਾ। ਬਿੱਲੀ ਅਸਲੋਂ ਸਚੀ ਮੁਚੀ

ਦੀ ਲਗਦੀ ਸੀ। ਉਹ ਸਾਹਮਣੇ ਇਕ ਮੇਜ਼ ਅਗੇ ਬਹਿ ਗਿਆ, ਜਿਸ ਉਤੇ ਪਿੰਸਲਾਂ, ਕਾਗਜ਼ ਤੇ ਰੰਗਾਂ ਦੇ ਢੇਰ ਲੱਗੇ ਹੋਏ ਸਨ।

"ਕਹਾਣੀ ਬੜੇ ਅਫ਼ਸੋਸ ਵਾਲੀ ਏ," ਰੋਗੋਵ ਨੇ ਸਮਝਦਿਆਂ ਹੋਇਆਂ ਸਿਰ ਹਿਲਾਇਆ। "ਬੇ-ਸ਼ਕ, ਲੋਕ ਖੁਸ਼ੀ ਵਾਲੀ ਤੇ ਹਾਸੇ ਵਾਲੀ ਗੱਲ ਨੂੰ ਹੁੰਗਾਰਾ ਬਹੁਤਾ ਛੇਤੀ ਭਰਦੇ ਨੇ।, ਪਰ ਕੋਸ਼ਿਸ਼ ਕਰਾਂਗੇ, ਕੋਸ਼ਿਸ਼ ਅਸੀਂ ਕਰਾਂਗੇ। ਏਸੇ ਮਿੰਟ ਹੀ ਸ਼ੁਰੂ ਕਰਾਂਗੇ।"

ਰੋਗੋਵ ਨੇ ਆਪਣੀ ਪਿੰਸਲ ਫੜੀ। ਉਹਨੇ ਪਸਰਵੀਆਂ ਤੇ ਦ੍ਰਿੜ੍ਹ ਲੀਕਾਂ ਮਾਰੀਆਂ, ਜਿਵੇਂ ਕਾਗਜ਼ ਦੀ ਚਿੱਟੀ ਪੈਲੀ ਉਤੇ ਟੁਟ ਪਿਆ ਹੋਵੇ। ਛੇਤੀ ਹੀ ਤਸਵੀਰ ਉਹਨੇ ਬੋਰੀਯੇ ਨੂੰ ਵਿਖਾਈ।

"ਉਹਦੇ ਵਰਗੀ ਏ?"

"ਆਹਖੋ, ਐਨ ਅਕਸ ਏ ਉਹਦਾ!" ਬੋਰੀਯੇ ਨੇ ਖੁਸ਼ੀ ਤੇ ਹੈਰਾਨੀ ਨਾਲ ਆਖਿਆ। ਉਹਦੇ ਸਾਹਮਣੇ ਰੈਗਸ ਸੀ, ਅਸਲੋਂ ਉਹਦਾ ਆਪਣਾ ਰੈਗਸ! ਸੈਆਂ ਹੋਰਨਾਂ ਵਿਚੋਂ ਉਹ ਉਹਦੀ ਥੁੰਨੀ, ਕਾਲੀਆਂ ਮੋਹ-ਭਰੀਆਂ ਅੱਖਾਂ ਪਛਾਣ ਲੈਂਦਾ, ਅੱਖਾਂ ਜਿਹੜੀਆਂ ਉਸ ਤੋਂ ਪੁਛਦੀਆਂ, "ਮੈਂ ਤੇਰਾ ਦੋਸਤ ਹਾਂ, ਤੂੰ ਹੈਂ ਦੋਸਤ ਮੇਰਾ?"


"ਮੇਰੇ ਸਭ ਤੋਂ ਆਹਿਮ ਪਾਰਖੂ ਨੇ ਕਿਹਾ ਏ, ਇਹ ਚੰਗਾ ਰਲਦਾ ਏ, ਤੇ ਹੁਣ ਮੈਂ ਕਾਰਟੂਨ ਸ਼ੁਰੂ ਕਰ ਸਕਦਾ ਹਾਂ," ਰੋਗੋਵ ਨੇ ਮੌਜੀ ਲਹਿਜੇ ਵਿਚ ਆਖਿਆ।

"ਇਹ ਕੀ ਹੋਇਆ?" ਬੋਰੀਯਾ ਬੌਂਦਲ ਗਿਆ। "ਸ਼ੁਰੂ ਕਿਉਂ ਕਰੋ? ਤੁਸੀਂ ਤਸਵੀਰ ਤਾਂ ਉਹਦੀ ਬਣਾ ਲਈ ਏ?"



"ਨਹੀਂ, ਬੇਟਾ, ਅਜੇ ਇਹ ਕਾਰਟੂਨ ਨਹੀਂ ਇਹ ਸਿਰਫ਼ ਸਕੈਚ ਏ। ਤੈਨੂੰ ਥੋੜੇ ਜਿਹੇ ਸਬਰ ਤੋਂ ਕੰਮ ਲੈਣਾ ਪਵੇਗਾ।"

ਤੇ ਬੋਰੀਯਾ ਅਡੋਲ ਸੋਫ਼ੇ ਉਤੇ ਬੈਠਾ ਰਿਹਾ, ਤੇ ਰੋਗੋਵ ਤਸਵੀਰ ਬਣਾਂਦਾ ਰਿਹਾ। ਹੁਣ ਉਹ ਬਹੁਤੀ ਹੌਲੀ ਲੀਕਾਂ ਮਾਰ ਰਿਹਾ ਸੀ, ਵਿਚ-ਵਿਚ ਅਟਕਦਾ, ਕੋਈ ਗੱਲ ਸੋਚ ਮੁਸਕਰਾਂਦਾ, ਗੱਲ ਜਿਹਦਾ ਸਿਰਫ਼ ਉਹਨੂੰ ਹੀ ਪਤਾ ਸੀ।



ਜਦੋਂ ਮਹਿਮਾਨ ਨੂੰ ਯਕੀਨ ਹੋ ਗਿਆ ਕਿ ਚਿਤਰਕਾਰ ਉਹਨੂੰ ਉਕਾ ਭੁਲ ਗਿਆ ਹੋਇਆ ਸੀ, ਰੋਗੋਵ ਨੇ ਚਾਣਚਕ ਹੀ ਉਹਨੂੰ ਆਵਾਜ਼ ਦਿਤੀ।

"ਤੇ ਹੁਣ, ਪਾਰਖੂਆ, ਵੇਖ ਇਹਨੂੰ!"

ਪਾਰਖੂ ਉਹਦੇ ਕੋਲ ਗਿਆ, ਉਹਨੇ ਇਕ ਨਜ਼ਰ ਵੇਖਿਆ, ਤੇ ਉਹਦੇ ਮੂੰਹੋਂ ਇਕ ਲਫ਼ਜ਼ ਵੀ ਨਾ ਨਿਕਲ ਸਕਿਆ। ਉਹਦੇ ਮੂੰਹੋਂ ਆਵਾਜ਼ ਹੀ ਨਹੀਂ ਸੀ ਨਿਕਲ ਰਹੀ। ਉਹਨੂੰ ਇਹ ਵੀ ਸੁਝ ਨਹੀਂ ਸੀ ਰਿਹਾ, ਉਹ ਖੁਸ਼ ਹੋ ਗਿਆ ਸੀ ਜਾਂ ਗੁੱਸੇ।

ਜਦੋਂ ਉਹ ਓਥੇ ਬੈਠਾ ਸੋਚ ਰਿਹਾ ਸੀ, ਉਹਦਾ ਆਮ ਕੁੱਤਾ ਰੈਗਸ ਕਾਸਮੋਨਾਟ ਬਣ ਗਿਆ ਹੋਇਆ ਸੀ; ਉਹ ਰਾਕਟ ਵਿਚ ਉਡ ਰਿਹਾ ਸੀ ਤੇ ਹਵਾ ਨੇ ਉਹਦੇ ਕੰਨ ਝੰਡਿਆਂ ਵਾਂਗ ਉਡਾ ਦਿਤੇ ਹੋਏ ਸਨ। ਇਹ ਤਾਂ ਮਾੜਾ ਨਹੀਂ ਸੀ, ਪਰ ਭੰਗਾਂਦੀਆਂ ਅੱਖਾਂ ਵਾਲੇ ਖਰਗੋਸ਼, ਬਘਿਆੜ, ਗਾਲ੍ਹੜ ਤੇ ਸੰਘਣੀਆਂ ਪੂਛਲਾਂ ਵਾਲੀਆਂ ਲੂੰਮੜੀਆਂ, ਜਿਹੜੇ ਆਪਣੇ ਪੰਜੇ ਝੁਲਾਂਦੀਆਂ ਤੇ ਖੜਬਾਜ਼ੀਆਂ ਮਾਰਦੀਆਂ ਕੁਦ ਰਹੀਆਂ ਸਨ, ਓਥੇ ਕਿਵੇਂ ਪਹੁੰਚ ਗਈਆਂ ਸਨ ? ਫੇਰ ਬੋਰੀਯੇ ਨੇ ਹੋਰ ਧਿਆਨ ਨਾਲ ਵੇਖਿਆ ਤੇ ਉਹਨੇ ਤਕਿਆ, ਇਹ ਚੋਣਵੀਂ ਸੰਗਤ ਰੈਗਸ ਦੇ ਸੁਆਗਤ ਲਈ ਇੱਕਠੀ ਹੋਈ ਸੀ। ਇਕ ਭੂਰਾ ਰਿਛ ਗੁਲਦਸਤਾ ਲਈ ਭੱਜਾ ਆ ਰਿਹਾ ਸੀ। ਇਕ ਦੂਜੇ ਨੂੰ ਪੂਛਲਾਂ ਤੋਂ ਫੜੀ ਕੁਝ ਡਰਾਕਲ ਚੂਹੇ ਵੀ ਪੁੱਜੇ ਹੋਏ ਸਨ। ਤੇ ਇਕ ਗੰਭੀਰ, ਮੂਰਖ ਬਗਲਾ ਵੀ ਖਲੋਤਾ ਸੀ, ਖੰਭ ਫੜਫੜਾਂਦਾ ਤੇ ਇਹ ਨਾ ਗੌਲਦਾ ਕਿ ਉਹ ਨਿੱਕਾ ਜਿਹਾ ਡੱਡੂ, ਜਿਹੜਾ ਕਾਹਲੀ ਵਿਚ ਉਹ ਦਲਦਲ ਵਿਚੋਂ ਝੁਰਾਟ ਲਿਆਇਆ ਸੀ, ਉਹਦੀਆਂ ਲੰਮੀਆਂ ਟੰਙਾਂ ਨਾਲ ਚੰਬੜਿਆ, ਏਧਰ-ਓਧਰ ਝੂਲ ਰਿਹਾ ਸੀ।

ਬੋਰੀਯਾ ਹਿਚ-ਹਿਚ ਕਰਨ ਲਗਾ, ਫੇਰ ਉਹਨੇ ਆਪਣੇ ਆਪ ਨੂੰ ਰੋਕ ਲਿਆ: ਕੀ ਗੱਲ ਹਾਸੇ-ਮਖ਼ੌਲ ਵਾਲੀ ਤਸਵੀਰ ਦੀ ਸੀ ? ਉਹਨੇ ਘੂਰੀ ਵੱਟੀ ਤੇ ਇਕ ਵਾਰੀ ਫੇਰ ਗੰਭੀਰ ਮੂੰਹ ਬਣਾ ਡੱਡੂ ਵਲ ਵੇਖਿਆ। ਉਹ ਸਚੀ ਮੁਚੀ ਹੀ ਹਸਾਉਣਾ

ਲਗਦਾ ਸੀ... ਬੋਰੀਯੇ ਤੋਂ ਖਖਿਆਏ ਬਿਨਾਂ ਨਾ ਰਿਹਾ ਜਾ ਸਕਿਆ। ਰੋਗੋਵ ਨੇ, ਜਿਹੜਾ ਸਾਰਾ ਵਕਤ ਉਹਨੂੰ ਵੇਖਦਾ ਰਿਹਾ ਸੀ, ਸੁਖ ਦਾ ਸਾਹ ਲਿਆ... ਲਗਦਾ ਸੀ, ਉਹਨੇ ਨਿਸ਼ਾਨਾ ਫੁੰਡ ਲਿਆ ਸੀ।

ਵਡੀ ਗੱਲ ਕਾਰਟੂਨ ਵਲ ਧਿਆਨ ਦਵਾਣ ਦੀ ਸੀ। ਪਾਠਕ ਤਸਵੀਰ ਨੂੰ ਤੱਕਣ ਲਗ ਪੈਣਗੇ ਤੇ ਬੇ-ਸ਼ਕ ਹੀ ਹੇਠਾਂ ਲਿਖੀ ਗੱਲ ਪੜ੍ਹ ਲੈਣਗੇ। ਓਥੇ ਗੁਆਚੇ ਕੁੱਤੇ ਦੀ ਕਹਾਣੀ ਦਿਤੀ ਹੋਵੇਗੀ ਤੇ ਬੇਨਤੀ ਕੀਤੀ ਹੋਵੇਗੀ ਕਿ ਉਹ ਸੰਪਾਦਕੀ ਦਫ਼ਤਰਾਂ ਨੂੰ ਖ਼ਬਰ ਕਰਨ, ਉਹਨਾਂ ਰੈਗਸ ਜਿਹਾ ਕੋਈ ਕੁੱਤਾ ਕਿਥੇ ਤੇ ਕਦੋਂ ਵੇਖਿਆ ਸੀ।

ਇਕ੍ਹ ਹਫ਼ਤਾ ਲੰਘ ਗਿਆ। ਨਵੀਂ ਤਸਵੀਰ ਬਚਿਆਂ ਦੇ ਸਭ ਤੋਂ ਰਾਂਗਲੇ ਰਿਸਾਲੇ ਵਿਚ ਛਪੀ। ਸੈਆਂ ਆਮ ਤੇ ਐਕਸਪ੍ਰੈਸ ਚਿੱਠੀਆਂ ਸੰਪਾਦਕ ਦੇ ਦਫ਼ਤਰ ਆਣ ਪੁੱਜੀਆਂ। ਜਦੋਂ ਉਹ ਮੇਜ਼ ਉਤੇ ਇੱਕਠੀਆਂ ਕਰ ਦਿਤੀਆਂ ਗਈਆਂ, ਸੰਪਾਦਕ ਨੇ ਵਿਚੋਂ ਸਹਿਜੇ ਹੀ ਇਕ ਚੁਕ ਲਈ ਤੇ ਪੜ੍ਹਨ ਲਗ ਪਿਆ। "ਸੰਪਾਦਕ ਜੀ!" ਕਰਾਸਨੋਪਰੂਦਨਾਯਾ ਮਾਰਗ ਦੇ ਇਕ ਕੁੱਤੇ ਦੇ ਮਾਲਕ ਨੇ ਵਡੇ-ਵਡੇ ਗੋਲ-ਗੋਲ ਅਖਰਾਂ ਵਿਚ ਲਿਖਿਆ ਸੀ। "ਮੈਂ ਚਿਤਰਕਾਰ ਦਾ ਸ਼ੁਕਰੀਆ ਅਦਾ ਕਰਨਾ ਚਾਹੁੰਦਾ ਹਾਂ, ਉਹਨੇ ਮੇਰੇ ਸ਼ਾਰਿਕ ਦੀ ਤਸਵੀਰ ਬਣਾਈ। ਉਹਨੂੰ ਤਿੰਨ ਤਕ ਗਿਣਤੀ ਆਉਂਦੀ ਹੈ ਤੇ ਮੈਨੂੰ ਦਸ ਤਕ।"

ਸੰਪਾਦਕ ਨੇ ਭਾਵ-ਭਰੀ "ਹੂੰ" ਕੀਤੀ ਤੇ ਅਗਲੀ ਚਿੱਠੀ ਵਲ ਹਥ ਵਧਾਇਆ। ਲਫ਼ਾਫ਼ੇ ਵਿਚੋਂ ਇਕ ਚੰਗੇ ਪਲੇ ਹੋਏ ਬਹਾਦਰ-ਲਗਦੇ ਬੁਲੀ ਕੁੱਤੇ ਦੀ ਫੋਟੋ ਡਿੱਗੀ। ਤੇ ਭਾਵੇਂ ਬੁਲੀ ਕੁੱਤੇ ਦੀ ਸ਼ਕਲ ਰੋਗੋਵ ਦੀ ਬਣਾਈ ਪਤਲੀ ਬੁੰਨੀ ਵਾਲੇ ਕੁੱਤੇ ਨਾਲ ਨਹੀਂ ਸੀ ਮਿਲਦੀ, ਚਿੱਠੀ ਲਿਖਣ ਵਾਲੇ ਨੂੰ ਯਕੀਨ ਸੀ, ਚਿਤਰਕਾਰ ਨੇ ਉਹਦੇ ਕੁੱਤੇ ਦੀ ਤਸਵੀਰ ਬਣਾਈ ਸੀ।

ਚਿੱਠੀਆਂ ਦਾ ਪੂਰਾ ਢੇਰ ਵੇਖ ਲੈਣ ਪਿਛੋਂ, ਸੰਪਾਦਕ ਕੁਝ ਚਿਰ ਅੱਖਾਂ ਮੀਟ ਬਹਿ ਗਿਆ। ਉਹਨੂੰ ਜਾਪਣ ਲਗ ਪਿਆ, ਮਾਸਕੋ ਵਿਚ ਕੁੱਤੇ ਹੀ ਕੁੱਤੇ ਸਨ ,ਸਾਰੇ ਦੇ ਸਾਰੇ ਇੰਜ ਇਕੋ ਜਿਹੇ ਜਿਵੇਂ ਮਟਰ ਦੇ ਦੋ ਦਾਣੇ ਹੁੰਦੇ ਹਨ। ਇਹਨਾਂ ਕੁੱਤਿਆਂ ਨੇ, ਉਹਨਾਂ ਦੇ ਮਾਲਕਾਂ ਨੇ ਤਸਦੀਕ ਕੀਤੀ ਸੀ, ਬਚਿਆਂ ਨੂੰ ਬਲਦੀਆਂ ਇਮਾਰਤਾਂ ਵਿਚੋਂ ਕਢ ਲਿਆਂਦਾ ਸੀ, ਚੋਰ ਢਾਹੇ ਤੇ ਪਕੜੇ ਸਨ, ਉਹ ਮਜ਼ਬੂਤ, ਬਹਾਦਰ ਤੇ ਵਫ਼ਾਦਾਰ ਸਨ — ਗੱਲ ਕੀ, ਦੁਰਾਡੇ ਤੋਂ ਦੁਰਾਡੇ ਗ੍ਰਹਿ ਤਕ ਪਹੁੰਚਣ ਦੀ ਯੋਗਤਾ ਰਖਦੇ ਸਨ। ਪਰ ਇਹਨਾਂ ਵਿਚੋਂ ਇਕ ਵੀ ਸੜਕ ਤੋਂ ਨਹੀਂ ਸੀ ਲਿਆਂਦਾ ਗਿਆ; ਉਹ ਸਾਰੇ ਦੇ ਸਾਰੇ ਛੋਟੇ-ਛੋਟੇ ਕਤੂਰਿਆਂ ਤੋਂ ਪਾਲ ਕੇ ਵਡੇ ਕੀਤੇ ਗਏ ਸਨ। ਗੱਲ ਕੀ, ਉਹਨਾਂ ਵਿਚੋਂ ਇਕ ਵੀ ਰੈਗਸ ਨਹੀਂ ਸੀ।

ਬੋਰੀਯੇ ਨੂੰ ਇਹ ਸਾਰਾ ਕੁਝ ਰੋਗੋਵ ਨੇ ਆਪ ਦਸਿਆ। ਉਹ, ਪਹਿਲੀ ਵਾਰ ਵਾਂਗ ਹੀ, ਲਾਖੀ ਬਿੱਲੀ ਦੇ ਨਾਲ ਕਰ ਕੇ, ਉਸੇ ਹੀ ਕੋਚ ਉਤੇ ਬੈਠਾ ਸੀ।

"ਇੰਜ ਹੋਇਐ, ਬੇਟਾ। ਜਿਹੋ ਜਿਹੇ ਹੁੰਗਾਰੇ ਦੀ ਸਾਨੂੰ ਆਸ ਸੀ, ਉਹੋ ਜਿਹਾ ਨਹੀਂ ਭਰਿਆ ਗਿਆ," ਰੋਗੋਵ ਨੇ ਆਪਣੀ ਗੱਲ ਮੁਕਾਈ ਤੇ ਇੰਜ ਮੁਸਕਰਾਇਆ, ਜਿਵੇਂ ਕਸੂਰਵਾਰ ਹੋਵੇ। "ਸ਼ਾਇਦ ਤੂੰ ਮੇਰੀ ਲਾਇਬ੍ਰੇਰੀ ਵੇਖਣਾ ਚਾਹਵੇਂ?"

"ਨਹੀਂ, ਸ਼ੁਕਰੀਆ, ਮੈਂ ਜਾਂਦਾ ਹਾਂ," ਬੋਰੀਯੇ ਨੇ ਉਦਾਸੀ ਨਾਲ ਆਖਿਆ। ਭਾਵੇਂ ਵੇਲਾ ਦੁਪਹਿਰ ਦਾ ਸੀ, ਉਹਨੇ ਚਿਤਰਕਾਰ ਨੂੰ 'ਸ਼ੁਭ ਰਾਤ' ਆਖੀ।

ਰੋਗੋਵ ਨੂੰ ਹੈਰਾਨੀ ਨਾ ਹੋਈ। ਜਦੋਂ ਬੰਦੇ ਦੀ ਤਬੀਅਤ ਠੀਕ ਨਾ ਹੋਵੇ, ਉਹ ਕੁਝ ਵੀ ਕਹਿ ਸਕਦਾ ਹੈ...

## ਕਲੋਰੇਲਾ

ਲਿਊਬਾ ਨੂੰ ਯਕੀਨ ਸੀ, ਜਿਵੇਂ ਹੀ ਉਹਨੇ ਦਹਿਲੀਜ਼ ਪਾਰ ਕੀਤੀ, ਉਹਦੇ ਨਾਲ ਅਨੋਖੀਆਂ ਘਟਨਾਵਾਂ ਵਾਪਰਨੀਆਂ ਸਨ ਤੇ ਅਨੋਖੀਆਂ ਚੀਜ਼ਾਂ ਹੋਣੀਆਂ ਸਨ; ਪੌੜਿਉਂ ਕਿਤੋਂ ਟੱਲੀਆਂ ਟੁਣਕ ਪੈਣੀਆਂ ਸਨ ਤੇ ਅਜਿਹਾ ਭੇਤ ਖੁਲ੍ਹ ਜਾਣਾ ਸੀ, ਜਿਹਦੇ ਨਾਲ ਉਹਨੇ ਦੰਗ ਰਹਿ ਜਾਣਾ ਤੇ ਖ਼ੁਸ਼ ਹੋ ਜਾਣਾ ਸੀ। ਇਸ ਲਈ ਜਦੋਂ ਉਹਨੇ ਬੋਰਿਸ ਸਮੇਲੋਵ ਨੂੰ ਚਿਤਰਕਾਰ ਦੇ ਫਲੈਟ ਵਿਚੋਂ ਨਿਕਲਦਿਆਂ ਵੇਖਿਆ, ਉਹ ਆਪਣੇ ਆਪ ਨੂੰ ਕਹਿਣ ਲਗੀ, "ਸ਼ੁਰੂ ਹੋ ਚਲਿਐ..." ਬੂਹੇ ਉਤੇ ਲੱਗੀ ਪਲੇਟ "ਕ. ਪ. ਰੋਗੋਵ" ਦਾ ਭਾਵ-ਭਰੀਆਂ ਨਜ਼ਰਾਂ ਨਾਲ ਮੁਆਇਨਾ ਕਰਦੀ, ਉਹਨੇ ਆਪਣੀ ਜਾਂਚਦੀ ਜੋਖਦੀ ਨਜ਼ਰ ਬੋਰੀਯੇ ਉਤੇ ਸੁੱਟੀ, ਅੱਖਾਂ ਖਚਰੇ ਢੰਗ ਨਾਲ ਸੁੰਗੇੜੀਆਂ, ਇਹ ਸੁਝਾਂਦਿਆਂ ਕਿ ਉਹਨੂੰ ਸਾਰਾ ਕੁਝ ਪਤਾ ਸੀ। ਪਰ ਇਸ ਲਈ ਕਿ ਅਸਲ ਵਿਚ ਉਹਨੂੰ ਕੁਝ ਵੀ ਪਤਾ ਨਹੀਂ ਸੀ, ਉਹ ਸਿਰਫ਼ ਇਹ ਹੀ ਕਹਿ ਸਕੀ, "ਸਕੇਟਿੰਗ ਕਰਨ ਜਾ ਰਿਹੈਂ ?"

ਉਹਦੇ ਵਲ ਤੱਕਣ ਤਕ ਦੀ ਵੀ ਮਿਹਰ ਨਾ ਕਰਦਿਆਂ, ਬੋਰੀਯਾ ਪੌੜੀਉਂ ਉਤਰਨ ਲਗ ਪਿਆ।

ਉਹ ਚੁਪ-ਚਾਪ ਬਾਹਰ ਚਲੇ ਗਏ। ਐਤਵਾਰ ਸੀ, ਧੁਪਿਆਲਾ, ਥੋੜੇ ਜਿਹੇ ਕੱਕਰ ਵਾਲਾ, ਸਕੀਆਂ ਦੀ ਕਰਚ-ਕਰਚ ਤੇ ਚਿੜੀਆਂ ਦੀ ਚੂਕ ਵਾਲਾ। ਲਿਊਬਾ ਕਹਿਣ ਹੀ ਲਗੀ ਸੀ, "ਸੁੜ-ਸੁੜ ਕਾਫ਼ੀ ਕਰ ਲਈ ਏ ਤੂੰ," ਕਿ ਉਹਨੂੰ ਗੇਨਕਾ ਕਾਰਾਤੋਵ ਦਿਸ ਪਿਆ ਤੇ ਉਹ ਅਟਕ ਗਈ। ਕਾਦਕਾਰ ਇੰਜ ਪੀਲਾ ਪਿਆ ਲਗਦਾ ਸੀ, ਜਿਵੇਂ ਉਹਨੂੰ ਹੁਣੇ-ਹੁਣੇ ਲਾਲ ਬੁਖ਼ਾਰ ਹੋ ਹਟਿਆ ਹੋਵੇ। "ਘਬਰਾ ਰਿਹਾ ਏ," ਲਿਊਬਾ ਨੇ ਸੋਚਿਆ, "ਮੈਨੂੰ ਕੋਈ ਤਰੀਕਾ ਲਭਣਾ ਚਾਹੀਦਾ ਏ, ਉਹਨੂੰ ਤੇ ਬੋਰੀਯੇ ਨੂੰ ਫੇਰ ਦੋਸਤ ਬਣਾਣ ਦਾ।"

"ਸਕੇਟਿੰਗ ਕਰਨ ਜਾ ਰਿਹਾ ਏਂ ?"

ਗੇਨੇ ਨੇ ਮੋਢੇ ਮਚਕਾਏ। ਉਹ ਆਪਣੇ ਸਾਰੇ ਤੌਰ-ਅਤਵਾਰ ਤੋਂ ਲਿਊਬਾ ਨੂੰ ਇਹ ਸਮਝਾ ਰਿਹਾ ਸੀ ਕਿ ਉਹਦਾ ਸਵਾਲ ਜਿੱਡੀ ਮੂਰਖਤਾ ਵਾਲਾ ਸੀ, ਓਡੀ ਮੂਰਖਤਾ ਵਾਲਾ ਕੋਈ ਹੋਰ ਸਵਾਲ ਕਦੀ ਹੋ ਹੀ ਨਹੀਂ ਸਕਦਾ।

"ਤੂੰ ਸਮਝਦੀ ਏਂ, ਮੇਰੇ ਕੋਲ ਹੋਰ ਕਰਨ ਨੂੰ ਕੁਝ ਨਹੀਂ ?" ਉਹਨੇ ਕਿਸੇ ਡਾਢੇ ਰੁੱਝੇ ਹੋਏ ਬੰਦੇ ਦੇ ਲਹਿਜੇ ਵਿਚ ਪੁਛਿਆ।

"ਸ਼ਾਇਦ ਤੂੰ ਚੰਨ ਵਲ ਹੀ ਉੱਡਣ ਵਾਲਾ ਹੋਵੇਂ ?" ਲਿਊਬਾ ਨੇ ਕਿੜ ਨਾਲ ਪੁਛਿਆ।

"ਖੁਤਖੁਤੀ ਨੇ ਬਿੱਲੀ ਨੂੰ ਮਾਰ ਛਡਿਆ ਸੀ," ਗੇਨੇ ਨੇ ਆਪਣੇ ਪਹਿਲਾਂ ਵਾਲੇ ਦੋਸਤ ਉਤੇ ਨਜ਼ਰ ਸੁਟਦਿਆਂ ਮੋੜਵਾਂ ਜਵਾਬ ਦਿਤਾ, ਜਿਹੜਾ ਕੋਲ ਹੀ ਖੜਾ ਸੀ।

ਜਵਾਬ ਸੁਣ, ਸਮੇਲੋਵ ਨੇ ਸੀਟੀ ਮਾਰੀ ਤੇ ਟੁਰ ਪਿਆ।

ਨਹੀਂ, ਅਜ ਲਿਊਬਾ ਦੀ ਕਿਸਮਤ ਚੰਗੀ ਨਹੀਂ ਸੀ। ਉਹਨੇ ਸਮਝ ਲਿਆ, ਅਜ ਦਾ ਦਿਨ ਅਕਾਵਾਂ ਤੇ ਆਮ ਹੋਵੇਗਾ। ਉਹਨੂੰ ਚਿਤ-ਚੇਤਾ ਹੀ ਨਹੀਂ ਸੀ ਕਿ ਭੇਤ ਉਹਦੇ ਤੋਂ ਦੋ ਕਦਮ ਅਗੇ ਖਲੋਤਾ ਸੀ।

ਗੇਨਾ ਕਾਰਾਤੋਵ ਸਚੀ ਮੁਚੀ ਹੀ ਪੁਲਾੜੀ ਉਡਾਣ ਲਈ ਤਿਆਰ ਹੋ ਰਿਹਾ ਸੀ। ਕੁਝ ਚਿਰ ਤੋਂ ਉਹ ਮਸ਼ਕਾਂ ਕਰ ਰਿਹਾ ਸੀ ਤੇ ਆਪਣਾ ਇਰਾਦਾ ਮਜ਼ਬੂਤ ਬਣਾ ਰਿਹਾ ਸੀ। ਪਤਾ ਨਹੀਂ, ਉਹਨੂੰ ਪੁਲਾੜੀ ਜਹਾਜ਼

ਵਿਚ ਕਿਹੜੀਆਂ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ ? ਸ਼ਾਇਦ ਦੁਰਾਡੇ ਤਾਰੇ ਤਕ ਉਡਣ ਲਈ ਇਕ ਦਿਨ ਨਹੀਂ, ਦੋ ਦਿਨ ਨਹੀਂ, ਪੂਰਾ ਵਰ੍ਹਾ ਲਗ ਜਾਵੇ ? ਇਹ ਸਾਰਾ ਵਕਤ ਉਹਨੇ ਖਾਣਾ ਪੀਣਾ ਸੀ, ਤੇ ਬੇ-ਸ਼ਕ, ਸਾਹ ਲੈਣਾ ਸੀ। ਗੇਨਾ ਨੇ ਹਿਸਾਬ ਲਾਇਆ ਕਿ ਬੰਦਾ ਦਿਨ ਵਿਚ ਹਵਾ ਦੇ ੨੪ ਪੀਪੇ ਭਖ਼ਦਾ ਹੈ, ਇਕ ਘੰਟੇ ਵਿਚ ਇਕ ! ਜੇ ਪੂਰੇ ਸਾਲ ਲਈ ਉਡਣਾ ਹੋਵੇ, ਤਾਂ ਕਿੰਨੇ ਪੀਪੇ ਚਾਹੀਦੇ ਹੋਣਗੇ ? ਇਹ ਸਾਰੀ ਰਸਦ ਲਿਜਾਣ ਲਈ ਇਕ ਰਾਕਟ ਕਾਫ਼ੀ ਨਹੀਂ ਹੋਵੇਗਾ। ਕਲੋਰੇਲਾ — ਇਹ ਹੈ ਜੁ ਕਾਸਮੋਨਾਟ ਨੂੰ ਬਚਾਏਗਾ। ਕਲੋਰੇਲਾ ਆਕਸੀਜਨ ਉਪਜਾਂਦਾ ਹੈ, ਉਹਨੂੰ ਖਾਧਾ ਜਾ ਸਕਦਾ ਹੈ, ਤੇ ਉਹ ਉਗਦਾ ਵੀ ਦੂਣੀ ਰਫ਼ਤਾਰ ਨਾਲ ਹੈ।

ਗੇਨਾ ਨੇ ਆਪਣਾ ਪਾਣੀ ਵਾਲਾ ਬੂਟਾ ਮੱਛੀਆਂ ਵਾਲੇ ਇਕ ਡੱਬੇ ਵਿਚ ਉਗਾਇਆ ਹੋਇਆ ਸੀ। ਆਪਣੇ ਉਤੇ ਕਲੋਰੇਲੇ ਦਾ ਅਸਰ ਅਜ਼ਮਾਣ ਲਈ, ਉਹਨੇ ਤਿੰਨ ਦਿਨ ਕੁਝ ਵੀ ਨਾ ਖਾਣ ਦਾ ਫ਼ੈਸਲਾ ਕੀਤਾ। ਸਿਰਫ਼ ਕਲੋਰੇਲਾ — ਤੇ ਹੋਰ ਕੁਝ ਵੀ ਨਾ!

ਜਿਸ ਵਕਤ ਉਹ ਲਿਊਬਾ ਕਜ਼ਾਕੋਵਾ ਨਾਲ ਗੱਲ ਕਰ ਰਿਹਾ ਸੀ, ਉਹ ਭੁਖ ਨਾਲ ਮਾਂਦਾ ਸੀ, ਪਰ ਉਹਨੇ ਤਬੀਅਤ ਦੀ ਖ਼ਰਾਬੀ ਦੀ ਇਕ ਗੱਲ ਵੀ ਨਾ ਕੀਤੀ। ਪੱਕੇ ਪੈਰ ਰਖਦੀ ਸਕੇਟਿੰਗ ਪਿੜ ਵਲ ਜਾਂਦੀ ਲਿਊਬਾ ਵਲ ਗੇਨਾ ਨੇ ਰਸ਼ਕ ਨਾਲ ਵੇਖਿਆ। ਪਰ ਗੇਨੇ ਨੇ ਜਾਣਾ ਉਕਾ ਨਹੀਂ ਸੀ। ਕਾਸਮੋਨਾਟ ਨੇ ਪੱਕੇ ਇਰਾਦੇ ਤੇ ਜਿਗਰੇ ਵਾਲਾ ਬੰਦਾ ਹੋਣਾ ਹੁੰਦਾ ਹੈ। ਭਾਵੇਂ ਇਹ ਗੱਲ ਬਹੁਤ ਮਾੜੀ ਸੀ ਕਿ ਇਹ ਚੀਜ਼ ਹਰ ਕੋਈ ਨਹੀਂ ਸੀ ਸਮਝਦਾ, ਏਥੋਂ ਤਕ ਕਿ ਮਾਂ ਵੀ। ਉਹ ਸਾਰਾ ਦਿਨ ਉਹਦੇ ਪਿਛੇ ਪਈ ਰਹਿੰਦੀ ਸੀ: ਇਹ ਖਾ ਤੇ ਉਹ ਖਾ।

ਗੇਨੇ ਨੇ ਹਉਕਾ ਭਰਿਆ, ਬਾਰੀ ਦੀ ਸਿਲ ਉਤੇ ਬੈਠੀ ਚਿੜੀ ਨੂੰ ਬਰਫ਼ ਦਾ ਗੋਲਾ ਮਾਰਿਆ ਤੇ ਘਰ ਚਲਾ ਗਿਆ।

ਘਰ ਮਾਂ ਚੁਲ੍ਹੇ ਕੋਲ ਰੁੱਝੀ ਹੋਈ ਸੀ। ਉਹਦਾ ਮੂੰਹ ਲਾਲ ਹੋਇਆ ਪਿਆ ਸੀ ਤੇ ਬਾਹਵਾਂ ਅਰਕਾਂ ਤਕ ਕੁੰਜੀਆਂ ਹੋਈਆਂ ਸਨ। ਫ਼ਲੈਟ ਸੇਆਂ ਦੇ ਸਮੋਸਿਆਂ ਦੀ ਮਿੱਠੀ ਵਾਸ਼ਨਾ





ਨਾਲ ਭਰਿਆ ਹੋਇਆ ਸੀ। ਗੇਨਾ ਨੇ ਵਾਸ਼ਨਾ ਭਖ਼ ਲਈ। ਉਹ ਜਿਥੇ ਕਿਤੇ ਵੀ ਵੇਖ ਰਿਹਾ ਹੁੰਦਾ, ਉਹਨੂੰ ਭੂਰੀ ਹੋਈ ਪਰਤ ਤੇ ਸੁਨਹਿਰੀ ਭਰਤ ਵਾਲਾ ਸੁਹਣਾ ਗੋਲ ਸਮੋਸਾ ਨਜ਼ਰ ਆਉਂਦਾ। ਅੱਖਾਂ ਅਗੋਂ ਇਹ ਝੌਲਾ ਦੂਰ ਭਜਾਣ ਲਈ ਗੇਨਕੇ ਨੇ ਸਿਰ ਹਿਲਾਇਆ।

ਉਹ ਆਪਣੇ ਆਪ ਨੂੰ ਚੜ੍ਹਦੀ ਕਲਾ ਵਿਚ ਰੱਖਣ ਲਈ ਆਪਣੇ ਡੈਸਕ ਕੋਲ ਗਿਆ ਤੇ ਉਹਨੇ ਤਸਿਓਲਕੋਵਸਕੀ ਦੀ ਡਾਇਰੀ ਚੁਕ ਲਈ।

"'ਮੈਂ ਆਪਣੇ ਆਪ ਉਤੇ ਤਜਰਬੇ ਕੀਤੇ...'" ਇਕ ਨੁੱਕਰ ਤੋਂ ਦੂਜੀ ਨੁੱਕਰ ਤਕ ਪੱਕੇ ਪੈਰ ਰਖ ਟੁਰਦਿਆਂ ਤੇ ਸਾਰਾ ਸਮਾਂ ਸਮੋਸੇ ਬਾਰੇ ਸੋਚਦਿਆਂ, ਉਹਨੇ ਉਚੀ-ਉਚੀ ਪੜ੍ਹਿਆ, "'ਕਿੰਨੇ ਹੀ ਦਿਨ ਮੈਂ ਨਾ ਕੁਝ ਖਾਧਾ ਨਾ ਪੀਤਾ।'" ਜ਼ਰਾ ਸੋਚੋ! ਕਿੰਨੇ ਹੀ ਦਿਨ, ਤੇ ਮੈਂ? ਤੇ ਮੈਂ ਇਕੋ ਦਿਨ ਪਿਛੋਂ ਛੱਡਣ ਨੂੰ ਤਿਆਰ ਹਾਂ। ਇਹ ਠੀਕ ਹੈ, ਤਸਿਓਲਕੋਵਸਕੀ ਲਈ ਸੌਖਾ ਸੀ। ਉਹਦੇ ਉਤੇ ਕੋਈ ਵੀ ਨਜ਼ਰ ਨਹੀਂ ਸੀ ਰਖ ਰਿਹਾ। ਉਹਨੂੰ ਮੇਰੇ ਵਾਂਗ ਆਪਣੇ ਮਾਪਿਆਂ ਨਾਲ ਨਹੀਂ ਸੀ ਲੜਨਾ ਪੈਂਦਾ। ਜੇ ਤਿਸ਼ਕਾ ਨਾ ਹੁੰਦਾ, ਸਾਰਾ ਤਜਰਬਾ ਧਰਿਆ ਰਹਿ ਜਾਣਾ ਸੀ...

"ਤਿਸ਼ਕੇ, ਏਧਰ ਆ ਤਿਸ਼ਕੇ," ਗੇਨੇ ਨੇ ਆਵਾਜ਼ ਦਿਤੀ।

ਗੁਦਗੁਦਾ ਬਿੱਲਾ ਬੁਲ੍ਹ ਚੱਟਦਾ ਸੁਸਤੀ ਨਾਲ ਅਲਮਾਰੀ ਦੇ ਪਿਛੋਂ ਨਿਕਲਿਆ। ਜਦੋਂ ਤੋਂ ਗੇਨੇ ਨੇ ਕਲੋਰੇਲਾ ਖਾਣਾ ਸ਼ੁਰੂ ਕੀਤਾ ਸੀ, ਉਹ ਪ੍ਰੱਤਖ ਹੀ ਮੋਟਾ ਹੋ ਗਿਆ ਲਗਦਾ ਸੀ।

"ਹੁਣ ਅਸੀਂ ਰੋਟੀ ਖਾਵਾਂਗੇ," ਉਹਨੇ ਬਿੱਲੇ ਨੂੰ ਚਿਤਾਉਨੀ ਦਿਤੀ।

ਗੇਨਾ ਪਾਣੀ ਵਾਲੇ ਡੱਬੇ ਕੋਲ ਗਿਆ ਤੇ ਸਧਰਾਈਆਂ ਨਜ਼ਰਾਂ ਨਾਲ ਧੁੰਦਲੇ ਹਰੇ ਜਿਹੇ ਪਾਣੀ ਵਲ ਵੇਖਣ ਲਗਾ। ਉਹਦਾ ਕਲੋਰੇਲਾ ਖਾਣ ਨੂੰ ਦਿਲ ਨਹੀਂ ਸੀ ਕਰ ਰਿਹਾ। ਪਰ ਉਹਨੇ ਗਲਾਸ ਤਾਂ ਵੀ ਫੜ ਲਿਆ ਤੇ ਕੁਝ ਪਾਣੀ ਭਰ ਉਹਨੂੰ ਸਿਆਹੀ-ਚੂਸ ਦੀ ਬਣਾਈ ਪੀਕ ਵਿਚੋਂ ਲੰਘਾਣ ਲਗ

ਪਿਆ। ਨਾਲੋ-ਨਾਲ ਹੀ ਉਹ ਤਿਸ਼ਕੇ ਨੂੰ ਯਕੀਨ ਦਵਾਂਦਾ ਗਿਆ:

"ਤਿਸ਼ਕੇ, ਕਲੋਰੇਲੇ 'ਚ ਹਰ **ਚੀਜ਼ ਹੁੰਦੀ ਏ**: ਪਰੋਟੀਨਾਂ, ਚਰਬੀ, ਕਾਰਬੋਹਾਇਡਰੇਟ, ਤੇ ਵਿਟਾਮਿਨ ਏ, ਬੀ ਤੇ ਸੀ। ਇਸ ਲਈ ਅਸੀਂ ਮਰ ਨਹੀਂ ਚਲੇ!"

ਤਿਸ਼ਕਾ ਮਿਉਂ-ਮਿਉਂ ਕਰਦਾ ਹਰ ਗੱਲ ਨਾਲ ਸਹਿਮਤ ਹੋ ਰਿਹਾ ਸੀ।

ਬਹਾਦਰੀ ਨਾਲ ਕਲੋਰੇਲਾ ਅੰਦਰ ਲੰਘਾ, ਗੇਨਾ ਹੇਠਾਂ ਬਹਿ ਗਿਆ ਤੇ ਉਹਨੇ ਮੇਜ਼ ਥਲਿਉਂ ਇਕ ਪਿਰਚ ਕੱਢੀ ਜਿਸ ਵਿਚ ਇਕ ਕਬਾਬ ਸੀ।

"ਏਧਰ ਆ, ਤਿਸ਼ਕੇ, ਏਧਰ ਆ," ਉਹ ਪੁਚਕਾਰ ਬਿੱਲੇ ਨੂੰ ਲੋਭ ਦੇਣ ਲਗਾ।

ਤਿਸ਼ਕੇ ਨੇ ਕਬਾਬ ਸੁੰਘਿਆ, ਪਰ ਉਹਨੂੰ ਨਾ ਖਾਧਾ। (ਉਹ ਗੇਨਾ ਦਾ ਨਾਸ਼ਤਾ ਤੇ ਦੁਪਹਿਰ ਦੀ ਰੋਟੀ ਪਹਿਲੋਂ ਹੀ ਖਾ ਚੁਕਾ ਸੀ।)

"ਪਤਾ ਹੀ ਕੀ ਕਰ ਰਿਹਾ ਏਂ? ਗੱਦਾਰੀ ਕਰ ਰਿਹਾ ਏਂ ਮੇਰੇ ਨਾਲ?" ਗੇਨਾ ਕੜਕਣ ਲਗ ਪਿਆ। ਦਿਲ ਨੂੰ ਲਗੀ ਠੇਸ ਨਾਲ ਉਹਦੀ ਚੀਕ ਨਿਕਲ ਰਹੀ ਸੀ। ਤਿਸ਼ਕੇ ਨੇ, ਡਰ ਕੇ, ਅਲਮਾਰੀ ਹੇਠ ਵੜਨ ਦੀ ਕੀਤੀ। ਪਰ ਗੇਨੇ ਦੀ ਰੌਂ ਹਾਰਨ ਵਾਲੀ ਨਹੀਂ ਸੀ। ਉਹਨੇ ਬਿੱਲੇ ਨੂੰ ਪੂਛਲ ਤੋਂ ਫੜ ਕੇ ਖਿਚਿਆ ਤੇ ਉਹਨੂੰ ਪਿਰਚ ਤਕ ਧਰੀਕ ਲਿਆਂਦਾ।

"ਖਾ ਇਹਨੂੰ, ਖਾ ਜਾ ਇਹਨੂੰ, ਗੱਦਾਰਾ," ਉਹਨੇ ਕੜਕਾ ਮਾਰਿਆ।

ਜਦੋਂ ਉਹਦੀ ਮਾਂ ਇਹ ਵੇਖਣ ਲਈ ਕਿ ਇਹ ਰੌਲਾ ਕੀ ਸੀ, ਰਸੋਈ ਤੋਂ ਭੱਜੀ ਆਈ, ਉਹਨੇ ਵੇਖਿਆ, ਭੁੱਖਮ-ਭਾਣਾ ਗੇਨਾ ਮਾਸ ਦੇ ਠੰਡੇ ਕਬਾਬ ਵਾਲੀ ਪਿਰਚ ਸਾਹਮਣੇ ਬਾਹਵਾਂ ਵਿਚ ਮੰਨਣ ਵਿਚ ਨਾ ਆ ਰਹੇ ਬਿੱਲੇ ਨੂੰ ਫੜੀ, ਅੱਡੀਆਂ ਪਰਨੇ ਬੈਠਾ ਸੀ।

ਗੇਨੇ ਨੂੰ ਸਾਰਾ ਕੁਝ ਦਸਣਾ ਪਿਆ। ਜਦੋਂ ਉਹਨੂੰ ਇਹ ਡਰਾਵਾ ਦਿਤਾ ਗਿਆ ਕਿ ਜੇ ਉਹਨੇ ਉਸੇ ਦਮ ਹੀ ਖਾਣਾ





ਸ਼ੁਰੂ ਨਾ ਕੀਤਾ, ਉਹਦਾ ਕਲੋਰੇਲਾ ਤੇ ਨਾਲੇ ਪਾਣੀ ਵਾਲਾ ਡੱਬਾ ਬਾਰੀ ਵਿਚੋਂ ਬਾਹਰ ਸੁਟ ਦਿਤਾ ਜਾਵੇਗਾ, ਗੇਨਾ ਸੇਆਂ ਵਾਲੇ ਕੁਝ ਸਮੋਸੇ ਖਾਣੇ ਮੰਨ ਗਿਆ।

ਭਾਵੇਂ ਕਲੋਰੇਲਾ ਦੇ ਮੁਕਾਬਲੇ ਵਿਚ ਸਮੋਸੇ ਸੁਆਦੀ ਸਨ, ਭਵਿੱਖ ਦੇ ਕਾਸਮੋਨਾਟ ਨੇ ਉਹਨਾਂ ਨੂੰ ਭਾਰੇ ਦਿਲ ਨਾਲ ਖਾਧਾ। ਉਹ ਲਗਾਤਾਰ ਆਪਣੇ ਆਪ ਨੂੰ ਚੇਤੇ ਕਰਾਂਦਾ ਰਿਹਾ, ਕਿਵੇਂ ਪੁਲਾੜੀ ਉਡਾਣ ਵੇਲੇ ਕਲੋਰੇਲਾ ਸਮੋਸੇ ਨਾਲੋਂ ਲਾਹੇਵੰਦ ਹੋਣਾ ਸੀ।

## ਤੋਪ ਜਾਂ ਰਾਕਟ ?

ਜ਼ਿੰਦਗੀ ਅਜੀਬ ਮੌਕੇ-ਮੇਲਾਂ ਨਾਲ ਭਰੀ ਹੁੰਦੀ ਹੈ। ਫ਼ਰਜ਼ ਕਰੋ ਕੁਝ ਲੋਕ ਇਕ ਬੱਤੀ ਦੀ ਰੌਸ਼ਨੀ ਵਿਚ ਕਿਸੇ ਕਮਰੇ ਵਿਚ ਬੈਠੇ ਹੋਣ, ਤੇ ਚਾਣਚਕ ਹੀ ਉਹਨਾਂ ਵਿਚੋਂ ਇਕ ਨੂੰ ਅਕੇਵਾਂ ਮਹਿਸੂਸ ਹੋਣ ਲਗ ਪਵੇ। ਤੁਸੀਂ ਵੇਖਦੇ ਹੋ, ਮਿੰਟ ਵਿਚ ਹੀ, ਇਕ ਹੋਰ ਜਣਾ ਕੁਝ ਨਾ ਕਰਦਾ ਪਿਛੇ ਢਾਸਨਾ ਲਾਈ ਬੈਠਾ ਹੁੰਦਾ ਹੈ, ਫੇਰ ਇਕ ਹੋਰ ਜਣਾ। ਉਬਾਸੀਆਂ ਵਾਂਗ ਅਕੇਵਾਂ ਵੀ ਇਕ ਤੋਂ ਦੂਜੇ ਬੰਦੇ ਨੂੰ ਲਗ ਜਾਂਦਾ ਹੈ। ਵਡੀ ਉਮਰ ਵਾਲੇ ਅਕੇਵੇਂ ਵੇਲੇ ਇਕੱਲੇ ਹੋਣਾ ਚਾਹੁੰਦੇ ਹਨ। ਪਰ ਤੇਰ੍ਹਾਂ ਵਰ੍ਹਿਆਂ ਦੀ ਉਮਰ ਵਾਲੇ, ਜੇ ਉਹਨਾਂ ਘਰ ਕਰਨ ਲਈ ਮਿਲਿਆ ਕੰਮ ਮੁਕਾ ਲਿਆ ਹੋਵੇ ਤੇ ਸ਼ਰਲਕ ਹੋਮਜ਼ ਵਾਲੀ ਕਿਤਾਬ ਤੇ 'ਖਜ਼ਾਨੇ ਵਾਲਾ ਟਾਪੂ' ਡਾਕ-ਟਿਕਟਾਂ ਦੇ ਐਲਬਮ ਦੇ ਨਾਲ-ਨਾਲ ਫੱਟੇ ਉਤੇ ਪਿਆ ਭੁਲ ਗਿਆ ਹੋਵੇ, ਤੇ ਜੇ ਕਿਸੇ ਵੀ ਵੱਡੇ ਦਾ ਸ਼ਤਰੰਜ ਖੇਡਣ ਨੂੰ ਦਿਲ ਨਾ ਕਰਦਾ ਹੋਵੇ, ਤੇ ਜੇ ਕਲ੍ਹ ਦੇ ਝੱਖੜ ਤੋਂ ਪਿਛੋਂ ਪਿੜ ਦੀ ਬਰਫ਼ ਇੰਜ ਗੜ੍ਹੂਮਾਂ ਵਾਲੀ ਹੋ ਗਈ ਹੋਵੇ ਕਿ ਕੋਈ ਵੀ ਸਵੈ-ਸਤਿਕਾਰ ਵਾਲਾ ਖਿਡਾਰੀ ਸਕੇਟਾਂ ਲੈ ਬਾਹਰ ਨਾ ਨਿਕਲੇ, ਇਹੋ ਜਿਹੀਆਂ ਸ਼ਾਮਾਂ ਵੇਲੇ ਉਹ ਛੋਟੀਆਂ-ਛੋਟੀਆਂ ਢਾਣੀਆਂ ਬਣਾ ਇਮਾਰਤ ਵਿਚ ਅੰਦਰ ਆਉਣ ਦੇ ਵਡੇ ਬੂਹਿਆਂ ਕੋਲ ਇੱਕਠੇ ਹੋ ਜਾਂਦੇ ਹਨ ਤੇ

ਦੁਰਾਡੇ ਤਾਰਿਆਂ ਤੋਂ ਆਉਂਦੇ ਗੁੱਝੇ ਸੰਕੇਤਾਂ ਦੀਆਂ, ਅਦਿੱਸਵੇਂ ਸੂਰਮਿਆਂ ਦੀਆਂ, ਸਦਾ ਜਿਊਂਦੇ ਰਹਿਣ ਦੇ ਭੇਤ ਦੀਆਂ ਤੇ ਉਹਨਾਂ ਖੁਸ਼ਨਸੀਬਾਂ ਦੀਆਂ ਗੱਲਾਂ ਸ਼ੁਰੂ ਕਰ ਦੇਂਦੇ ਹਨ, ਜਿਹੜੇ ਇਕ ਹਜ਼ਾਰ ਵਰ੍ਹੇ ਬਾਅਦ ਉਹਨਾਂ ਵਾਂਗ ਹੀ ਬੂਹਿਆਂ ਅਗੇ ਜੁੜੇ ਹੋਣਗੇ ਤੇ ਸ਼ਾਮ ਦੇ ਨੀਲੇ ਘੁਸਮੁਸੇ ਵਿਚ ਗੱਲਾਂ ਕਰਦੇ ਹੋਣਗੇ। ਇਹ ਮੁਕੱਣ ਨਾ ਵਾਲੀ ਗੱਲ-ਬਾਤ ਚਲਦੀ ਰਹਿੰਦੀ ਹੈ, ਓਦੋਂ ਤਕ ਜਦੋਂ ਤਕ ਇਕ ਜਾਂ ਦੂਜੀ ਮੰਜ਼ਲ ਦੀ ਬਾਰੀ ਨਹੀਂ ਖੁਲ੍ਹ ਪੈਂਦੀ ਤੇ ਕਿਸੇ ਮੁੰਡੇ ਦੀ ਮਾਂ ਦੀ ਸਖ਼ਤ ਆਵਾਜ਼ ਨਹੀਂ ਆਉਂਦੀ, "ਯਾਰਾਂ ਵਜ ਗਏ ਨੇ, ਪੋਸਤੀਓ! ਘਰ ਆਓ ਤੇ ਸੌਂਵੋ!"

ਐਨ ਇਸ਼ੇ ਤਰ੍ਹਾਂ, ਕਿਸੇ ਵੀ ਪਹਿਲੋਂ ਮੇਲੀ ਗਈ ਰਾਇ ਤੋਂ ਬਿਨਾਂ, ਸ਼ਾਮੀਂ ਸਾਡੇ ਤਿੰਨ ਸੂਰਮੇ ਇਕ ਰਾਹ ਉਤੇ ਇੱਕਠੇ ਹੋਏ, ਜਿਹੜੇ ਕਿਸੇ ਲੰਘਣ ਵਾਲੇ ਦੇ ਏਧਰ-ਓਧਰ ਪੈਂਦੇ ਬੇ-ਧਿਆਨੇ ਪੈਰਾਂ ਨੇ ਬਰਫ਼ ਵਿਚ ਛਾਪ ਦਿਤਾ ਹੋਇਆ ਸੀ। ਜਦੋਂ ਉਹਨਾਂ ਨੇ ਅਚਾਨਕ ਹੀ ਆਪਣੇ ਆਪ ਨੂੰ ਇੱਕਠੇ ਹੋਏ ਪਏ ਵੇਖਿਆ, ਉਹਨਾਂ ਨੂੰ "ਸੁਣਾ" ਕਹਿਣ ਉਤੇ ਮਜਬੂਰ ਹੋਣਾ ਪਿਆ। ਓਸੇ ਵੇਲੇ ਹੀ ਤਿੰਨਾਂ ਦੇ ਤਿੰਨਾਂ ਨੇ ਪਾਸੇ ਵਲ ਇਕ-ਇਕ ਪੈਰ ਪੁਟਿਆ, ਜਿਵੇਂ 'ਹੰਸ, ਪਾਈਕ ਮੱਛੀ ਤੇ ਕੇਕੜਾ' * ਦਾ ਕੋਈ ਦ੍ਰਿਸ਼ ਖੇਡ ਕੇ ਵਿਖਾ ਰਹੇ ਹੋਣ। ਉਹ ਸਾਰੇ ਬੋਲਣਾ ਚਾਹੁੰਦੇ ਸਨ, ਪਰ ਇਹ ਉਮੀਦ ਕਰਦੇ ਉਡੀਕ ਰਹੇ ਸਨ ਕਿ ਦੂਜਾ ਉਹ ਜਾਦੂ ਦਾ ਲਫ਼ਜ਼ ਬੋਲੇਗਾ, ਜਿਹਦੇ ਨਾਲ ਉਹ ਸੁਖਾਲੇ ਹੀ, ਝਿਜਕਿਆਂ ਬਿਨਾਂ, ਇਕ ਦੂਜੇ ਨਾਲ ਅੱਖਾਂ ਮੇਲ ਸਕਣਗੇ। ਉਹ ਲਫ਼ਜ਼ ਲਿਊਬਾ ਨੇ ਪਹਿਲੋਂ ਲਭ ਲਿਆ।

"ਵੇਖੋ," ਸਿਰ ਪਿਛੇ ਸੁਟਦਿਆਂ, ਉਹ ਬੋਲੀ। "ਉਤਰੀ ਤਾਰਾ ਸਾਡੀ ਇਮਾਰਤ 'ਤੇ ਏ!"

ਜਿੱਧਰ ਉਹ ਵੇਖਦੀ ਪਈ ਸੀ, ਓਧਰ ਵੇਖਦਿਆਂ, ਮੁੰਡਿਆਂ ਨੇ ਧਿਆਨ ਉਪਰ ਕੀਤਾ।

"ਜੇ ਕਦੀ ਬੱਦਲ ਨਾ ਹੁੰਦੇ, ਮੈਂ ਤੁਹਾਨੂੰ ਸਾਰੇ ਚਮਕਣ ਵਾਲੇ ਤਾਰੇ ਵਿਖਾ ਸਕਦਾ," ਗੇਨੇ ਨੇ ਆਖਿਆ।

ਵਡਾ ਅਹਿੱਲ ਤਾਰਾ ਇਮਾਰਤ ਉਤੇ ਸੀਤ ਲਿਸ਼ਕਾਂ ਮਾਰ ਰਿਹਾ ਸੀ, ਤੇ ਉਹਨਾਂ ਨੂੰ ਤਾਰਿਆਂ ਦੇ ਨਾਂ, ਜਿਹੜੇ ਗੇਨੇ ਨੇ ਲਏ, "ਅਲਗੋਲ, ਅਲਦੇਬਾਰਨ, ਅਲਤੇਅਰ, ਅਲਸਯੋਨ, ਅਨਟਾਰੇਸ, ਅਰਕਟੁਰੁਸ..." ਵੀ ਸੀਤ ਲਗਦੇ ਸਨ, ਪਰ ਬੋਰੀਏ ਨੇ ਜਾਪਿਆ, ਜਿਵੇਂ ਨਿੱਘ ਹੋ ਗਿਆ ਹੋਵੇ।

"ਨਿੱਘ ਏ, ਏਥੋਂ ਤਕ ਕਿ ਗਰਮੀ ਵੀ," ਉਹਨੇ ਬੇਤੁਕੀ ਨਾਲ ਆਖਿਆ।

"ਪਰ, ਤਾਜ਼ਾ ਜਾਣਕਾਰੀ ਅਨੁਸਾਰ, ਚੰਨ 'ਤੇ ਆਖ਼ਰਾਂ ਦਾ ਕੱਕਰ ਏ, ਸਿਫ਼ਰੋਂ ਹੇਠਾਂ ੨੭੦ ਦਰਜੇ," ਉਹਦਾ ਸਾਬਕਾ ਦੋਸਤ ਜਵਾਬ ਵਿਚ ਬੋਲਿਆ।

ਏਨੇ ਨੂੰ ਆਪਣੇ ਨਮਦੇ ਦੇ ਚਿੱਟੇ ਬੂਟ ਪਾਈ ਲਿਊਬਾ ਇਕ ਬੰਦ ਹੋਏ ਪਏ, ਬਰਫ਼-ਕੱਜੇ ਸਟਾਲ ਵਲ ਜਾ ਰਹੀ ਸੀ, ਜਿੱਥੇ ਪਤਝੜ ਰੁੱਤੇ ਸੇਅ ਵਿਕਦੇ ਸਨ। ਉਹ ਪਲਾਕੀ ਮਾਰ ਸਟਾਲ ਦੇ ਕਾਊਂਟਰ ਉਤੇ ਚੜ੍ਹ ਬੈਠੀ।

---

* ਕਰੀਲੋਵ ਦਾ ਲਿਖਿਆ ਉੱਘਾ ਕਿੱਸਾ। ਇਹਦੇ ਵਿਚ ਹੰਸ, ਪਾਈਕ ਮੱਛੀ ਤੇ ਕੇਕੜਾ, ਤਿੰਨੇ ਦੇ ਤਿੰਨੇ ਇਕ ਗੱਡੇ ਅਗੇ ਜੁੱਪੇ ਹੁੰਦੇ ਹਨ। ਗੱਡਾ ਅਗੇ ਨਹੀਂ ਸੀ ਜਾ ਸਕਦਾ ਕਿਉਂ ਜੁ ਹੰਸ ਉਡਣ ਦੀ ਕੋਸ਼ਿਸ਼ ਕਰ ਰਿਹਾ ਸੀ, ਪਾਈਕ ਤਰਨ ਦੀ, ਤੇ ਕੇਕੜਾ ਪਿੱਛੇ ਜਾ ਰਿਹਾ ਸੀ। — **ਸੰਪਾ**:



"ਵਾਹ-ਵਾਹ, ਮਜ਼ੇਦਾਰ ਥਾਂ ਏ! ਹਵਾ ਉਕਾ ਨਹੀਂ। ਏਧਰ ਆ ਜਾਓ!"

ਬੋਰੀਯਾ ਤੇ ਗੇਨਾ ਬਰਫ਼ ਵਿਚ ਕੁਦ ਪਏ, ਉਹਨੂੰ ਉਹਨਾਂ ਆਪਣੇ ਪੈਰਾਂ ਨਾਲ ਰਿੜਕ ਛਡਿਆ, ਤੇ ਜਦੋਂ ਉਹ ਸਟਾਲ ਕੋਲ ਪਹੁੰਚੇ, ਉਹਨਾਂ ਦੇ ਬੂਟ ਬਰਫ਼ ਨਾਲ ਭਰੇ ਹੋਏ ਸਨ। ਇਕ ਲੱਤ ਭਰਨੇ ਟਪੋਸੀਆਂ ਮਾਰਦਿਆਂ ਤੇ ਇਕ ਹਥ ਨਾਲ ਸਟਾਲ ਦਾ ਸਹਾਰਾ ਲੈਂਦਿਆਂ ਉਹਨਾਂ ਬੂਟ ਝਾੜ ਲਾਹੇ ਤੇ ਲਿਊਬਾ ਉਹਨਾਂ ਹਥੋਂ ਬਰਫ਼ ਦੇ ਢੇਰ ਉਤੋਂ ਰਿੜਦੀ-ਰਿੜਦੀ ਬਚੀ। ਲਿਊਬਾ ਹਰ ਵਖ਼ਤ ਝੱਲਣ ਨੂੰ ਤਿਆਰ ਸੀ। ਉਹਨੂੰ ਇਹ ਵੇਖ ਕੇ ਖ਼ੁਸ਼ੀ ਹੋ ਰਹੀ ਸੀ ਕਿ ਬਰਫ਼ ਪੰਘਰ ਗਈ ਸੀ।

"ਠਹਿਰ ਜਾ ਤੂੰ! ਅਸੀਂ ਦਸਣੇ ਹਾਂ ਤੈਨੂੰ!" ਬੋਰੀਯਾ ਕੜਕਿਆ। ਉਹਨੂੰ ਨਿੱਕਾ ਜਿਹਾ ਲਫ਼ਜ਼ "ਅਸੀਂ" ਕਹਿ ਕੇ ਖ਼ੁਸ਼ੀ ਹੋ ਰਹੀ ਸੀ। ਤੇ ਉਹਨੇ ਆਪਣੇ ਸਾਰੇ ਜ਼ੋਰ ਨਾਲ ਬਰਫ਼ ਦਾ ਇਕ ਗੋਲਾ ਪਲਾਈਵੁਡ ਦੀ ਕੰਧ ਉਤੇ ਦੇ ਮਾਰਿਆ। ਗੇਨੇ ਨੇ ਵੀ ਕੁਝ ਬਰਫ਼ ਫੜ ਲਈ।

"ਇਹ ਪਹਿਲੇ ਸਪੂਤਨੀਕ ਲਈ," ਉਹ ਸੁਟਦਿਆਂ ਹਰ ਵਾਰ ਉਤੇ ਟਿਪਣੀ ਕਰਦਾ। "ਇਹ ਦੂਜੇ ਸਪੂਤਨੀਕ ਲਈ ਤੇ ਇਹ ਤੀਜੇ ਸਪੂਤਨੀਕ ਲਈ! ਤੇ "ਸੁਫ਼ਨੇ" ਵਾਲੇ ਰਾਕਟ ਲਈ ਕੀ!"

ਸਟਾਲ ਉਤੇ ਬਰਫ਼ ਦਾ ਝੱਖੜ ਝੁਲਾ ਦਿਤਾ ਗਿਆ। ਲਿਊਬਾ ਨੇ ਚੀਕ ਮਾਰੀ ਤੇ ਉਹਦੇ ਵਿਚ ਲੁਕ ਗਈ।

"ਸੁਣੋ, ਕਾਫ਼ੀ ਹੋ ਗਿਆ ਏ!" ਉਹ ਆਪਣੀ ਲੁੱਕਣ ਵਾਲੀ ਥਾਂ ਤੋਂ ਕੂਕੀ। "ਆਓ ਕੋਈ ਸਵਾਲ ਸੋਚੀਏ। ਸਭ ਨੂੰ ਜ਼ਿੰਦਗੀ ਦਾ ਸਭ ਤੋਂ ਅਹਿਮ ਸਵਾਲ ਸੋਚਣਾ ਚਾਹੀਦਾ ਏ, ਤੇ ਫੇਰ ਅਸੀਂ ਉਹਦੇ 'ਤੇ ਸੋਚ-ਵਿਚਾਰ ਕਰਾਂਗੇ। ਚਲੋ, ਸੋਚੋ!"

"ਹੁਣ ਕੀ?" ਬੋਰੀਯਾ ਘੁਰਕਿਆ ਤੇ ਫੇਰ ਰੁਕ ਗਿਆ, ਇਸ ਲਈ ਕਿ ਗੇਨਾ ਹਸਿਆ ਨਹੀਂ ਸੀ।

ਸਟਾਲ ਨਾਲ ਢਾਸਨਾ ਲਾ, ਉਹ ਲੰਪ ਦੀ ਰੌਸ਼ਨੀ ਵਿਚ ਡਲ੍ਹਕਦੇ ਅਸਲੋਂ ਨਿਕ-ਮਨਿਕੇ ਪੈਰਾਸ਼ੂਟਾਂ ਨੂੰ ਵੇਖਣ ਲਗਾ। ਉਹ ਚੱਕਰ ਲਾਂਦੇ, ਖਹਿੰਦੇ, ਫੇਰ ਉਡ ਪੈਂਦੇ, ਜ਼ਮੀਨ

ਉਤੇ ਡਿਗ ਆਪਣੇ ਭਰਾਵਾਂ ਦੇ ਢੇਰ ਵਿਚ ਅਲੋਪ ਹੋ ਜਾਂਦੇ, ਇਕ ਵਡਾ ਸਾਰਾ ਪੈਰਾਸ਼ੂਟ ਬਣ ਜਾਂਦੇ, ਜਿਹੜਾ ਜ਼ਮੀਨ ਨੂੰ ਕਜ ਲੈਂਦਾ। ਤੇ ਇਕਦਮ ਹੀ ਬੋਰੀਯੇ ਉਤੇ, ਫ਼ੌਰੀ ਜਵਾਬ ਮੰਗਦੇ, ਸਵਾਲਾਂ ਦੀ ਵਾਛੜ ਹੋਣ ਲਗ ਪਈ। ਉਹਨਾਂ ਵਿਚੋਂ ਹਰ ਇਕ ਸਭ ਤੋਂ ਅਹਿਮ ਲਗਦਾ ਸੀ। ਜੇ ਉਹਨੂੰ ਇਕਦਮ ਹੀ ਹਲ ਨਾ ਕੀਤਾ ਗਿਆ, ਦੁਨੀਆਂ ਵਿਚ ਰਹਿਣਾ ਅਸੰਭਵ ਹੋ ਜਾਣਾ ਸੀ।

"ਸੁਣਾਓ, ਬਰਫ਼-ਪੰਛੀਓ!" ਚਾਣਚਕ ਹੀ ਨੇੜਿਉਂ ਕੋਈ ਅਣਪਛਾਤੀ ਆਵਾਜ਼ ਗੜਕੀ ਤੇ ਸਟਾਲ ਪਿਛੋਂ ਲਾਲ ਜਿਹੇ ਫ਼ਰਦਾਰ ਕੋਟ ਤੇ ਸਿਰ ਉਤੇ ਨਖ਼ਰੇ ਨਾਲ ਰਖੀ ਪਈ ਫ਼ਰਦਾਰ ਟੋਪੀ ਵਾਲਾ ਇਕ ਆਦਮੀ ਨਿਕਲ ਆਇਆ। ਉਹਦੇ ਹਥ ਕੋਟ ਦੀਆਂ ਜੇਬਾਂ ਅੰਦਰ ਸਨ। ਉਹਨੇ ਉਹਨਾਂ ਨੂੰ ਟਿਮਕਦੀਆਂ ਅੱਖਾਂ ਨਾਲ ਵੇਖਿਆ। "ਹੱਛਾ-ਛਾ ... ਕੀ ਕਰ ਰਹੇ ਹੋ? ਪਰ੍ਹੂੰ ਦੇ ਸੇਅ ਲਭ ਰਹੇ ਹੋ? ਬਸ, ਬਸ, ਮੇਰੇ ਕੁਕੜਾ, ਏਨੀ ਕੌੜ ਨਾ ਖਾ!" ਉਹਨੇ ਬੋਰੀਯੇ ਦੇ ਮੱਥੇ ਉਤੇ ਪਏ ਵੱਟ ਵੇਖ ਆਰਾਮ ਨਾਲ ਆਖਿਆ। "ਮੈਂ ਮਖ਼ੌਲ ਕਰ ਰਿਹਾ ਸਾਂ। ਮੈਨੂੰ ਤੁਹਾਡੇ ਨਾਲ ਕੁਝ ਗੱਲਾਂ ਕਰਕੇ ਖ਼ੁਸ਼ੀ ਹੋ ਰਹੀ ਏ। ਇਕ-ਅਧ ਕਰਤਬ ਤੁਹਾਨੂੰ ਮੈਂ ਵੀ ਵਿਖਾ ਸਕਦਾ ਹਾਂ। ਮੈਂ ਬੁੱਝਾਂ, ਤੁਸੀਂ ਕੀ ਸੋਚ ਰਹੇ ਹੋ? ਆਹਖੋ, ਮੈਂ ਲੋਕਾਂ ਦੇ ਧੁਰ ਅੰਦਰ ਵੇਖ ਸਕਦਾ ਹਾਂ। ਤੇ ਤੂੰ," ਉਹਨੇ ਆਪਣੀ ਉਂਗਲ ਲਿਊਬਾ ਦੀ ਬਾਂਹ ਨੂੰ ਲਾਈ, "ਇਹ ਸੋਚਦੀ ਪੈਰ ਝੁਲਾ ਰਹੀ ਏਂ ਕਿ ਕੀ ਦੁਨੀਆਂ 'ਚ ਕੋਈ ਐਨ ਤੇਰੇ ਜਿਹਾ ਬੰਦਾ ਹੈ ਵੇ, ਜਿਹੜਾ ਐਨ ਏਸੇ ਪਲ ਕਿਸੇ ਸਟਾਲ ਦੇ ਕਾਊਂਟਰ 'ਤੇ ਬੈਠਾ ਹੋਵੇ, ਪੈਰ ਝੁਲਾਂਦਾ ਤੇ ਇਹ ਸੋਚਦਾ ਹੋਵੇ: 'ਜੇ ਕਿਰਲੀ ਦੀ ਪੂਛਲ ਲਾਹ ਲਈਏ ਤੇ ਏਨੀ ਦੂਰ ਸੁਟ ਦਈਏ ਕਿ ਉਹ ਲੱਭੀ ਹੀ ਨਾ ਜਾ ਸਕੇ, ਕੀ ਉਹ ਫੇਰ ਉਗ ਆਵੇਗੀ?'"

ਲਿਊਬਾ ਦਾ ਮੂੰਹ ਖੁਲ੍ਹਾ ਰਹਿ ਗਿਆ।

"ਤੂੰ ਜਾਦੂਗਰ ਏਂ?" ਉਹਨੇ ਗੰਭੀਰਤਾ ਨਾਲ ਪੁਛਿਆ।

"ਨਹੀਂ, ਝੱਲੀਏ, ਤੇਰੇ ਫੀਨ੍ਹੇ ਨਕ ਨੇ ਮੈਨੂੰ ਇਹ ਸਾਰਾ ਦਸ ਦਿਤਾ ਏ। ਤੇ ਤੂੰ," ਉਹ ਪਰਤਿਆ ਤੇ ਉਹਨੇ ਆਪਣਾ ਹਥ ਬੋਰੀਯੇ ਦੇ ਮੋਢੇ ਉਤੇ ਰਖਿਆ, "ਅਦਿੱਸ ਬਣਨ ਦੇ ਸੁਫ਼ਨੇ ਲੈਂਦਾ ਏਂ... ਤੂੰ," ਉਹ ਗੇਨੇ ਕੋਲ ਗਿਆ, "ਸੋਚ ਰਿਹਾ ਏਂ, ਕੋਈ ਅਜਿਹੀ ਦਵਾਈ ਬਣਾਈ ਜਾ ਸਕਦੀ ਏ, ਜਿਦ੍ਹੇ ਨਾਲ ਸ਼ੇਰ-ਬੱਬਰ ਜਿੰਨੀ ਤਾਕਤ ਤੇ ਬਾਰਾ ਸਿੰਙੇ ਜਿੰਨੀ ਰਫ਼ਤਾਰ ਆ ਜਾਵੇ? ਇਹ ਸਾਰੇ ਸਵਾਲ ਵਾਧੂ ਨੇ! ਚੰਗਾ ਹੋਵੇ, ਜੇ ਤੁਸੀਂ ਕੋਸ਼ਿਸ਼ ਕਰੋ ਤੇ ਬੁੱਝੋ, ਮਨੁੱਖ ਉਡ ਕੇ ਚੰਨ ਤਕ ਕਿਵੇਂ ਪੁੱਜੇਗਾ। ਤੋਪ 'ਚੋਂ ਜਾਂ ਰਾਕਟ 'ਤੇ?"

ਇਹ ਸਵਾਲ ਪੁਛ, ਓਪਰਾ ਆਦਮੀ ਮੁੜਿਆ ਤੇ ਜਵਾਬ ਉਡੀਕੇ ਬਿਨਾਂ ਚਲਾ ਗਿਆ।

"ਸੋਚੋ!" ਕੀਲੇ ਪਏ ਬੋਰੀਯੇ ਨੇ ਹਉਕਾ ਭਰਿਆ। "ਜੇ ਕਦੀ ਮੈਨੂੰ ਇਸ ਤਰ੍ਹਾਂ ਦਿਲਾਂ ਦੀਆਂ ਬੁੱਝਣ ਦੀ ਜਾਚ ਆ ਜਾਵੇ ਤਾਂ!"

"ਏਡਾ ਚੰਗਾ ਨਹੀਂ ਉਹ। ਉਹਨੇ ਹਰ ਚੀਜ਼ ਐਨ ਸਹੀ-ਸਹੀ ਨਹੀਂ ਬੁੱਝੀ। ਮਿਸਾਲ ਦੇ ਤੌਰ 'ਤੇ, ਮੈਂ ਕਿਸੇ ਬਾਰਾ ਸਿੰਙੇ ਬਾਰੇ ਨਹੀਂ ਸਾਂ ਸੋਚ ਰਿਹਾ," ਗੇਨੇ ਨੇ ਆਖਿਆ।

"ਪਰ ਉਹਨੇ ਉਹ ਕਿਰਲੀ ਕਿਵੇਂ ਬੁਝ ਲਈ?" ਲਿਊਬਾ ਦੇ ਮੂੰਹ ਉਤੋਂ ਅਜੇ ਹੈਰਾਨੀ ਨਹੀਂ ਸੀ ਗਈ।

"ਬਹੁਤ ਮਾੜੀ ਗੱਲ ਏ, ਉਹ ਏਡੀ ਛੇਤੀ ਚਲਾ ਗਿਆ, ਨਹੀਂ ਤਾਂ ਮੈਂ ਉਹਨੂੰ ਜਵਾਬ ਦੇਣਾ ਸੀ, ਤੋਪ 'ਚੋਂ ਜਾਂ ਰਾਕਟ 'ਤੇ!" ਉਮਾਹ ਨਾਲ ਬਾਹਵਾਂ ਮਾਰਦਿਆਂ ਬੋਰੀਯਾ ਕਹਿਣ ਲਗਾ।

"ਉਹਨੂੰ ਕੀ ਕਹਿਣਾ ਸੀ ਤੂੰ?" ਗੇਨਾ ਜਾਣਨਾ ਚਾਹੁੰਦਾ ਸੀ।

"ਮੈਂ ਕਹਿਣਾ ਸੀ: 'ਤੋਪ ਕਲੱਬ' ਦੇ ਪ੍ਰਧਾਨ, ਬਾਰਬੀਕੇਨ, ਦੇ ਗੁਲੇਲੇ ਦੀ ਸ਼ਾਨ 'ਚ ਗੋਇਆ ਗੌਣ ਯਾਦ ਹੀ?" ਤੇ ਬ਼ੋਰੀਯਾ ਅੰਦਾਜ਼ ਬਣਾ ਆਵਾਜ਼ ਸੰਵਾਰ ਬੋਲਣ ਲਗ ਪਿਆ, "ਉਹ ਕਰਾਮਾਤੀ ਤੋਪ-ਗੋਲਿਆ! ਦੰਗ ਕਰ ਦੇਣ ਵਾਲਿਆ ਗੁਲੇਲਿਆ! ਮੈਂ ਸੁਫ਼ਨੇ ਲਵਾਂ, ਓਥੇ ਆਕਾਸ਼ਾਂ ਵਿਚ—ਤੇਰਾ ਸੁਆਗਤ ਕਰਨਗੇ ਏਡੇ ਆਦਰ-ਮਾਣ ਨਾਲ, ਜਿੱਡੇ ਨਾਲ ਚਾਹੀਦਾ ਏ ਕਰਨਾ, ਧਰਤੀ ਦੇ ਏਲਚੀ ਦਾ!"

"ਇਹ ਕੀ ਏ, ਕਵਿਤਾ? ਤੇ ਬਾਰਬੀਕੇਨ ਕੌਣ ਏਂ," ਕਾਊਂਟਰ ਤੋਂ ਉਤਰਦਿਆਂ, ਲਿਊਬਾ ਨੇ ਪੁੱਛਿਆ।

"ਖਰਦਮਾਗ਼ੇ," ਕਰਾਤੋਵ ਨੇ ਮੋਢੇ ਮਚਕਾਏ। "ਜ਼ੂਲੇ ਵਰਨ ਦੀ 'ਧਰਤੀ ਤੋਂ ਚੰਨ ਤਕ' ਤੇ 'ਚੰਨ ਦੁਆਲੇ' ਨਹੀਉਂ ਪੜ੍ਹੀ?"

"ਵਿਚੋਂ ਨਾ ਬੋਲ!" ਬੋਰੀਯਾ ਨੇ ਉਹਨੂੰ ਰੋਕ ਦਿਤਾ। "ਮੈਂ ਆਪੇ ਦਸਨਾਂ ਇਹਨੂੰ। ਇਹ ਬਾਰਬੀਕੇਨ ਦੀ ਕਹਾਣੀ ਏ ਜਿਹੜਾ 'ਤੋਪ-ਕੱਲਬ' ਦਾ ਪ੍ਰਧਾਨ ਹੁੰਦਾ ਸੀ। ਕਿਵੇਂ ਉਹ ਤੇ ਉਹਦੇ ਦੋਸਤ ਇਕ ਤੋਪ ਦਾ ਗੋਲਾ ਚੰਨ 'ਤੇ ਘਲਣਾ ਚਾਹੁੰਦੇ ਸਨ। ਉਹਨਾਂ ਇਕ ਬਹੁਤ ਵਡਾ ਗੋਲਾ ਢਾਲਿਆ ਤੇ ਉਹਦਾ ਨਾਂ ਕੋਲਮਬੀਆਦਾ ਰਖਿਆ। ਉਹਨਾਂ ਉਡਾਣ ਦਾ ਦਿਨ ਮੁਕੱਰਰ ਕਰ ਦਿਤਾ। ਬਹੁਤ ਵਡੀ ਭੀੜ ਜਮ੍ਹਾਂ ਹੋ ਗਈ। ਹਰ ਕੋਈ ਚੰਨ ਦੇ ਨਿਕਲਣ ਦੀ ਉਡੀਕ ਕਰ ਰਿਹਾ ਸੀ। ਜਦੋਂ ਉਹ ਅਖ਼ੀਰ ਨਿਕਲਿਆ ਤੇ ਜੇਮੀਨੀ ਕੋਲ ਪਹੁੰਚਿਆ, ਧਮਾਕਾ ਹੋਇਆ ਤੇ ਮਿਸਾਈਲ ਪੁਲਾੜ 'ਚ ਗਈ..."

"ਪਰ ਚੰਨ 'ਤੇ ਇਹ ਕਦੀ ਨਾ ਪੁੱਜੀ!" ਗੇਨਾ ਹਸਿਆ।

"ਕਿਉਂ ਨਾ? ਕਿਉਂ ਨਾ?" ਲਿਊਬਾ ਦਾ ਜੀਅ ਖ਼ਰਾਬ ਹੋ ਗਿਆ। "ਏਨੀ ਸੁਆਦਲੀ ਕਹਾਣੀ ਸੀ..."

"ਝੂਠ ਬੋਲ ਰਿਹਾ ਏ!" ਬੋਰੀਯੇ ਨੇ ਜ਼ਮੀਨ ਉਤੇ ਪੈਰ ਮਾਰਿਆ। "ਗੋਲਾ ਪਹੁੰਚ ਗਿਆ ਸੀ ਓਥੇ! ਜ਼ੂਲੇ ਵਰਨ 'ਚ ਸਾਫ਼-ਸਾਫ਼ ਲਿਖਿਆ ਹੋਇਆ ਏ, ਪਹੁੰਚ ਗਿਆ ਸੀ ਓਥੇ!"

"ਪਰ ਇਹ ਸਿਰਫ਼ ਜ਼ੂਲੇ ਵਰਨ 'ਚ ਏ, ਪਰ ਅਸਲ 'ਚ..."

"ਅਸਲ 'ਚ ਕੀ? ਤੇਰੇ ਖਿਆਲ 'ਚ, ਅਸਲ 'ਚ ਕੀ ਹੋਵੇਗਾ?" ਬੋਰੀਯੇ ਨੇ ਇਹਤਿਆਤ ਨਾਲ ਪੁਛਿਆ।

"ਅਸਲ 'ਚ," ਗੇਨੇ ਨੇ ਵਿਆਖਿਆ ਸ਼ੁਰੂ ਕੀਤੀ, "ਕਿਸੇ ਇਕ ਕਿਸਮ ਦੀ ਤੋਪ ਨਾਲ ਮਿਸਾਈਲ ਚੰਨ 'ਤੇ ਨਹੀਂ ਘੱਲੀ ਜਾ ਸਕਦੀ। ਇਹਦੇ ਲਈ ਓੜਕਾਂ ਦੀ ਰਫ਼ਤਾਰ ਦੀ ਲੋੜ ਹੁੰਦੀ ਏ, ਸਕਿੰਟ ਪਿਛੇ ਸਤ ਮੀਲ। ਤੋਪ ਦੇ ਗੋਲੇ ਦੀ ਰਫ਼ਤਾਰ ਦਾ ਪਤਾ ਜੇ? ਹੈ ਜੇ ਪਤਾ?"

"ਆਹਖੋ, ਪਤਾ ਏ। ਦੋ ਮੀਲ। ਮੇਰੇ ਭਰਾ ਨੇ ਮੈਨੂੰ ਦਸਿਆ ਸੀ।"

"ਠੀਕ ਏ। ਦੋ ਮੀਲ। ਹੁਣ ਲਾ ਹਿਸਾਬ ਚੰਨ 'ਤੇ ਪਹੁੰਚੇਗਾ ਕਿ ਨਹੀਂ? ਏਸ ਜ਼ਿੰਦਗੀ 'ਚ ਤਾਂ ਨਹੀਂ!"

"ਮੈਨੂੰ ਤੇਰਾ ਲਹਿਜਾ ਨਹੀਂ ਚੰਗਾ ਲਗ ਰਿਹਾ!" ਸਮੇਲੋਵ ਨੇ ਤਾੜਨਾ ਕੀਤੀ।

"ਗੁੱਸੇ ਨਾ ਹੋ। ਇਹ ਸਿਰਫ਼ ਬਹਿਸ ਏ, ਜਿਵੇਂ ਯੂਨਾਨੀ ਕਹਿੰਦੇ ਨੇ, ਆਦਰ-ਮਾਣ ਵਾਲੀ ਦਲੀਲਬਾਜ਼ੀ ਏ।"

"ਬੇ-ਸ਼ਕ, ਬਹਿਸ ਏ!" ਲਿਊਬਾ ਟੁਣਕੀ।

"ਜੇ ਆਦਰ-ਮਾਣ ਵਾਲੀ ਦਲੀਲਬਾਜ਼ੀ ਏ," ਜੂਲੇ ਵਰਨ ਦਾ ਵਕੀਲ ਗੁੱਸੇ ਨਾਲ ਬੋਲਿਆ, "ਤਾਂ ਇਹ ਧਿਆਨ 'ਚ ਕਿਉਂ ਨਹੀਂ ਰਖਦਾ ਕਿ ਕੋਲਮਬੀਆਦਾ ਨਾਂ ਦਾ ਤੋਪ-ਗੋਲਾ ਕੋਈ ਆਮ ਗੋਲਾ ਨਹੀਂ, ਖ਼ਾਸ ਕਿਸਮ ਦਾ ਗੋਲਾ ਸੀ। ਉਹਦੀ ਨਾਲ ਤਿੰਨ ਸੌ ਤੀਹ ਗਜ਼ ਲੰਮੀ ਸੀ?"

"ਇਹ ਤਾਂ ਹੋਰ ਵੀ ਮਾੜੀ ਗੱਲ ਏ," ਗੇਨੇ ਨੇ ਅਡੋਲ ਆਵਾਜ਼ ਵਿਚ ਏਤਰਾਜ਼ ਕੀਤਾ। "ਤੇਰਾ ਬਾਰਬੀਕੇਨ ਤੇ ਉਹਦਾ ਦੋਸਤ ਜੇ ਇਸ ਤੋਪ ਦੇ ਗੋਲੇ 'ਚ ਵੜ ਜਾਣ, ਤਾਂ ਪੂੜੀਆਂ ਬਣ ਜਾਣ। ਅਤਬਾਰ ਨਹੀਂਉਂ ਆਉਂਦਾ? ਸ਼ਾਇਦ ਤੈਨੂੰ ਫ਼ਰਾਂਸੀਸੀ ਵਿਗਿਆਨੀ ਰੋਬਰਤ ਐਸਨਾਲਤ-ਪੇਲਤੇਰੀ 'ਤੇ ਅਤਬਾਰ ਨਹੀਂ। ਜੂਲੇ ਵਰਨ ਉਹਨੇ ਵੀ ਪੜ੍ਹਿਆ ਸੀ ਤੇ ਹਰ ਚੀਜ਼ ਦਾ ਹਿਸਾਬ ਲਾਇਆ ਸੀ। ਉਹਨੇ ਕਿਹਾ ਸੀ ਕਿ ਏਡੀ ਵੱਡੀ ਨਾਲੀ ਨਾਲ, ਰਫ਼ਤਾਰ ਆਖ਼ਰਾਂ ਦੀ ਹੋ ਜਾਵੇਗੀ ਤੇ ਗੋਲੇ ਅੰਦਰਲੇ ਲੋਕਾਂ ਦਾ ਵਜ਼ਨ ਧਰਤੀ ਨਾਲੋਂ ਹਜ਼ਾਰ ਗੁਣਾਂ ਹੋ ਜਾਵੇਗਾ। ਸਮਝ ਆਈ ਆ? ਤੇਰੇ ਪ੍ਰਧਾਨ ਦੇ ਸਿਰ ਦਾ ਟੋਪ ਵੀ ਕਈ ਟਨ ਵਜ਼ਨ ਵਾਲਾ ਹੋ ਜਾਏਗਾ ਤੇ ਉਹਨੂੰ ਪਧਰਾ ਕਰ ਕੇ ਰਖ ਦੇਵੇਗਾ!"

"ਇੰਜ ਨਹੀਂ ਹੋ ਸਕਦਾ!" ਮੰਨਦਿਆਂ ਤੇ ਨਾ ਮੰਨਦਿਆਂ, ਲਿਊਬਾ ਹੌਂਕੀ।

"ਤੇਰਾ ਮਤਲਬ ਏ, ਮੈਂ ਝੂਠਾ ਹਾਂ? ਜਾਂ ਇਹ ਕਿ ਵਿਗਿਆਨੀ ਝੂਠ ਬੋਲਦੇ ਨੇ? ਤੂੰ ਇਕ ਮੂਰਖ ਕੁੜੀ ਤੋਂ ਵਧ ਕੁਝ ਨਹੀਂ!" ਗੇਨੇ ਨੂੰ ਇਸ ਤੋਂ ਬਹੁਤੀ ਲਗਾਵੀਂ ਗੱਲ ਹੋਰ ਕੋਈ ਨਾ ਸੁੱਝੀ। ਮੂਰਖ ਕੁੜੀ ਰੀਂ-ਰੀਂ ਕਰਨ ਲਗੀ।

ਫ਼ਰਾਂਸੀਸੀ ਰੋਬਰਤ ਐਸਨਾਲਤ-ਪੇਲਤੇਰੀ ਦਾ ਨਾਂ ਮਨਾਉਨਾ ਲਗਦਾ ਸੀ। ਪਰ ਬੋਰੀਯਾ ਜੂਲੇ ਵਰਨ ਦੇ ਹੱਕ ਵਿਚ ਬੋਲਣਾ ਚਾਹੁੰਦਾ ਸੀ। ਉਹਨੇ ਚੰਨ-ਉਡਾਰੀ ਦੇ ਸਾਰੇ ਵੇਰਵੇ ਲਈ ਚੇਤੇ ਨੂੰ ਫੋਲਿਆ, ਉਹਨੂੰ ਗੇਨੇ ਦੀਆਂ ਦਲੀਲਾਂ ਨਾਲ ਮੇਲਿਆ ਤੇ ਅਖ਼ੀਰ ਉਹਨੂੰ ਇਕ ਚੀਜ਼ ਲਭ ਪਈ:





"ਪਾਣੀ, ਪਾਣੀ!" ਉਹ ਕੂਕਿਆ, ਇੰਜ ਜਿਵੇਂ ਕਿਸੇ ਥਲ ਦੇ ਅਧ-ਵਿਚਕਾਰ ਹੋਵੇ।

"ਕੀ ਗੱਲ ਈ, ਬੋਰੀਯੇ," ਲਿਊਬਾ ਨੇ ਫ਼ਿਕਰ ਵਾਲੀ ਆਵਾਜ਼ ਵਿਚ ਪੁਛਿਆ। "ਤਬੀਅਤ ਖ਼ਰਾਬ ਈ?"

ਪਰ ਬੋਰੀਯੇ ਨੇ ਉਹਨੂੰ ਪਰ੍ਹਾਂ ਢਿਕ ਦਿਤਾ।

"ਵੇਖਿਆ ਈ," ਉਹ ਮਘ ਕੇ ਬੋਲਿਆ, "ਮੈਨੂੰ ਪਾਣੀ ਦਾ ਉਕਾ ਚੇਤਾ ਹੀ ਨਹੀਂ ਸੀ ਰਿਹਾ। ਉਹ ਮਿਸਾਈਲ 'ਚ ਫ਼ਰਸ਼ 'ਤੇ ਲੇਟੇ ਹੋਏ ਸਨ ਤੇ ਫ਼ਰਸ਼ ਥੱਲੇ ਪਾਣੀ ਸੀ। ਇਹਨੇ ਉਹਨਾਂ ਨੂੰ ਬਚਾ ਲਿਆ। ਇੰਜ ਹੋਇਆ ਸੀ!"

"ਪਾਣੀ ਦਾ ਗੱਦਾ? ਕਮਾਲ ਏ!" ਚਾਣਚਕ ਹੀ ਉਹਦਾ ਵਿਰੋਧੀ ਸਹਿਮਤ ਹੋ ਗਿਆ। "ਸਿਰਫ਼ ਏਡੇ ਯਕੀਨ ਨਾਲ ਨਾ ਕਹੋ! ਸਿਧੇ ਜਾਣ ਉਤੇ ਮਰ ਉਹਨਾਂ ਫੇਰ ਵੀ ਜਾਣਾ ਏਂ। ਪਰ ਖ਼ਿਆਲ ਸਹੀ ਏ। ਤਸਿਓਲਕੋਵਸਕੀ ਦਾ ਵੀ ਖ਼ਿਆਲ ਸੀ, ਪਾਣੀ ਮਨੁੱਖ ਨੂੰ ਦਬਾ ਤੋਂ ਬਚਾ ਸਕਦਾ ਏ। ਜੇ ਕਾਸਮੋਨਾਟ ਪਾਣੀ ਦੀ ਟੈਂਕੀ 'ਚ ਵੜ ਜਾਏ, ਉਹ ਜਿਊਂਦਾ ਰਹੇਗਾ। ਆਮ ਤੌਰ 'ਤੇ, ਤਸਿਓਲਕੋਵਸਕੀ ਨੇ ਸਾਰਾ ਕੁਝ ਪਹਿਲੋਂ ਵੇਖ ਲਿਆ।"

"ਸਕੂਲ 'ਚ ਤੂੰ ਬੋਲਾ ਇਸ ਕਰਕੇ, ਤਸਿਓਲਕੋਵਸਕੀ ਦੇ ਮਾਨ 'ਚ, ਬਣਿਆ ਰਹਿੰਦਾ ਏਂ?" ਲਿਊਬਾ ਨੇ ਟਿਚਕਰ ਕੀਤੀ।

ਕਾਰਾਤੋਵ ਨੇ ਇੰਜ ਤਕਿਆ, ਜਿਵੇਂ ਉਹਨੇ ਸੁਣਿਆ ਹੀ ਨਾ ਹੋਵੇ।

"ਯੇਫ਼ਰੇਮੋਵ ਦੇ 'ਆਂਦਰੋਮੇਦਾ' 'ਚ..." ਮੁੰਡਿਆਂ 'ਚੋਂ ਇਕ ਕਹਿਣ ਲਗਾ, ਪਰ ਲਿਊਬਾ ਤੋਂ ਹੁਣ ਸਿਹਾ ਨਾ ਗਿਆ।

"ਬਹੁਤ ਹੋ ਗਿਆ ਏ, ਯੇਫ਼ਰੇਮੋਵ ਤੇ ਤਸਿਓਲਕੋਵਸਕੀ!" ਉਹ ਕੂਕੀ। "ਮੇਰੇ ਪੈਰ ਜੰਮ ਗਏ ਨੇ!"

"ਹੁਣ ਅਸੀਂ ਨਿਰਭਾਰਤਾ ਦੀ ਅਜ਼ਮਾਇਸ਼ ਕਰਦੇ ਹਾਂ ਤੇ ਨਿੱਘੇ ਹੋ ਜਾਂਦੇ ਹਾਂ," ਗੇਨੇ ਨੇ ਵਾਇਦਾ ਕੀਤਾ। ਉਹ ਸਟਾਲ ਦੇ ਕਾਊਂਟਰ ਉਤੇ ਖਲੋ ਗਿਆ ਤੇ ਉਪਰ ਛਤ ਉਤੇ ਚੜ੍ਹ ਗਿਆ। ਉਹਦੇ ਪਿਛੇ-ਪਿਛੇ ਬੋਰੀਯਾ ਚੜ੍ਹ ਆਇਆ ਤੇ ਉਹਨਾਂ ਲਿਊਬਾ ਨੂੰ ਉਤਾਂਹ ਖਿਚ ਲਿਆ।

"ਪਹਿਲੋਂ ਮੈਂ," ਡਰ ਨਾਲ ਅੱਖਾਂ ਫੇਰਦਿਆਂ ਲਿਊਬਾ ਨੇ ਆਖਿਆ, ਤੇ ਹੇਠਾਂ ਕੁਦ ਪਈ।

"ਕਿਵੇਂ ਲੱਗਾ ਸਾਈ? ਨਿਰਭਾਰਤਾ ਸੀ ਕੋਈ" ਅਗੇ ਉੜ੍ਹ ਗੇਨੇ ਨੇ ਪੁਛਿਆ।

ਹੇਠਾਂ ਬਰਫ਼ ਦੇ ਢੇਰ ਵਿਚ ਕੋਈ ਚੀਜ਼ ਖੁੱਭੀ ਹੋਈ ਸੀ ਤੇ ਨਿੱਛ ਰਹੀ ਸੀ।

"ਮੈਨੂੰ ਲਗਦਾ ਏ ..." ਲਿਊਬਾ ਦੀ ਮਿਣਮਿਣਾਂਦੀ ਆਵਾਜ਼ ਆਈ। "ਮੈਨੂੰ ਲਗਦਾ ਏ, ਮੇਰੇ ਗੋਡੇ 'ਤੇ ਝਰੀਟ ਪੈ ਗਈ ਏ।"

"ਇਕ ਮਿੰਟ ਠਹਿਰ! ਆ ਰਹੇ ਹਾਂ ਅਸੀਂ!" ਦੋਵੇਂ ਬਹਿਸੀਏ ਕੁਦ ਪਏ। ਉਹ ਨਿਰਭਾਰਤਾ ਮਹਿਸੂਸ ਕੀਤੇ ਬਿਨਾਂ ਹੇਠਾਂ ਆ ਪਏ।

"ਉਚਾਈ ਕਾਫ਼ੀ ਨਹੀਂ," ਤਸਿਓਲਕੋਵਸਕੀ ਦੇ ਪ੍ਰਸੰਸਕ ਨੇ ਵਿਆਖਿਆ ਕੀਤੀ।

"ਬਿਲਕੁਲ," ਜੂਲੇ ਵਰਨ ਦੇ ਵਕੀਲ ਨੇ ਰਾਇ ਮੇਲੀ।

ਲਿਊਬਾ ਬਰਫ਼ ਵਿਚੋਂ ਨਿਕਲ ਖਲੋਤੀ ਹੋਈ ਸੀ ਤੇ ਲੰਙਾਂਦੀ ਵਡੇ ਬੂਹੇ ਵਲ ਜਾ ਰਹੀ ਸੀ।

ਪੌੜੀਆਂ ਵਾਲੇ ਥੜ੍ਹੇ ਉਤੇ ਪਹੁੰਚ ਤਾਰੇ ਨੀਝਣ ਵਾਲਿਆਂ ਨੂੰ ਚੈਨ ਆ ਗਿਆ।

"ਨਿਰਭਾਰਤਾ ਦਾ ਵਰਨਣ ਜੂਲੇ ਵਰਨ ਨੇ ਵੀ ਕੀਤਾ ਏ," ਬੋਰੀਯੇ ਨੇ ਗੱਲ ਜਾਰੀ ਰਖੀ, ਜਿਵੇਂ ਵਿੱਚ ਕੋਈ ਰੋਕ ਨਾ ਪਈ ਹੋਵੇ। "ਸੋਚ ਸਹੀ, ਉਹ ਮਿਸਾਈਲ 'ਚ ਇੰਜ ਤਰਦੇ ਰਹੇ, ਜਿਵੇਂ ਮੱਛੀ ਪਾਣੀ 'ਚ ਤਰਦੀ ਏ, ਤੇ ਉਹਨਾਂ ਦੇ ਨਾਲ ਕੁੱਤੀ ਦੀਆਨਾ। ਫੇਰ ਉਹਨਾਂ ਸ਼ਰਾਬ ਪੀਤੀ। ਉਹਨਾਂ ਗਲਾਸ ਪੁਲਾੜ ਵਿਚ ਛਡ ਦਿਤੇ, ਉਹਨਾਂ ਨੂੰ ਬੋਤਲ ਵਿਚੋਂ ਭਰਿਆ ਤੇ ਪੀਤਾ।"

"ਤੇ ਉਹਨਾਂ ਨੂੰ ਪੀਣ ਲਈ ਕੁਝ ਨਾ ਲੱਭਾ," ਗੇਨੇ ਨੇ ਗੱਲ ਟੋਰੀ, ਜਿਵੇਂ ਆਪਣੇ ਆਪ ਨੂੰ ਸੁਣਾ ਰਿਹਾ ਹੋਵੇ।

"ਫੇਰ ਲਗਾ ਏਂ ਗ਼ਲਤੀਆਂ ਕੱਢਣ!" ਲਿਊਬਾ ਉਹਦੇ ਉਤੇ ਵਰ੍ਹੀ।



"ਕੁਝ ਨਾ ਲੱਭਾ," ਕਾਰਾਤੋਵ ਨੇ ਢੀਠਾਂ ਵਾਂਗ ਦੁਹਰਾਇਆ। "ਸ਼ਰਾਬ ਨੇ ਬੋਤਲ 'ਚੋਂ ਡੁਲ ਜਾਣਾ ਸੀ, ਨਿੱਕੀਆਂ ਨਿੱਕੀਆਂ ਬੂੰਦਾਂ ਬਣ ਪਾਣੀ 'ਚ ਖਿੰਡ ਜਾਣਾ ਸੀ ਤੇ ਉਹਨਾਂ ਦੀਆਂ ਅੱਖਾਂ, ਨਕਾਂ ਤੇ ਕੰਨਾਂ 'ਚ ਪੈ ਜਾਣਾ ਸੀ। ਤੇ ਹਰ ਕਿਸੇ ਨੇ ਖੰਘਦੇ ਤੇ ਨਿਛਦੇ ਰਹਿਣਾ ਸੀ। ਤੇ ਉਹਨਾਂ ਨੂੰ ਸ਼ਾਇਦ ਨਮੂਨੀਆ ਵੀ ਹੋ ਜਾਂਦਾ। ਤੇਰੇ ਬਾਰਬੀਕੇਨ ਨੂੰ ਪਤਾ ਨਹੀਂ ਸੀ ਕਿ ਨਿਰਭਾਰਤਾ ਦੀ ਹਾਲਤ 'ਚ ਤਰਲ ਚੀਜ਼ਾਂ ਕਿਸੇ ਖੋਲ ਅੰਦਰ ਨਹੀਂ ਰਹਿੰਦੀਆਂ। ਜੇ ਮੈਂ ਅਧਿਆਪਕ ਹੁੰਦਾ ਤਾਂ ਮੈਂ ਉਹਨੂੰ ਨਾ-ਤਸੱਲੀ ਵਾਲਾ ਨੰਬਰ ਦੇਂਦਾ।"

"ਪਰ ਚੇਤਾ ਨਹੀਉਂ ਰਿਹਾ, ਬਾਰਬੀਕੇਨ ਸੌ ਵਰ੍ਹੇ ਪਹਿਲਾਂ ਹੁੰਦਾ ਸੀ?" ਤੋਪ ਦੇ ਗੋਲੇ ਵਾਲੀ ਮਿਸਾਈਲ ਦੇ ਵਕੀਲ ਨੇ ਆਖਿਆ।

ਗੇਨੇ ਨੇ ਮਿੰਟ ਭਰ ਸੋਚਿਆ, ਮੱਥੇ ਉਤੇ ਟੋਪੀ ਨੀਵੀਂ ਕੀਤੀ ਤੇ ਆਪਣੇ ਹਿਸਾਬ ਦੇ ਅਧਿਆਪਕ ਦੀ ਆਵਾਜ਼ ਵਿਚ ਕਹਿਣ ਲਗਾ:

"ਮੈਂ ਡਾਇਰੀ 'ਚ ਲਿਖ ਰਿਹਾਂ: ਵਿਦਿਆਰਥੀ ਬਾਰਬੀਕੇਨ ਨੂੰ ਤਰਲ ਪਦਾਰਥਾਂ 'ਤੇ ਨਿਰਭਾਰਤਾ ਦੇ ਅਸਰਾਂ ਦਾ ਕਿਸੇ ਬਹੁਤ ਚੰਗੀ ਵਜ੍ਹਾ ਕਰ ਕੇ ਪਤਾ ਨਹੀਂ ਸੀ। ਬਸ। ਮੈਂ ਹੁਣ ਨਾ-ਤਸੱਲੀ ਵਾਲਾ ਨੰਬਰ ਕਟਦਾ ਹਾਂ।"

"ਮੈਂ ਵੀ ਛਡ ਦੇਂਦਾ ਹਾਂ," ਬੋਰੀਯੇ ਨੇ ਆਖਿਆ। "ਤੋਪ ਬਸ ਕਰ ਦਿਤੀ ਗਈ ਏ, ਭਾਵੇਂ ਜੂਲੇ ਵਰਨ ਮੈਨੂੰ ਫੇਰ ਵੀ ਚੰਗਾ ਲਗਦਾ ਏ।"

"ਰਾਕਟ 'ਤੇ ਉਡ, ਤਾਂ ਤੈਨੂੰ ਕੋਈ ਵੀ ਗ਼ਲਤੀ ਨਹੀਂ ਲਗੇਗੀ," ਗੇਨੇ ਨੇ ਸੁਝਾ ਦਿਤਾ। "ਵੇਖਿਆ ਸਾਈ, 'ਸੁਫ਼ਨੇ' ਵਾਲਾ ਰਾਕਟ ਸੂਰਜ ਵਲ ਕਿਵੇਂ ਗਿਆ ਸੀ? ਸਾਰੀ ਦੁਨੀਆਂ ਸਾਹ ਰੋਕੀ ਖੜੀ ਏ। ਪਰ ਤਸਿਓਲਕੋਵਸਕੀ ਨੇ ਇਹ ਸਾਰਾ ਕੁਝ ਅਗਾਉਂ ਵੇਖ ਲਿਆ। ਉਹਦੇ ਸਾਰੇ ਫ਼ਾਰਮੂਲੇ ਕੰਮ ਆਏ। ਮੇਰੇ ਪਿਤਾ ਜੀ ਕਹਿੰਦੇ ਨੇ, ਤਸਿਓਲਕੋਵਸਕੀ ਜੈਟ ਇੰਜਨ ਦੇ ਸਿਧਾਂਤ ਦਾ ਮੋਢੀ ਏ। ਇਸ ਲਈ ਨਿਕਲ ਤੇ ਉਡ ਪੌ!"

"ਕਹਿਣਾ ਸੌਖਾ ਏ, ਉਡ ਪੌ। ਪਰ ਓਥੇ ਖਾਏਂਗਾ ਕੀ?" ਲਿਊਬਾ ਨੇ ਪੁਛਿਆ।

"ਖਾਵਾਂਗਾ ਕੀ? ਖਾਵਾਂਗਾ ਕੇਲੇ, ਸੁਆਦਲੇ, ਮਹਿਕਦੇ ਕੇਲੇ। ਉਹ ਇਕ ਪੌਦਘਰ 'ਚ ਉਗਣਗੇ। ਟਿੱਚਕਰ ਵਾਲੀ ਗੱਲ ਕੋਈ ਨਹੀਂ! ਤਸਿਓਲਕੋਵਸਕੀ ਨੇ ਆਪ ਪੁਲਾੜੀ ਜਹਾਜ਼ਾਂ 'ਚ ਪੌਦਘਰ ਬਣਾਣ ਦਾ ਸੁਝਾ ਦਿਤਾ ਸੀ। ਉਹਨੇ ਕੇਲਿਆਂ ਦਾ ਜ਼ਿਕਰ ਵੀ ਕੀਤਾ ਸੀ। ਜ਼ਾਤੀ ਤੌਰ ਉਤੇ, ਮੈਂ ਕਲੋਰੇਲਾ ਖਾਵਾਂਗੇ। ਇਹਦਾ ਨਾਂ ਸੁਣਿਆਂ ਹੀ ਕਦੀ? ਇਕ ਇਕੋ ਸੈਲ ਵਾਲੀ ਕਾਈ ਹੁੰਦੀ ਏ। ਤੇ ਵਿਟਾਮਨਾਂ ਨਾਲ ਭਰੀ ਹੋਈ। ਪਤਾ ਹੀ ਇਹ ਕਿੰਨੀ ਤੇਜ਼ ਉਗਦੀ ਏ? ਚਵੀ ਘੰਟਿਆਂ ਦੇ ਅੰਦਰ ਇਹ ਇਕ ਹਜ਼ਾਰ ਗੁਣਾਂ ਵਧ ਸਕਦੀ ਏ! ਮੈਂ ਘਰ ਉਗਾਈ ਹੋਈ ਏ।"

"ਕਿੱਥੇ?" ਉਹਦੇ ਸਰੋਤੇ ਬੋਲ ਉਠੇ।

"ਪਾਣੀ ਦੇ ਇਕ ਡੱਬੇ 'ਚ। ਮੈਂ ਵਿਖਾ ਸਕਦਾ ਹਾਂ ਤੁਹਾਨੂੰ। ਮੇਰੇ ਘਰ ਆ ਜਾਓ!"

ਗੇਨੇ ਦਾ ਡੈਸਕ ਆਪਣੇ ਆਪ ਵਿਚ ਇਕ ਨਿੱਕੀ ਜਹੀ ਲੇਬਾਰਟਰੀ ਸੀ। ਏਨੇ ਸਾਰੇ ਭਬਕੇ, ਟਿਊਬਾਂ ਤੇ ਸਲਿੰਡਰ ਤੇ ਹਰ ਕਿਸਮ ਦੀਆਂ ਹੋਰ ਚੀਜ਼ਾਂ, ਜਿਨ੍ਹਾਂ ਦਾ ਪਹਿਲੀ ਨਜ਼ਰੇ ਭਾਵ ਨਹੀਂ ਸੀ ਸਮਝਿਆ


ਜਾ ਸਕਦਾ, ਕਿਸੇ ਲੇਬਾਰਟਰੀ ਵਿਚ ਹੀ ਦਿਸ ਸਕਦੀਆਂ ਸਨ। ਭਬਕਿਆਂ ਨਾਲ ਅਜੀਬ ਖਿਲੇਰਾ ਪਿਆ ਹੋਇਆ ਸੀ। ਲਿਊਬਾ ਨੂੰ ਖਿਲੇਰਾ ਇਕਦਮ ਰੜਕ ਪਿਆ। ਪਰ ਗੇਨੇ ਨੇ ਦਲੀਲ ਦਿਤੀ ਕਿ ਆਪ ਤਸਿਓਲਕੋਵਸਕੀ ਦੇ ਪੜ੍ਹਾਈ ਵਾਲੇ ਕਮਰੇ ਵਿਚ ਚੋਖਾ ਖਿਲੇਰਾ ਪਿਆ ਹੁੰਦਾ ਸੀ ਤੇ ਉਹ ਕਦੀ ਵੀ ਕਿਸੇ ਨੂੰ ਮੇਜ਼ ਤੋਂ ਕੋਈ ਚੀਜ਼ ਹਿਲਾਣ ਨਹੀਂ ਸੀ ਦੇਂਦਾ।

"ਇਸ ਖਿਲੇਰੇ ਦਾ ਵੀ ਇਕ ਆਪਣਾ ਢੰਗ ਏ," ਉਹਨੇ ਮਾਨ ਨਾਲ ਆਖਿਆ। "ਮੈਂ ਜਿਸ ਚੀਜ਼ ਉਤੇ ਵੀ ਚਾਹਵਾਂ, ਹਥ ਰਖ ਸਕਦਾ ਹਾਂ।"

ਕਲੋਰੇਲਾ ਇਕ ਚੰਗੀ ਨਾ ਲਗਦੀ ਹਰੀ ਜਿਹੀ ਲੇਟੀ ਨਿਕਲਿਆ। ਉਹ ਪਾਣੀ ਦੇ ਇਕ ਡੱਬੇ ਵਿਚ ਤਰ ਰਿਹਾ ਸੀ। ਡੱਬਾ ਸ਼ੀਸ਼ੇ ਦੇ ਇਕ ਟੁਕੜੇ ਨਾਲ ਢਕਿਆ ਪਿਆ ਸੀ। ਇਸ ਸ਼ੀਸ਼ੇ ਵਿਚੋਂ ਸ਼ੀਸ਼ੇ ਦੀ ਇਕ ਮੁੜੀ ਹੋਈ ਟਿਊਬ ਨਿਕਲੀ ਹੋਈ ਸੀ ਤੇ ਪਾਣੀ ਦੇ ਇਕ ਜੱਗ ਵਲ ਜਾਂਦੀ ਸੀ, ਜਿਥੇ ਉਹਦਾ ਅਖ਼ੀਰਲਾ ਸਿਰਾ ਇਕ ਭਬਕੇ ਵਿਚ ਪਿਆ ਹੋਇਆ ਸੀ। ਜਦੋਂ ਪ੍ਰਾਹੁਣੇ ਇਸ ਅਜੀਬ ਉਸਾਰੀ ਵਲ ਵੇਖ ਰਹੇ ਸਨ, ਗੇਨਾ ਰਸੋਈ ਵਲ ਭਜਿਆ ਤੇ ਇਕ ਧੁਖਦਾ ਤੀਲਾ ਚੁਕ ਪਰਤ ਆਇਆ।

"ਤੁਹਾਨੂੰ ਵਿਖਾਨਾਂ, ਕਲੋਰੇਲਾ ਕੀ-ਕੁਝ ਕਰ ਸਕਦਾ ਏ," ਭਬਕਾ ਚੁਕਦਿਆਂ ਤੇ ਤੀਲੇ ਨੂੰ ਉਹਦੇ ਅੰਦਰ ਪਾਂਦਿਆਂ, ਉਹਨੇ ਆਖਿਆ।

"ਵੇਖਿਆ ਜੇ? ਇਹ ਆਕਸੀਜਨ ਜੇ! ਕਲੋਰੇਲੇ ਨੇ ਬਣਾਈ ਏ। ਇਹ ਪਾਣੀ ਦੇ ਬੂਟੇ ਕਾਸਮੋਨਾਟਾਂ ਲਈ ਖਜ਼ਾਨਾ ਨੇ। ਇਹਨਾਂ ਨੂੰ ਖਾਇਆ ਵੀ ਜਾ ਸਕਦਾ ਏ। ਮੈਂ ਖਾ ਕੇ ਵੇਖਦਾ ਰਿਹਾਂ, ਤੇ ਮੇਰਾ ਖ਼ਿਆਲ ਏ, ਇਹ ਮਾੜੇ ਨਹੀਂ... ਪਰ, ਰੱਬ ਦਾ ਵਾਸਤਾ ਜੇ, ਬਹਿ ਵੀ ਜਾਓ। ਬੁਤ ਕਿਉਂ ਬਣੇ ਖਲੋਤੇ ਹੋ? ਮੈਂ ਤੁਹਾਨੂੰ ਪਾਣੀ ਦੇ ਚੈਮਬਰ 'ਚ ਕਾਸਮੋਨਾਟ ਦੀ ਉਡਾਣ ਵਿਖਾਂਦਾ ਹਾਂ। ਮਾਤਾ ਜੀ!" ਗੇਨੇ ਨੇ ਖੁਲ੍ਹੇ ਬੂਹੇ ਵਿਚੋਂ ਉਚੀ ਸਾਰੀ ਆਵਾਜ਼ ਦਿਤੀ, "ਮੈਨੂੰ ਇਕ ਆਂਡਾ ਦੇਣਾ!"





ਉਹਦੇ ਕਹੇ ਦਾ ਕੋਈ ਜਵਾਬ ਨਾ ਆਇਆ।

"ਇਕ ਮਿੰਟ ਠਹਿਰੋ। ਮੈਂ ਆਇਆ ਕਿ ਆਇਆ!" ਗੇਨੇ ਨੇ ਵਾਇਦਾ ਕੀਤਾ ਤੇ ਨਿਕਲ ਗਿਆ।

ਜੇ ਪ੍ਰਾਹੁਣਿਆਂ ਨੇ ਰਸੋਈ ਵਿਚ ਤਕਿਆ ਹੁੰਦਾ ਤੇ ਉਹਨਾਂ ਨੂੰ ਇਹ ਝਾਕੀ ਦਿਸਣੀ ਸੀ, ਜਾਂ ਸਗੋਂ ਸੁਣੀਣੀ ਸੀ:

"ਮਾਤਾ ਜੀ, ਮੈਨੂੰ ਇਕ ਆਂਡਾ ਦੇ ਦਿਓ!"

"ਮੈਂ ਕਿਹਾ, ਕੋਈ ਹੈ ਹੀ ਨਹੀਂ।"

"ਮੈਨੂੰ ਪਤਾ ਏ, ਹੈਗੇ ਨੇ!"

"ਤੇ ਮੈਂ ਕਿਹੈ, ਕੋਈ ਨਹੀਂ ਹੈਗੇ।"

"ਚੰਗਾ ਫੇਰ!" ਇਕ ਕੁਰਸੀ ਰਖ ਗੇਨਾ ਖੁਲ੍ਹੇ ਬੂਹੇ ਉਤੇ ਚੜ੍ਹ ਗਿਆ। ਉਹ ਢਿਡ ਭਰਨੇ ਉਹਦੇ ਉਤੇ ਲੇਟ ਗਿਆ ਤੇ ਮਕਾਰੋਨੀ ਵਾਂਗ ਲਮਕ ਗਿਆ। "ਜਿੰਨਾ ਚਿਰ ਮੈਨੂੰ ਆਂਡਾ ਨਹੀਂ ਦਿਓਗੇ, ਮੈਂ ਏਥੇ ਲਮਕਿਆ ਰਹਾਂਗਾ!" ਉਹਨੇ ਅਲਟੀਮੇਟਮ ਦਿਤਾ।

ਬੂਹੇ ਨੇ ਚੀਂ-ਚੀਂ ਕੀਤੀ। ਗੇਨੇ ਦੀ ਮਾਂ ਚੁਪ-ਚਾਪ ਕਰੀਮ ਫੈਂਟਦੀ ਰਹੀ। ਗੇਨਾ ਹਿੰਮਤ ਨਾਲ ਸਿਰ ਭਾਰ ਲਮਕਿਆ ਰਿਹਾ।

"ਦੈਂਤਾ!" ਉਹਦੀ ਮਾਂ ਭੜਕ ਕੇ ਕੂਕੀ। "ਇਹ ਫੜ!"

ਗੇਨੇ ਨੇ ਹੇਠਾਂ ਛਾਲ ਮਾਰੀ, ਆਂਡੇ ਨੂੰ ਮੱਗ ਤੇ ਲੂਣਦਾਨੀ ਸਮੇਤ ਫੜਨ ਦੀ ਕੀਤੀ। ਖਿੰਡੇ-ਪੁੰਡੇ ਵਾਲਾਂ ਨਾਲ ਉਹ ਕਮਰੇ ਨੂੰ ਪਰਤਿਆ, ਜਿਥੇ ਉਹਦੇ ਦੋਸਤ ਸਬਰ ਨਾਲ ਉਡੀਕ ਰਹੇ ਸਨ। ਗੇਨੇ ਨੇ ਆਂਡਾ ਉਹਨਾਂ ਨੂੰ ਜੇਤੂਆਂ ਵਾਂਗ ਵਿਖਾਇਆ।

"ਵੇਖੋ ,ਮੈਂ ਪਾਣੀ 'ਚ ਲੂਣ ਘੋਲ ਰਿਹਾਂ। ਇਹ ਮੱਗ ਪਾਣੀ ਵਾਲਾ ਚੈਮਬਰ ਏ," ਪਰਤਾਵਾਕਾਰ ਨੇ ਵਿਆਖਿਆ ਕੀਤੀ। "ਆਂਡਾ ਕਾਸਮੋਨਾਟ ਏ। ਮੈਂ ਕਾਸਮੋਨਾਟ ਨੂੰ ਚੈਮਬਰ 'ਚ ਪਾ ਦੇਂਦਾ ਹਾਂ ਤੇ..." ਗੇਨੇ ਨੇ ਮੱਗ ਨੂੰ ਬਾਰੀ ਦੀ ਸਿਲ ਉਤੇ ਦੇ ਮਾਰਿਆ।

"ਊਈ!" ਲਿਊਬਾ ਕੂਕੀ।

ਪਾਣੀ ਦੀਆਂ ਕੁਝ ਛਿੱਟਾਂ ਫ਼ਰਸ਼ ਉਤੇ ਪੈ ਗਈਆਂ।

"ਵੇਖੋ, ਆਪਣੇ ਆਪ ਨੂੰ ਕਾਇਲ ਕਰ ਲਵੋ: ਕਾਸਮੋਨਾਟ ਸਬੂਤਾ ਏ। ਉਹਨੂੰ ਟੋਹ ਕੇ ਵੀ ਵੇਖ ਸਕਦੇ ਹੋ," ਗੇਨੇ ਨੇ ਪੇਸ਼ਕਸ਼ ਕੀਤੀ।

ਉਹਨਾਂ ਨੇ ਮੱਗ ਵਿਚ ਵੇਖਿਆ।

"ਇਕ ਵੀ ਤੇੜ ਨਹੀਂ," ਆਂਡਾ ਪਰਤਾਂਦਿਆਂ ਬੋਰੀਯੇ ਨੇ ਆਖਿਆ। "ਤੂੰ ਤਾਂ, ਗੇਨੇ, ਸਚੀ ਮੁਚੀ ਦਾ ਪ੍ਰੋਫ਼ੈਸਰ ਏਂ।"

"ਇਹਨੂੰ ਸੋਚਣ ਵਾਲਾ ਮੈਂ ਨਹੀਂ," ਗੇਨੇ ਨੇ ਮੰਨਿਆ। "ਇਹ ਤਸਿਓਲਕੋਵਸਕੀ ਦਾ ਇਕ ਤਜਰਬਾ ਏ। ਜੇ ਤੁਸੀਂ ਬਹੁਤੀ ਵਾਰ ਆਵੋ, ਤਾਂ ਮੈਂ ਤੁਹਾਨੂੰ ਕੁਝ ਹੋਰ ਚੀਜ਼ਾਂ ਵਿਖਾ ਸਕਦਾ ਹਾਂ... ਚਲੋ ਦੋਸਤ ਬਣ ਜਾਈਏ," ਉਹਨੇ ਚਾਣਚਕ ਹੀ ਸੁਝਾ ਰਖਿਆ।

ਲਿਊਬਾ ਖ਼ੁਸ਼ੀ ਨਾਲ ਗੁਲਾਬੀ ਹੋ ਗਈ। ਅਖ਼ੀਰ! ਉਹ ਇਕ ਤੋਂ ਦੂਜੇ ਵਲ ਵੇਖਣ ਲਗੀ। ਉਹ ਦੋਵੇਂ ਘਾਬਰੇ ਹੋਏ ਤੇ ਖ਼ੁਸ਼ ਸਨ।

"ਤੇ ਅਸੀਂ ਫੇਰ ਕਦੀ ਵੱਖ ਨਹੀਂ ਹੋਵਾਂਗੇ," ਗੇਨਾ ਬੋਲਦਾ ਗਿਆ। "ਠੀਕ ਏ?"

"ਠੀਕ ਏ," ਬੋਰੀਯੇ ਨੇ ਜਵਾਬ ਦਿਤਾ।

"ਠੀਕ ਏ," ਆਪਣਾ ਹਥ ਗੇਨੇ ਦੇ ਹਥ ਉਤੇ ਰਖਦਿਆਂ, ਲਿਊਬਾ ਨੇ ਪ੍ਰੋੜ੍ਹਤਾ ਕੀਤੀ।

...ਜ਼ਿੰਗ! ਬਰਫ਼-ਖਿੰਗਰ ਵਡੇ ਬੂਹੇ ਕੋਲ ਡਿੱਗੇ। ਘਰ ਦੀਆਂ ਬੱਤੀਆਂ ਇਕ-ਇਕ ਕਰਕੇ ਬੁਝ ਗਈਆਂ। ਉਹ ਹਰੀ ਬੱਤੀ — ਉਹ ਝਮਕੀ ਤੇ ਬੁਝ ਗਈ, ਹਰ ਕਿਸੇ ਨੂੰ ਦਸ ਗਈ ਕਿ ਬੋਰੀਯਾ ਸਮੇਲੋਵ ਸੌਂ ਗਿਆ ਹੈ।


ਜ਼ਿੰਗ! ਤੇ ਫੇਰ ਚੁਪ-ਚਾਂ ਹੋ ਗਈ। ਇਹ ਕੀ ਸੀ? ਕੀ ਇਹ ਬਰਫ਼-ਖਿੰਗਰ ਡਿੱਗਾ ਸੀ, ਜਾਂ ਇਹ ਮੇਜ਼ ਉਤੇ ਭਬਕੇ ਦੇ ਟੁਣਕਣ ਦੀ ਆਵਾਜ਼ ਸੀ? ਗੇਨੇ ਕਾਰਾਤੋਵ ਨੇ ਬਿਸਤਰੇ ਵਿਚ ਪਾਸਾ ਪਰਤਿਆ। ਉਹ ਉਠਿਆ ਤੇ ਉਹਨੇ ਵੇਖਿਆ, ਚੀਨੀ ਮੈਂਡਾਰੀਨ, ਵਾਂਗ ਹੂ, ਰੇਸ਼ਮ ਦਾ ਚੋਲਾ ਪਾਈ, ਕੁਰਸੀ ਉਤੇ ਝੂਲ ਰਿਹਾ ਸੀ। ਉਹਦੇ ਪੈਰਾਂ ਵਿਚ ਦੋ ਵਡੇ ਸਾਰੇ ਅਜਗਰ ਆਰਾਮ ਨਾਲ ਪਏ ਸਨ।

"ਤੋਪ ਜਾਂ ਰਾਕਟ, ਤੋਪ ਜਾਂ ਰਾਕਟ?" ਮੈਂਡਾਰੀਨ ਕਿਸੇ ਖ਼ੁਸ਼ ਓਪਰੇ ਆਦਮੀ ਦੀ ਆਵਾਜ਼ ਵਿਚ ਪੁਛ ਰਿਹਾ ਸੀ, ਤੇ ਝੂਲਦਿਆਂ ਝੂਲਦਿਆਂ ਉਹਦੀ ਪਤਲੀ ਗੁਤ ਭੁੜਕ ਰਹੀ ਸੀ।

"ਰਾਕਟ, ਬੇਸ਼ਕ ਰਾਕਟ," ਗੇਨਾ ਕਹਿਣਾ ਚਾਹੁੰਦਾ ਸੀ, ਪਰ ਉਹਦੇ ਬੁਲ੍ਹ ਬੇ-ਆਵਾਜ਼ ਹਿੱਲੇ।

ਮੈਂਡਾਰੀਨ ਜ਼ੋਰ ਦੀ ਝੂਟੇ ਲੈਣ ਲਗ ਪਿਆ ਤੇ ਅਜਗਰ ਮੋਟੇ ਹੋ ਗਏ। ਫੇਰ ਉਹਨਾਂ ਵਾਂਗ ਹੂ ਵਾਲੀ ਕੁਰਸੀ ਨੂੰ ਫ਼ਰਸ਼ ਤੋਂ ਚੁਕ ਲਿਆ। ਜ਼ਿੰਗ! ਬਾਰੀ ਪਟਾਕ ਖੁਲ੍ਹ ਗਈ ਤੇ ਅਜਗਰ ਉਡ ਗਏ। ਵਾਂਗ ਹੂ ਦਾ ਰੇਸ਼ਮੀ ਚੋਲਾ ਸੋਨੇ ਵਾਂਗ ਚਮਕਦਾ ਸੀ, ਤੇ ਗੇਨੇ ਨੇ ਵੇਖਿਆ, ਉਹਦੇ ਹੱਥਾਂ ਵਿਚ ਬੋਰੀਯੇ ਦਾ ਕੁੱਤਾ ਰੈਗਸ ਸੀ। "ਠਹਿਰ ਜਾ, ਇਕ ਮਿੰਟ ਠਹਿਰ!" ਉਹ ਪੂਰੇ ਜ਼ੋਰ ਨਾਲ ਚਿਲਕਿਆ ਤੇ ਉਹਦੀ ਜਾਗ ਖੁਲ੍ਹ ਗਈ।

ਕਮਰੇ ਵਿਚ ਹਨੇਰਾ ਸੀ। ਕੁਰਸੀ ਆਪਣੀ ਥਾਂ ਉਤੇ ਪਈ ਸੀ ਤੇ ਸੜਕ ਦੀ ਬੱਤੀ ਦੀ ਇਕ ਸੁਨਹਿਰੀ ਰਿਸ਼ਮ ਕੰਧ ਉਤੇ ਕੰਬ ਰਹੀ ਸੀ। "ਸਿਰਫ਼ ਸੁਫ਼ਨਾ ਸੀ," ਗੇਨੇ ਨੇ ਸੁਖ ਦਾ ਸਾਹ ਲਿਆ। "ਤਾਂ ਵੀ, ਰੈਗਸ ਨੂੰ ਅਸੀਂ ਲਭਣਾ ਏ।"



## ਤਿੰਨ ... ਦੋ ... ਚਲੋ!

ਰਾਕਟ ਕਿਸੇ ਸੰਤਰੀ ਵਾਂਗ ਪਿਛਲੇ ਵਰੇ ਦੀ ਸੁੱਕੀ ਘਾਹ ਨਾਲ ਜੰਗਾਲੀ ਰੰਗ ਦੇ ਹੋਏ ਪਏ ਮੈਦਾਨ ਦੇ ਅਧ-ਵਿਚਾਲੇ ਖੜਾ ਸੀ। ਇਹਦੀ ਬਰੀਕ ਨੁਕਰ ਦਾ ਨਿਸ਼ਾਨਾ ਅਸਮਾਨ ਦੇ ਨੀਲੇ ਗੁੰਬਦ ਦੇ ਕੇਂਦਰ ਉਤੇ ਬੱਝਾ ਹੋਇਆ ਸੀ। ਉਤਾਂਹ ਰਾਕਟ ਦੀ ਖੁਲ੍ਹੀ ਬਾਰੀ ਦੀ ਕਾਲੀ ਅਖ ਵਿਸ਼ਾਲ ਮੈਦਾਨ ਨੂੰ, ਹੇਠਾਂ ਟੁਰੇ ਫਿਰਦੇ ਲੋਕਾਂ ਦੇ ਬੁਤਾਂ ਨੂੰ, ਰਾਕਟ ਦੇ ਪਤਲੇ ਪਿੰਡੇ ਦੇ ਨਾਲ-ਨਾਲ ਜੰਗਲੇ ਨੂੰ ਉਤਾਂਹ ਲਈ ਜਾਂਦੀ ਲਿਫ਼ਟ ਦੀ ਕੈਬਿਨ ਵਲ, ਭਾਰੇ ਚਲਦੇ ਟਰੱਕ ਵਲ, ਵੇਖ ਰਹੀ ਸੀ।

ਸਿਰਫ਼ ਇਕੋ ਆਦਮੀ ਸੀ, ਜਿਹੜਾ ਨਾ ਕੰਮ ਕਰ ਰਿਹਾ ਸੀ, ਨਾ ਕਾਹਲ। ਉਚੇ ਬੂਟਾਂ ਵਾਲੀਆਂ ਲੱਤਾਂ ਨੂੰ ਇਕ ਦੂਜੀ ਤੋਂ ਦੂਰ ਟਿਕਾ ਉਹ ਕਾਲੀ ਅਖ-ਬਾਰੀ ਵਲ ਵੇਖ ਰਿਹਾ ਸੀ।

ਇਹ ਡਾ: ਦਰੋਨੋਵ ਸੀ। ਉਹ ਰੁੱਝਾ ਨਹੀਂ ਸੀ ਹੋਈਆ, ਕਿਉਂ ਜੁ ਉਹ ਨਾ ਇੰਜੀਨੀਅਰ ਸੀ, ਨਾ ਮਕੈਨਿਕ। ਉਹ ਰਾਕਟ ਦੁਆਲੇ ਭਜ ਰਹੇ ਸਨ, ਲਿਫ਼ਟ ਉਤੇ ਕੁਦ ਰਹੇ ਸਨ, ਇਕ ਜਾਂ ਦੂਜੀ ਚੀਜ਼ ਦਾ ਮੁਆਇਨਾ ਕਰ ਰਹੇ ਸਨ, ਆਪਣੀ ਪਿਆਰੀ ਰਚਨਾ ਨੂੰ ਸਭਨਾਂ ਪਾਸਿਉਂ ਘੋਖ ਰਹੇ ਸਨ। ਡਾਕਟਰ ਆਪਣੀ ਵਾਰੀ ਉਡੀਕ ਰਿਹਾ ਸੀ। ਉਹ ਸਿਰਫ਼ ਵੇਖਣ ਹੀ ਨਹੀਂ ਸੀ ਆਇਆ।

"ਸਾਈਕਲੋਪਸ!" ਰੁਪਹਿਲੀ ਝੀਤ ਵਲ ਪ੍ਰਸੰਸਾ-ਭਰੀਆਂ ਨਜ਼ਰਾਂ ਨਾਲ ਵੇਖਦਿਆਂ, ਡਾ: ਦਰੋਨੋਵ ਨੇ ਸੋਚਿਆ। "ਸੁਹਣਾ ਇਕ-ਅੱਖਾ ਦੈਂਤ! ਕਿੰਨੇ ਮਾਪੇ ਨੇ ਤੇਰੇ ਤੇ ਕਿੰਨਿਆਂ ਖਿਡਾਵੀਆਂ। ਵਿਗਿਆਨੀ ਦਿਨੇ ਰਾਤੀਂ ਤੇਰੀਆਂ ਸੋਚਾਂ ਸੋਚਦੇ ਰਹੇ। ਇੰਜੀਨੀਅਰਾਂ ਤੇ ਮਕੈਨਿਕਾਂ ਨੇ ਤੈਨੂੰ ਕਾਗ਼ਜ਼ 'ਤੇ, ਨਕਸ਼ਿਆਂ, ਸਾਰਣੀਆਂ ਤੇ ਸ਼ਕਲਾਂ ਦੇ ਰੂਪ 'ਚ ਰਚਿਆ। ਫ਼ੌਲਾਦ ਦੇ ਤੇਰੇ ਮਹਾਨ ਪਿੰਡੇ 'ਚ ਮਜ਼ਦੂਰਾਂ ਦੇ ਹੱਥਾਂ ਦਾ ਨਿਘ ਅਜੇ ਵੀ ਬਾਕੀ ਏ। ਤੇ ਤੇਰਾ ਤਗੜਾ ਦਿਲ, ਇੰਜਨ, ਜਿਨ੍ਹਾਂ 'ਚ ਹਜ਼ਾਰਾਂ ਦਰਜੇ ਦੀ ਅੱਗ ਮਚੇਗੀ, ਧਾਤ-

ਵਗਿਆਨੀਆਂ ਦੀਆਂ ਭੱਠੀਆਂ 'ਚ ਚਿਤਾਰਿਆ ਗਿਆ ਸੀ। ਤੇ ਤੇਰਾ ਲਹੂ, ਤੇਰਾ ਹੌਲਾ, ਲਾਟੋ-ਲਾਟ ਲਹੂ, ਤੇਰੇ ਅੰਦਰ ਰਸਾਈਣ-ਵਿਗਿਆਨੀਆਂ ਨੇ ਪਾਇਆ। ਪਰ ਮਹਾਨ ਦੈਂਤ, ਜੇ ਤੇਰਾ ਦਮਾਗ਼ ਨਹੀਂ, ਤਾਂ ਤੂੰ ਉਡ ਕੇ ਕਿਥੇ ਜਾਏਂਗਾ? ਆਪਣੇ ਸਿਆਣੇ ਜੰਤਰਾਂ ਤੇ ਸਵੈਕਾਰ ਮਸ਼ੀਨਾਂ ਲਈ ਵਿਗਿਆਨੀਆਂ ਦਾ ਸ਼ੁਕਰੀਆ ਅਦਾ ਕਰ। ਤੇ, ਬੇ-ਸ਼ਕ, ਰਾਹ 'ਚ ਗਣਿਤ-ਵਿਗਿਆਨੀਆਂ ਨੂੰ ਚੇਤੇ ਕਰੀਂ; ਉਹਨਾਂ ਤੇਰੇ ਹਰ ਕਦਮ ਦਾ ਹਿਸਾਬ ਲਾਇਆ।



"ਤੇਰੇ ਏਨੇ ਸਾਰੇ ਮਾਪੇ ਨੇ, ਤੈਨੂੰ ਉਹ ਸਾਰੇ ਯਾਦ ਨਹੀਂ ਰਹਿ ਸਕਦੇ। ਜਦੋਂ ਅਤਾਲਵੀਆਂ ਨੇ ਤੇਰਾ ਨਾਂ 'ਰਾਕਟ' ਰਖਿਆ, ਉਹਨਾਂ ਨੂੰ ਕਦੀ ਸੁਫ਼ਨਾ ਵੀ ਨਹੀਂ ਸੀ ਆਇਆ, ਤੂੰ ਏਡਾ ਬਲਵਾਨ ਬਣ ਜਾਵੇਂਗਾ। ਉਹਨਾਂ ਦੀ ਬੋਲੀ 'ਚ 'ਰਾਕਟ' ਦਾ ਮਤਲਬ ਆਮ ਪਾਈਪ ਹੁੰਦਾ ਏ। ਹੁਣ ਅਸਲੋਂ ਧਰਤੀ ਕੰਬ ਤੇ ਹਿਲ ਉਠੇਗੀ। ਤੂੰ, ਬਲਵਾਨ ਰਾਕਟ, ਧਰਤੀ ਤੋਂ ਉਪਰ ਉਠ ਰਿਹਾ ਹੋਵੇਂਗਾ, ਆਪਣੀ ਇਕ ਅਖ ਨਾਲ ਤਾਰਿਆਂ 'ਤੇ ਝਾਤੀ ਮਾਰਨ ਲਈ ਉਪਰ ਪੁਲਾੜ ਵਲ ਉਡ ਰਿਹਾ ਹੋਵੇਂਗਾ।"

"ਵਕਤ ਹੋ ਗਿਐ," ਕਿਸੇ ਦੀ ਆਵਾਜ਼ ਨੇ ਡਾ: ਦਰੋਨੋਂਵ ਦੀਆਂ ਸੋਚਾਂ ਵਿਚ ਵਿਘਨ ਪਾ ਦਿਤਾ।

ਵਾਸੀਲੀ ਤੇ ਵਾਲੀਯਾ ਆਏ। ਕੁੱਤੇ ਉਹਨਾਂ ਦੀਆਂ ਬਾਹਵਾਂ ਵਿਚ ਸਨ। ਉਹਨਾਂ ਆਪਣੇ ਲੇਬਾਰਟਰੀ ਵਾਲੇ ਚਿੱਟੇ ਉਤੇਰਨ ਪਾਏ ਹੋਏ ਸਨ: ਉਹਨੇ ਹੁਣੇ-ਹੁਣੇ ਹੀ ਕੁਤਿਆਂ ਦੇ ਲਹੂ ਦੇ ਨਮੂਨੇ ਲਏ ਸਨ, ਉਹਨਾਂ ਨੂੰ ਤੋਲਿਆ ਸੀ, ਟੇਪ ਉਤੇ ਉਹਨਾਂ ਦੀ ਨਬਜ਼ ਰਿਕਾਰਡ ਕੀਤੀ ਸੀ, ਉਹਨਾਂ ਦੇ ਤਾਪਮਾਨ ਨਾਪੇ ਸਨ। ਆਪਣੇ ਟਰੇਆਂ ਨਾਲ ਹੁਣੇ ਹੀ ਪੱਟੀਬੰਦ ਝੁੱਟਮਾਰ ਤੇ ਪਾਲਮਾ ਅਡੋਲ ਸਨ। ਡਾ: ਦਰੋਨੋਂਵ ਨੂੰ ਪਛਾਣ ਉਹਨਾਂ ਸਿਰਫ਼ ਆਪਣੀਆਂ ਪੂਛਾਂ ਹੀ ਹਿਲਾਇਆਂ।

"ਤਿਆਰ ਹਾਂ," ਡਾ: ਦਰੋਨੋਂਵ ਨੇ ਜਵਾਬ ਦਿਤਾ।

ਉਹ ਰਾਕਟ ਵਲ ਟੁਰ ਪਏ।

ਲਿਫਟ ਦੀ ਕੈਬਿਨ ਉਤਾਂਹ ਰੀਂਗਣ ਲਗੀ। ਕੁੱਤੇ ਹੇਠਾਂ ਆਪਣੇ ਆਪ ਤੋਂ ਏਨੇ ਛੇਤੀ ਦੂਰ ਜਾ ਰਹੀ ਘਾਹ ਵਲ ਵੇਖ ਰਹੇ ਸਨ, ਪਰ ਉਹਨਾਂ ਦੇ ਨਾਲ ਦੇ ਲੋਕ ਉਤਾਂਹ ਵੇਖ ਰਹੇ ਸਨ।

ਲਿਫ਼ਟ ਖੁਲ੍ਹੀ ਹੋਈ ਬਾਰੀ ਕੋਲ ਖਲ੍ਹੋ ਗਈ। ਡਾਕਟਰਾਂ ਨੇ ਕੁਤਿਆਂ ਦੇ ਟਰੇ ਰਾਕਟ ਦੇ ਕੈਪਸੂਲ ਵਿਚ ਬੰਨ੍ਹ ਦਿਤੇ। ਉਹਨਾਂ ਪਾਇਲਟਾਂ ਦੇ ਕਪੜਿਆਂ ਵਿਚੋਂ ਬਾਹਰ ਨਿਕਲੀਆਂ ਹੋਈਆਂ ਤਾਰਾਂ ਸੰਦਾਂ ਨਾਲ ਜੋੜ ਦਿਤੀਆਂ। ਉਹਨਾਂ ਕੈਬਿਨ ਨੂੰ ਇਕ ਵਾਰੀ ਫੇਰ ਵੇਖਦਿਆਂ, ਹਰ ਚੀਜ਼ ਦੀ ਪੜਤਾਲ ਕੀਤੀ।

ਉਹਨਾਂ ਆਪਣੇ ਆਪ ਨੂੰ ਤੱਸਲੀ ਕਰਾਈ ਕਿ ਕੈਪਸੂਲ ਵਿਚ, ਜਿਸਦੀ ਸ਼ਕਲ ਹੈਟ ਨਾਲ ਮਿਲਦੀ ਸੀ, ਹਰ ਚੀਜ਼ ਠੀਕ-ਠਾਕ ਸੀ। ਅੰਦਰ ਆਪਣੇ ਆਪ ਵਿਚ ਇਕ ਛੋਟੀ ਜਿਹੀ ਦੁਨੀਆਂ ਸੀ। ਸ਼ੀਸ਼ਾ-ਉਨ ਦੀ ਅਸਤਰਬੰਦੀ ਪਾਇਲਟਾਂ ਨੂੰ ਸੇਕ ਤੋਂ ਬਚਾਂਦੀ ਸੀ, ਕਿਉਂ ਜੁ ਉਡਾਰੀ ਵੇਲੇ ਰਾਕਟ ਦਾ ਖੋਲ ਏਨਾ ਗਰਮ ਹੋ ਸਕਦਾ ਸੀ, ਜਿੰਨੀ ਸਟੋਵ ਉਤੇ ਰੱਖੀ ਚਾਹ ਦੀ ਕੇਤਲੀ। ਸਾਹ ਲੈਣ ਲਈ ਹਵਾ ਨਾਲ ਰਲਾਈ ਆਕਸੀਜਨ ਦਾ ਗੁਬਾਰਾ ਸੀ। ਕੰਟਰੋਲ ਦੇ ਜੰਤਰ ਸਨ, ਜਿਨ੍ਹਾਂ ਕੁਤਿਆਂ ਦੀ ਹਾਲਤ ਬਾਰੇ ਟਰਾਂਸਡਿਊਸਰਾਂ ਰਾਹੀਂ ਮਿਲੀ ਜਾਣਕਾਰੀ ਟੇਪ ਉਤੇ ਰਿਕਾਰਡ ਕਰਨੀ ਸੀ ਤੇ ਰੇਡੀਊ ਰਾਹੀਂ ਪ੍ਰਸਾਰਨੀ ਸੀ। ਉਡਾਰੂ ਦਾ ਵਫ਼ਾਦਾਰ ਸਾਥੀ, ਐਕਸੇਲੇਰੋਗਰਫ਼, ਸੀ, ਜਿਸ ਦੇ ਛਾਲਾਂ ਮਾਰਦੇ ਗਰਾਫ਼ ਨੇ ਆਕਰਖਣ-ਖਿੱਚ ਦੀਆਂ ਅਦਿਸਵੀਆਂ ਸ਼ਕਤੀਆਂ ਦਾ ਹਾਲ ਦਸਣਾ ਸੀ। ਤੇ ਮੁਸਾਫ਼ਰਾਂ ਦੇ ਸਿਰਾਂ ਉਤੇ ਲਟਕਦੇ ਫ਼ਿਲਮ-ਕੈਮਰੇ ਨੇ ਉਹਨਾਂ ਦੀਆਂ ਪਹਿਲੇ ਤੋਂ ਅਖੀਰੀ ਮਿੰਟ ਤਕ ਤਸਵੀਰਾਂ ਲਾਹੁਣੀਆਂ ਸਨ। ਨਾਲੋ-ਨਾਲ ਹੀ ਉਸ ਕੰਧ-ਘੜੀ ਦੀ ਤਸਵੀਰ ਵੀ ਲਾਹੀ ਜਾਣੀ ਸੀ, ਤਾਂ ਜੁ ਡਾਕਟਰ ਨੂੰ ਐਨ ਸਹੀ-ਸਹੀ ਪਤਾ ਲਗ ਜਾਏ, ਹਰ ਚੀਜ਼ ਕਦੋਂ ਹੋਈ ਸੀ, ਤੇ ਉਹ ਫ਼ਿਲਮ ਦੀ ਪੱਟੀ ਦਾ ਜੰਤਰਾਂ ਦੀਆਂ ਰਿਪੋਰਟਾਂ ਨਾਲ ਮੁਕਾਬਲਾ ਕਰ ਸਕਣਗੇ।

ਸਿਰਫ਼ ਪੈਰਾਸ਼ੂਟ ਹੀ ਨਹੀਂ ਸੀ ਦਿਸ ਰਿਹਾ। ਉਹ ਫ਼ਰਸ਼ ਥੱਲੇ ਕਿਸੇ ਥਾਂ ਸੀ, ਇਕ ਪੱਕੇ ਡੱਬੇ 'ਚ ਬੰਦ ਹੋਇਆ ਪਿਆ। ਉਹਨੇ ਲੋੜ ਪੈਣ ਉਤੇ ਖੁਲ੍ਹ ਪੈਣਾ ਸੀ।

"ਕਿਹੋ ਜਿਹਾ ਲੱਗਾ ਜੇ?" ਡਾ: ਦਰੋਨੋਵ ਨੇ ਪੁਛਿਆ।

"ਜਿਥੋਂ ਤਕ ਮੈਨੂੰ ਲਗਦੈ, ਬਹੁਤ ਵਧੀਆ ਏ," ਵਾਸੀਲੀ ਨੇ ਆਖਿਆ। "ਉਂਜ ਹੀ ਏ, ਜਿਵੇਂ 'ਟੀ: ਯੂ-੧੦੪' 'ਚ ਹੁੰਦੈ। ਚੰਗਾ ਫੇਰ, ਸਟੀਊਰਡੈਸ, ਅਲਵਿਦਾ ਆਖ ਨੇ।"

"ਫਿਰ ਮਿਲਾਂਗੇ, ਝੁੱਟਮਾਰ, ਅਲਵਿਦਾ ਪਾਲਮਾ!" ਵਾਲੀਯਾ ਨੇ ਆਖਿਆ। "ਫ਼ਿਕਰ ਨਾ ਕਰੋ। ਸਭ ਕੁਝ ਠੀਕ ਰਹੇਗਾ!"

"ਫਿਰ ਮਿਲਣ ਤਕ!" ਆਦਮੀ ਨੇ ਆਖਿਆ।

ਬਾਰੀ ਬੰਦ ਕਰ ਦਿਤੀ ਗਈ ਤੇ ਵੇਖਣ-ਚਾਖਣ ਲਈ ਪਿਰਚ ਤੋਂ ਰਤਾ ਕੁ ਛੋਟੀ ਮੋਰੀ ਰਹਿ ਗਈ। ਵਾਲੀਯਾ, ਡਾ: ਦਰੋਨੋਵ ਤੇ ਵਾਸੀਲੀ ਨੇ ਉਹਦੇ ਅੰਦਰ ਵਾਰੀ-ਵਾਰੀ ਵੇਖਿਆ। ਫੇਰ ਉਹ ਲਿਫ਼ਟ ਤੋਂ ਥੱਲੇ ਗਏ ਤੇ ਮੋਰੀ ਵਿਚੋਂ ਸਿਰਫ਼ ਨੀਲਾ ਅਸਮਾਨ ਦਿਸਦਾ ਰਹਿ ਗਿਆ।

ਕੁੱਤੇ, ਆਪਣੇ ਟਰੇਆਂ ਉਤੇ ਪਸਰੇ, ਇਕ ਦੂਜੇ ਦੇ ਨਾਲ-ਨਾਲ ਪਏ ਸਨ। ਝੁੱਟਮਾਰ ਆਰਾਮ ਨਾਲ ਏਧਰ-ਓਧਰ ਵੇਖ ਰਿਹਾ ਸੀ। ਪਾਲਮਾ ਨੂੰ ਉਕਾ ਕੋਈ ਪਰਵਾਹ ਹੀ ਨਹੀਂ ਸੀ। ਉਹਨੇ ਔਖਿਆਂ ਹੋ ਉਬਾਸੀ ਲਈ। ਉਹ ਕਿੰਨਾ ਹੀ ਚਿਰ ਪਏ ਰਹੇ। ਉਹਨਾਂ ਨੂੰ ਚਿਤ-ਚੇਤਾ ਨਹੀਂ ਸੀ ਕਿ ਉਹ ਘਟਨਾ ਜਿਹਦੇ ਲਈ ਉਹਨਾਂ ਏਨਾ ਚਿਰ ਸਿਖਲਾਈ ਲਈ ਸੀ, ਸ਼ੁਰੂ ਹੋ ਗਈ ਸੀ। ਜੰਤਰਾਂ ਨੇ ਆਪਣੀਆਂ ਰਿਪੋਰਟਾਂ ਦੇਣੀਆਂ ਸ਼ੁਰੂ ਕਰ ਦਿਤੀਆਂ ਸਨ, ਹਵਾ ਗੁਬਾਰੇ ਵਿਚੋਂ ਆ ਰਹੀ ਸੀ, ਤੇ ਫ਼ਿਲਮ-ਕੈਮਰਾ ਅਡੋਲ ਟਿਕ-ਟਿਕ ਕਰੀ ਜਾ ਰਿਹਾ ਸੀ।

ਰਾਕਟ ਦੁਆਲੇ ਦਾ ਮੈਦਾਨ ਸੁੰਨਾ ਹੋ ਗਿਆ। ਸਾਰੇ ਲੋਕ ਸੀਮੈਂਟ ਦੀਆਂ ਪੌੜੀਆਂ ਤੋਂ ਇਕ ਓਹਲੇ ਅੰਦਰ ਚਲੇ ਗਏ, ਜਿਹਦੇ ਉਤੇ ਸਟੀਅਰਸਕੋਪਾਂ ਦਾ ਸ਼ੀਸ਼ਾ ਲਿਸ਼ਕ ਰਿਹਾ ਸੀ। ਸਭ ਤੋਂ ਅਖ਼ੀਰ ਵਿਚ ਜਾਣ ਵਾਲੇ ਮਕੈਨਿਕ ਸਨ।

ਓਹਲੇ ਵਿਚ ਭੀੜ ਹੋ ਗਈ। ਪਰ ਡਾ: ਦਰੋਨੋਵ ਸੋਚ ਰਿਹਾ ਸੀ: "ਕਿੰਨਾ ਚੰਗਾ ਹੋਵੇ, ਜੇ ਬਾਕੀ ਦੇ ਸਾਰੇ ਵੀ, ਆਪਣੇ ਉਤੇਰਨ ਤੇ ਕੰਮ ਦੇ ਕਪੜੇ ਪਾਈ ਅੰਦਰ ਆ ਜਾਣ। ਜੇ ਕਦੀ ਉਹ ਮਿੰਟ ਭਰ ਲਈ ਆਪਣੀਆਂ ਖਰਾਦਾਂ, ਭੱਠੀਆਂ, ਭਬਕਿਆਂ, ਨਕਸ਼ਾਕਸ਼ੀ ਦੇ ਮੇਜ਼ਾਂ ਨੂੰ ਛਡ ਆਉਣ, ਤਾਂ ਜੁ ਉਹ ਵੇਖ ਸਕਣ, ਜੁ ਉਹਨਾਂ ਦੇ ਹੱਥਾਂ ਨੇ ਬਣਾਇਆ, ਤਾਂ ਜੁ ਮੁਸਕਾਨ ਉਹਨਾਂ ਦੇ ਥਕੇ ਹੋਏ ਮੂੰਹਾਂ ਉਤੇ ਲੋ ਕਰ ਸਕੇ। ਨਹੀਂ, ਉਹ ਨਹੀਂ ਆਉਣ ਲਗੇ, ਉਹ ਬਹੁਤ ਰੁੱਝੇ ਹੋਏ ਨੇ। ਉਹਨਾਂ ਹੋਰਨਾਂ ਕਿਰਤਾਂ ਵਲ ਧਿਆਨ ਦੇਣਾ ਏ..."

ਤਿਆਰੀ ਦਾ ਸਮਾਂ ਖ਼ਤਮ ਹੋਣ ਵਾਲਾ ਸੀ। ਇੰਜੀਨੀਅਰ ਆਪਣੀਆਂ ਥਾਵਾਂ ਉਤੇ, ਜੰਤਰਾਂ ਦੇ ਪੈਨਲਾਂ ਕੋਲ ਸਨ। ਉਹਨਾਂ ਦੇ ਮੂੰਹ ਅਡੋਲ ਸਨ। ਉਹ ਉਡੀਕ ਰਹੇ ਸਨ, ਕਮਾਂਡਰ ਬਟਨ ਦਬਾਵੇ, ਜਿਨ੍ਹੇ ਚੱਲਣ ਦਾ ਸੰਕੇਤ ਦੇਣਾ ਸੀ।

ਸਾਰੀਆਂ ਅੱਖਾਂ ਕਮਾਂਡਰ ਉਤੇ ਸਨ। ਕੋਈ ਵੀ ਬੋਲ ਨਹੀਂ ਸੀ ਰਿਹਾ। ਮੁਕੰਮਲ ਚੁਪ ਸੀ। ਸਿਰਫ਼ ਕੰਧ-ਘੜੀ ਹੀ ਸਕਿੰਟਾਂ ਦੀ ਬਹੁਤ ਵਡੀ ਸੂਈ ਨਾਲ ਇਕ-ਇਕ ਸਕਿੰਟ ਵਜਾ ਰਹੀ ਸੀ।

ਵਾਸੀਲੀ ਨੂੰ ਸਮਝ ਨਹੀਂ ਸੀ ਪੈ ਰਹੀ, ਕਮਾਂਡਰ ਮਘਿਆ ਹੋਇਆ ਕਿਉਂ ਨਹੀਂ ਸੀ ਦਿਸਦਾ। ਉਹਦਾ ਮੁੰਨਿਆ ਹੋਇਆ ਸਿਰ ਤੇ ਨਰਮ ਖੁਲ੍ਹੇ ਕੋਟ ਵਿਚ ਉਹਦਾ ਗਠਿਆ ਹੋਇਆ ਜੁੱਸਾ ਵੇਖ ਵਾਸੀਲੀ ਨੂੰ ਸਕੂਲੇ ਆਪਣੇ ਹਿਸਾਬ ਦਾ ਅਧਿਆਪਕ ਯਾਦ ਆ ਰਿਹਾ ਸੀ। ਉਹਦਾ ਹਿਸਾਬ ਦਾ ਅਧਿਆਪਕ ਸਦਾ ਹੀ, ਏਥੋਂ ਤਕ ਕਿ ਇਮਤਹਾਨਾਂ ਵੇਲੇ ਵੀ, ਜਦੋਂ ਸਾਰੀ ਦੀ ਸਾਰੀ ਜਮਾਤ ਕਲਵਲ ਹੋ ਰਹੀ ਹੁੰਦੀ ਸੀ, ਠਰ੍ਹੰਮੇ ਨਾਲ ਰਹਿੰਦਾ ਸੀ। ਉਹਦੀ ਤਾਂ ਸਮਝ ਆਉਂਦੀ ਸੀ। ਪਰ ਇਹ ਕਮਾਂਡਰ ਜਿਹਨੂੰ ਕੁਝ ਹੁੰਦਾ ਹੀ ਨਹੀਂ — ਉਹਨੂੰ ਪੱਕ ਕਿਵੇਂ ਹੋ ਸਕਦਾ ਸੀ ਕਿ ਰਾਕਟ ਦਾ ਸਭ ਕੁਝ ਠੀਕ-ਠਾਕ ਰਹੇਗਾ?

"ਤਿਆਰ ਹੋ ਜਾਓ!" ਕਮਾਂਡਰ ਨੇ ਹੁਕਮ ਦਿਤਾ, ਤੇ ਘਟਾਵੀਂ ਗਿਣਤੀ ਗਿਣਨ ਲਗਾ, "ਪੰਜ... ਚਾਰ... ਤਿੰਨ... ਦੋ... ਚਲੋ!"

ਟੈਲੀਵੀਅਨ ਦੇ ਪਰਦੇ ਉਤੇ ਦਰਸ਼ਕਾਂ ਨੇ ਵੇਖਿਆ, ਇਕ ਤੇਜ਼ ਚਿਲਕੋਰ ਨੇ ਰਾਕਟ ਨੂੰ ਹੇਠੋਂ ਬਾਲ ਦਿਤਾ, ਤੇ ਰਾਕਟ ਨੂੰ ਧੂੰਏ ਦੇ ਬੱਦਲ ਨੇ ਘੇਰ ਲਿਆ। ਅਗਲੇ ਹੀ ਪਲ ਧਮਾਕੇ ਦਾ ਖੜਾਕ ਓਹਲੇ ਦੇ ਬੂਹੇ ਨੂੰ ਵੱਜਾ।

ਸਹਿਜੇ ਸਹਿਜੇ, ਇੰਜ ਜਿਵੇਂ ਸੋਚ-ਵਿਚਾਰ ਰਿਹਾ ਹੋਵੇ, ਰਾਕਟ ਧੂੰਏ ਦੇ ਬੱਦਲ ਤੋਂ ਉਪਰ ਉਠਿਆ। ਉਹਨੇ ਲਾਟਾਂ ਦੀ ਵਾਛੜ ਕੀਤੀ, ਜ਼ਮੀਨ ਵਲ ਚਮਕੀਲੀਆਂ, ਗੁਲਾਬੀ ਰੰਗ ਦੀਆਂ ਗੈਸਾਂ ਧੱਕੀਆਂ ਤੇ ਹਰ ਸਕਿੰਟ ਰਫ਼ਤਾਰ ਫੜਦਾ ਅਸਮਾਨ ਵਲ ਉਡ ਪਿਆ। ਸੁਨਹਿਰੀ ਬਿਜਲੀ ਦਾ ਲਿਸ਼ਕਾਰਾ ਛਡਦਿਆਂ ਉਹ ਘਟਦਾ-ਘਟਦਾ ਇਕ ਚਮਕੀਲੀ ਬਿੰਦੀ ਬਣ ਕੇ ਰਹਿ ਗਿਆ।

ਉਸ ਪਲ ਵਾਸੀਲੀ ਨੂੰ ਆਪਣੇ ਜੰਤਰ ਚੇਤੇ ਆਏ ਤੇ ਉਹ ਉਹਨਾਂ ਵਲ ਹੋ ਪਿਆ, ਪਰ ਉਹਦਾ ਰਾਹ ਪਿੱਠਾਂ ਦੀ ਇਕ ਕੰਧ ਨੇ ਰੋਕਿਆ ਹੋਇਆ ਸੀ। ਬਲਵਾਨ ਰਾਕਟ ਦੇ ਸੇਵਕਾਂ — ਕਾਮਿਆਂ, ਮਕੈਨਿਕਾਂ,



ਤੇ ਇੰਜੀਨੀਅਰਾਂ — ਨੇ ਪਰਦੇ ਦੁਆਲੇ ਮਜ਼ਬੂਤ ਘੇਰਾ ਪਾਇਆ ਹੋਇਆ ਸੀ ਤੇ ਉਹਨਾਂ ਦੀਆਂ ਨਜ਼ਰਾਂ ਛਾਲਾਂ-ਮਾਰਦੀ ਹਰੀ ਲੀਕ ਉਤੇ ਜੰਮੀਆਂ ਹੋਈਆਂ ਸਨ। ਉਹ ਛਾਲਾਂ-ਮਾਰਦੀ ਲੀਕ ਜੁ ਕੁਝ ਕਹਿ ਰਹੀ ਸੀ, ਉਹਨਾਂ ਵਿਚੋਂ ਕੋਈ ਵੀ ਉਹਨੂੰ ਪੜ੍ਹ ਨਹੀਂ ਸੀ ਸਕਦਾ, ਪਰ ਉਹ ਵੇਖ ਤਾਂ ਵੀ ਧਿਆਨ ਨਾਲ ਰਹੇ ਸਨ, ਕਿਉਂ ਜੁ ਉਹ ਰਾਕਟ ਦੇ ਮੁਸਾਫ਼ਰਾਂ ਦੀ ਕਹਾਣੀ ਸੁਣਾ ਰਹੀ ਸੀ।

ਪਬਾਂ ਭਾਰ ਟੁਰਦਿਆਂ, 'ਮੁਆਫ਼ ਕਰਨਾ, ਮੁਆਫ਼ ਕਰਨਾ' ਆਖਦਿਆਂ, ਵਾਸੀਲੀ ਜੰਤਰਾਂ ਵਲ ਟੁਰਿਆ। ਵਾਲੀਯਾ ਨੇ ਉਹਨੂੰ ਕਾਹਲ ਕਰਾਈ। ਉਹ ਨਿਰਾਸਤਾ ਨਾਲ ਰੋਣਹਾਕੀ ਹੋਈ ਪਈ ਸੀ। ਜੰਤਰਾਂ ਦੀ ਬੋਲੀ ਸਮਝਣ ਦੀ ਜਾਚ ਸਿਖਣ ਤੇ ਇੰਸਟੀਚਿਊਟ ਦੇ ਇਮਤਹਾਨ ਪਾਸ ਕਰਨ ਦਾ ਕੀ ਫ਼ਾਇਦਾ ਸੀ, ਜੇ ਹੁਣ ਉਹਨੂੰ ਕੁਝ ਦਿਸ ਨਹੀਂ ਸੀ ਰਿਹਾ। ਜੰਤਰਾਂ ਨੇ ਸਾਰਾ ਕੁਝ ਟੇਪ ਉਤੇ ਲਿਖ ਦੇਣਾ ਸੀ, ਤੇ ਬੇ-ਸ਼ਕ, ਉਹਨੇ ਟੇਪ ਨੂੰ ਪੜ੍ਹਨਾ ਤੇ ਫੇਰ ਪੜ੍ਹਨਾ ਸੀ, ਪਰ ਤਾਂ ਵੀ ਬੌਂਦਲੀ ਉਹ ਹੋਈ ਸੀ। ਡਾ: ਦਰੋਨੋਵ ਦੀ ਗੱਲ ਹੋਰ ਸੀ। ਉਹਨੇ ਬੁਝ ਲਿਆ ਸੀ, ਕਿਵੇਂ ਹੋਣਾ ਸੀ ਤੇ ਉਹ ਪਹਿਲੋਂ ਹੀ ਆਪਣੀ ਥਾਂ ਉਤੇ ਜਾ ਬੈਠਾ ਸੀ।

ਅਖ਼ੀਰ ਵਾਲੀਯਾ ਤੇ ਵਾਸੀਲੀ ਪਰਦੇ ਕੋਲ ਪਹੁੰਚ ਪਏ।

ਰਾਕਟ ਵਿਚ, ਚਾਣਚਕ ਹੀ ਮੁਸਾਫ਼ਰਾਂ ਦੇ ਸਿਰੀਂ ਗੜ-ਗੜ ਹੋਣ ਲਗ ਪਈ। ਉਹ ਏਧਰ-ਓਧਰ ਸਿਰ ਭੁਆਣ ਲਗੇ, ਸਮਝਣ ਦਾ ਜਤਨ ਕਰਨ ਲਗੇ, ਇਹ ਅਜੀਬ, ਡਰਾਉਣਾ ਰੌਲਾ ਕਿਥੋਂ ਆ ਰਿਹਾ ਸੀ। ਉਹਨਾਂ ਨੂੰ ਪਤਾ ਨਹੀਂ ਸੀ, ਇਹ ਉਹਨਾਂ ਦੀ ਉਡਾਣ ਦਾ ਨਗ਼ਮਾ ਸੀ। ਉਹ ਉਡ ਰਹੇ ਸਨ!

ਸ਼ੂਟ ਵੱਟਦਾ ਰਾਕਟ ਕੈਪਸੂਲ ਨੂੰ ਉਚਿਉਂ ਉਚੇਰਾ ਲਿਜਾਂਦਾ ਗਿਆ। ਉਹ ਪੰਛੀਆਂ ਦੇ ਰਾਹ, ਸਭ ਤੋਂ ਉਚੀਆਂ ਟੀਸੀਆਂ ਤੇ ਜੈਟ ਹਵਾਈ ਜਹਾਜ਼ਾਂ ਦੀ ਉਡਾਣ ਦੀਆਂ ਸਿਖਰਲੀਆਂ ਹੱਦਾਂ ਪਿਛੇ ਛਡ ਗਿਆ, ਉਹ ਬਦਲਾਂ ਵਿਚੋਂ ਨਿਕਲ ਗਿਆ ਤੇ ਸਮਤਾਪ-ਮੰਡਲ ਦੀਆਂ ਉਪਰਲੀਆਂ ਪਰਤਾਂ ਵਿਚ ਜਾ ਪੁਜਿਆ, ਜਿਥੇ ਤਾਰੋਟੇ ਟੁਟਦੇ ਤਾਰਿਆਂ ਵਾਂਗ ਚਿਲਕੋਰਾਂ ਛਡਦੇ ਸਨ, ਤੇ ਜਿਥੇ ਪ੍ਰਕਾਸ਼ਮਾਨ ਉਤਰੀ ਲੋਆਂ ਏਡੀ

ਆਮ ਝਾਕੀ ਸਨ, ਜਿੰਨੀ ਸੜਕਾਂ ਉਤੇ ਨਿਊਨ-ਬੱਤੀਆਂ। ਰਾਕਟ ਇਹਨਾਂ ਮਨ-ਲੁਭਾਵੀਆਂ ਥਾਵਾਂ ਉਤੇ ਵੀ ਨਾ ਅਟਕਿਆ ਤੇ ਅਜਿਹੀ ਉਚਾਈ ਤਕ ਉਤਾਂਹ ਉਡਦਾ ਗਿਆ, ਜਿਥੇ ਹਵਾ ਦੀ ਥਾਂ ਸਿਰਫ਼ ਗੈਸ ਦੇ ਅਦਿੱਸ ਕਿਣਕੇ ਸਨ ਤੇ ਜਿਥੇ ਜੇ ਆਮ ਦਬਾ ਵਾਲੀ ਕੈਬਿਨ ਨੇ ਬਚਾ ਨਾ ਕੀਤਾ ਹੁੰਦਾ, ਸਾਡੇ ਮੁਸਾਫ਼ਰਾਂ ਨੇ ਪਲ ਵਿਚ ਖ਼ਤਮ ਹੋ ਜਾਣਾ ਸੀ।

ਅਫ਼ਸੋਸ ਦੀ ਗੱਲ ਸੀ ਕਿ ਝੁੱਟਮਾਰ ਤੇ ਪਾਲਮਾ ਗੋਲ ਬਾਰੀ ਵਿਚੋਂ ਬਾਹਰ ਨਹੀਂ ਸਨ ਵੇਖ ਸਕਦੇ। ਪਹਿਲੋਂ ਉਹਨਾਂ ਨੂੰ ਥਰਥਰਾਹਟ ਨੇ ਝੂਣ ਛਡਿਆ, ਤੇ ਫੇਰ ਅਦਿਸ ਸ਼ਕਤੀਆਂ ਨੇ ਉਹਨਾਂ ਦੇ ਸਿਰ ਦਬਾ ਲਏ ਤੇ ਉਹਨ੍ਾਂ ਦੇ ਉਪਰ ਬਹਿ ਗਈਆਂ। ਉਹਨਾਂ ਦੀਆਂ ਛਾਤੀਆਂ ਨਪੀੜੀਆਂ ਗਈਆਂ, ਉਹਨਾਂ ਦੇ ਦਿਲ ਧੱਕ-ਧੱਕ ਕਰਨ ਲਗ ਪਏ ਤੇ ਉਹਨਾਂ ਦੇ ਪਿੰਡਿਆਂ ਨੂੰ ਮਹਿਸੂਸ ਹੋਣ ਲਗਾ, ਜਿਵੇਂ ਉਹ ਸਿੱਕੇ ਨਾਲ ਭਰ ਗਏ ਹੋਣ। ਪਰ ਉਹਨਾਂ ਨੂੰ ਡਰ ਨਾ ਲਗਿਆ। ਉਹ ਚੁਪ-ਚਾਪ ਪਏ ਰਹੇ। ਚਾਣਚਕ ਹੀ ਇੰਜਨ ਬੰਦ ਹੋ ਗਏ...

ਚਿਤਾਰੋ, ਤੁਸੀਂ ਚਾਣਚਕ ਹੀ, ਗੁਬਾਰੇ ਵਾਂਗ, ਛਤ ਤਕ ਉਡ ਆਏ ਹੋਵੋ। ਇਕ ਪਲ ਪਹਿਲਾਂ ਤੁਸੀਂ ਫ਼ਰਸ਼ ਉਤੇ ਹੋਵੋਂ, ਤੇ ਅੱਚਣਚੇਤ ਹੀ ਤੁਸੀਂ ਹਵਾ ਵਿਚ ਤਾਰੀਆਂ ਲਾ ਰਹੇ ਹੋਵੋਂ।

ਸਾਡੇ ਮੁਸਾਫ਼ਰਾਂ ਨਾਲ ਵੀ ਇੰਜ ਹੀ ਹੋਇਆ। ਉਹ ਹੈਰਾਨ ਰਹਿ ਗਏ। ਇੰਜ ਲਗਿਆ, ਜਿਵੇਂ ਕਿਸੇ ਬਲਵਾਨ ਹਥ ਨੇ ਉਹਨਾਂ ਨੂੰ ਪੋਲੇ ਜਿਹੇ ਚੁਕਿਆ ਹੋਵੇ। ਉਹਨਾਂ ਨੂੰ ਆਪਣੇ ਸਿਰਾਂ ਜਾਂ ਆਪਣੇ ਪੰਜਿਆ ਜਾਂ ਪੂਛਲਾਂ ਦਾ ਇਹਸਾਸ ਨਹੀਂ ਸੀ ਰਿਹਾ। ਉਹ ਖੰਬਾਂ ਨਾਲੋਂ ਵੀ ਹੌਲੇ ਹੋ ਗਏ। ਜੇ ਪੇਟੀਆਂ ਨਾ ਬੱਝੀਆਂ ਹੁੰਦੀਆਂ, ਉਹਨਾਂ ਨੇ ਪੰਛੀਆਂ ਵਾਂਗ ਉਡਾਰੀਆਂ ਲਾਣੀਆਂ ਸਨ।

ਅਲੋਕਾਰ ਗੱਲ ਸੀ! ਇਸ ਤਰ੍ਹਾਂ ਸਿਰਫ਼ ਸੁਫ਼ਨਿਆਂ ਵਿਚ ਹੀ ਮਹਿਸੂਸ ਹੁੰਦਾ ਸੀ।

ਇਸ ਦੰਗ ਕਰ ਦੇਣ ਵਾਲੀ ਹਾਲਤ ਨੇ ਝੁੱਟਮਾਰ ਦੀ ਰੌਂ ਚੰਗੀ ਕਰ ਦਿਤੀ ਤੇ ਉਹਦੀਆਂ ਅੱਖਾਂ ਖੁਸ਼ੀ ਨਾਲ ਚਮਕਣ ਲਗ ਪਈਆਂ। ਉਹਨੇ ਬਾਰੀ ਵਲ ਵੇਖਿਆ ਤੇ ਉਹਨੂੰ ਸਿਆਹੀ ਵਾਂਗ ਕਾਲਾ ਅਸਮਾਨ ਤੇ ਚਮਕੀਲੀ, ਚੁੰਧਿਆਵੀਂ ਧੁਪ ਦਿੱਸੀ। ਇਹ ਸੁਹਣੀ ਤੇ ਭਿਆਨਕ ਝਾਤੀ ਸੀ।

ਝੁੱਟਮਾਰ ਨੇ ਕੈਬਿਨ ਵਿਚ ਏਧਰ-ਓਧਰ ਵੇਖਿਆ ਤੇ ਉਹਨੂੰ ਦਿਸਿਆ ਕਿ ਸੂਰਜ ਦੀ ਰੌਸ਼ਨੀ ਦੀ ਇਕ ਕਿਰਨ ਬਾਰੀ ਵਿਚੋਂ ਝਾਕ ਰਹੀ ਸੀ। ਸਾਹਮਣੀ ਕੰਧ ਉਤੇ ਉਹਦਾ ਲਿਸ਼ਕਾਰਾ ਪੈ ਰਿਹਾ ਸੀ, ਚਾਨਣ ਦਾ ਇਕ ਧੱਬਾ। ਧੱਬਾ ਕੁਝ ਚਿਰ ਅਹਿਲ ਰਿਹਾ ਤੇ ਫੇਰ ਕੰਧ ਉਤੇ ਕੁਦ ਕੇ ਝੁੱਟਮਾਰ ਦੀ ਖੱਬੀ ਅਖ ਉਤੇ ਆ ਪਿਆ। ਉਹਨੇ ਅਖ ਭੰਗਾਈ, ਫੂੰਕਾਰ ਛੱਡੀ ਤੇ ਸਿਰ ਹਿਲਾਇਆ, ਤੇ ਜਦੋਂ ਉਹਨੇ ਅੱਖਾਂ ਖੋਲ੍ਹੀਆਂ, ਰੌਸ਼ਨੀ ਦਾ ਧੱਬਾ ਛਤ ਉਤੇ ਸੀ। ਪਰ ਓਥੇ ਵੀ ਉਹ ਟਿਕ ਕੇ ਨਾ ਬੈਠਾ, ਸਗੋਂ ਇਕ ਤੋਂ ਦੂਜੀ ਥਾਂ ਟਪੋਸੀਆਂ ਮਾਰਨ ਲਗ ਪਿਆ।

ਝੁੱਟਮਾਰ ਦੀਆਂ ਅੱਖਾਂ ਸੌੜੀਆਂ, ਛੋਟੀਆਂ-ਛੋਟੀਆਂ ਝੀਤਾਂ ਬਣ ਗਈਆਂ, ਉਹਦੀ ਪੂਛ ਖੁਸ਼ੀ ਨਾਲ ਹਿੱਲਣ ਲਗ ਪਈ ਤੇ ਉਹਦੇ ਗਲੇ ਵਿਚ ਹਾਸੇ ਨਾਲ ਰਲਦੀਆਂ ਛੋਟੀਆਂ-ਛੋਟੀਆਂ ਆਵਾਜ਼ਾਂ ਆਈਆਂ।

ਝੁੱਟਮਾਰ ਪੂਰੇ ਦਿਲ ਨਾਲ ਖੇਡੇ ਲਗ ਗਿਆ, ਪਰ ਉਹਨੂੰ ਉਸ ਖੇਡ ਦੀ ਸਮਝ ਨਹੀਂ ਸੀ ਪੈ ਰਹੀ, ਜਿਹੜੀ ਚਾਨਣ ਦਾ ਧੱਬਾ ਖੇਡ ਰਿਹਾ ਸੀ। ਜੇ ਉਥੇ ਮਨੁੱਖ ਹੁੰਦਾ, ਉਹਨੂੰ ਪਤਾ ਲਗ ਜਾਣਾ ਸੀ



ਕਿ ਲਿਸ਼ਕਾਰਾ ਐਵੇਂ ਹੀ ਇਕ ਤੋਂ ਦੂਜੀ ਕੰਧ ਉਤੇ ਛਾਲ ਨਹੀਂ ਸੀ ਮਾਰ ਰਿਹਾ। ਨਿਰਭਾਰਤਾ ਦੀ ਹਾਲਤ ਵਿਚ ਕਾਸਮੋਨਾਟ ਨੂੰ "ਉਤਾਂਹ"–"ਹਿਠਾਂਹ" ਦੀ ਸਾਰ ਨਹੀਂ ਰਹਿੰਦੀ। ਉਹ ਲਮਕਿਆ ਹੁੰਦਾ ਹੈ ਤੇ ਉਹਨੂੰ ਉਡਾਣ ਦੀ ਗਤੀ ਮਹਿਸੂਸ ਨਹੀਂ ਹੁੰਦੀ। ਪਰ ਸੂਰਜ ਦੀ ਕਿਰਨ ਉਹਨੂੰ ਦਸਦੀ ਹੈ, "ਇੰਜਨ ਦੇ ਬੰਦ ਹੋਣ ਵੇਲੇ, ਤੇਰਾ ਰਾਕਟ ਪਹਿਲੋਂ ਉਪਰ ਉਡ ਰਿਹਾ ਸੀ, ਫੇਰ ਉਹ ਅਸਲੋਂ ਰੁਕ ਗਿਆ, ਉਹਨੇ ਸਿਰ ਹੇਠਾਂ ਵਲ ਕਰ ਲਿਆ ਤੇ ਹੁਣ ਉਹ ਧਰਤੀ ਉਤੇ ਡਿਗ ਰਿਹਾ ਹੈ। ਹੁਣ ਇਹ ਵਾਯੂ-ਮੰਡਲ ਦੀਆਂ ਪੀਡੀਆਂ ਤੈਹਾਂ ਵਿਚ ਜਾਵੇਗਾ। ਖ਼ਬਰਦਾਰ! ਹੁਸ਼ਿਆਰ!"

ਲਿਸ਼ਕਾਰੇ ਨੇ ਠੀਕ ਕਿਹਾ ਸੀ। ਰਾਕਟ ਨੇ, ਵਖ-ਵਖ ਪਾਸੇ ਸੂਰਜ ਵਲ ਮੋੜਦਿਆਂ, ਇਕ ਬਹੁਤ ਵਡੀ ਕੌਂਸ ਬਣਾਈ, ਤੇ ਫੇਰ, ਅਜੇ ਵੀ ਆਪਣੇ ਧੁਰੇ ਦੁਆਲੇ ਘੁੰਮਦਿਆਂ, ਹੇਠਾਂ ਉਤਰਨ ਲਗ ਪਿਆ।

ਧਰਤੀ ਉਤੇ ਡਾਕਟਰਾਂ ਨੂੰ ਵੀ ਪਤਾ ਸੀ ਕਿ ਸਭ ਤੋਂ ਖ਼ਤਰਨਾਕ ਭੇੜ ਹੁਣ ਹੋਣਾ ਸੀ। ਹੇਠਾਂ ਆਉਣ ਵੇਲੇ ਰਾਕਟ ਪੇਚਦਾਰ ਮੋੜ ਖਾਂਦਾ ਹੈ, ਹਵਾ ਵਿਚ ਇੰਜ ਡਿਗਦਾ ਹੈ, ਜਿਵੇਂ ਕੋਈ ਢੋਲ ਪਹਾੜ ਤੋਂ ਹੇਠ ਰਿੜ੍ਹ ਰਿਹਾ ਹੋਵੇ। ਰਾਕਟ ਦੇ ਅੰਦਰ ਵਾਲੇ ਲਈ ਇਹ ਘਿਨਾਉਣਾ ਤਜਰਬਾ ਹੋਣਾ ਸੀ।

ਜੇ ਕਦੀ ਪੈਰਾਸ਼ੂਟ ਛੇਤੀ ਖੁਲ੍ਹ ਜਾਣ।

ਐਨ ਇੰਜ ਹੀ ਹੋਇਆ: ਇੰਜ ਜਿਵੇਂ ਕੋਈ ਗੁਪਤ ਸੰਕੇਤ ਮਿਲਣ ਤੇ, ਅਦਿਸਵੀਆਂ ਸ਼ਕਤੀਆਂ ਨੇ ਝੁੱਟਮਾਰ ਤੇ ਪਾਲਮਾ ਉਤੇ ਹੱਲਾ ਬੋਲ ਦਿਤਾ, ਉਹਨਾਂ ਨੂੰ ਬੇਤਰਸੀ ਨਾਲ ਠੋਕਣ ਲਗ ਪਈਆਂ। ਉਹਨਾਂ ਦੀਆਂ ਛਾਤੀਆਂ ਫੁੱਲਣ ਲਗ ਪਈਆਂ, ਪਿੱਠਾਂ ਪੀੜ ਕਰਨ ਤੇ ਪਾਸੇ ਨਪੀੜੇ ਜਾਣ ਲਗ ਪਏ। ਸਿਰ ਉਤੇ ਹੋ ਰਹੀ ਠੁਕਾਈ ਨਾਲ ਉਹਨਾਂ ਦੀਆਂ ਅੱਖਾਂ ਸਾਹਵੇਂ ਹਰ ਚੀਜ਼ ਹਨੇਰੀ ਹੋ ਗਈ। ਪਿੱਠ ਉਤੇ ਹੋਈ ਠੁਕਾਈ ਨਾਲ ਲਹੂ ਉਹਨਾਂ ਦੇ ਸਿਰਾਂ ਨੂੰ ਚੜ੍ਹਨ ਲਗਾ ਤੇ ਉਹਨਾਂ ਨੂੰ ਭੰਬਰ ਤਾਰੇ ਦਿੱਸਣ ਲਗੇ। ਇੰਜ ਲਗਦਾ ਸੀ ਕਿ ਆਕਰਖਣ-ਖਿੱਚ ਦੀਆਂ ਚੰਦਰੀਆਂ ਸ਼ਕਤੀਆਂ ਸੁਆਦ ਦੇ ਉਹਨਾਂ ਕੁਝ ਪਲਾਂ ਦਾ, ਜਿਹੜੇ ਕੁਤਿਆਂ ਨੂੰ ਨਿਰਭਰਤਾ ਦੇ ਸਮੇਂ ਮਿਲੇ, ਬਦਲਾ ਲੈ ਰਹੀਆਂ ਸਨ।

ਝੁੱਟਮਾਰ ਤੇ ਪਾਲਮਾ ਸਾਰਾ ਕੁਝ ਜਰ ਗਏ, ਓਦੋਂ ਤਕ ਵੀ, ਜਦੋਂ ਕਿ ਅਭਾਵਕ ਜੰਤਰ ਸਖ਼ਤ ਹੁਝਕੇ ਨਾ ਝਲ ਸਕੇ ਤੇ ਉਹਨਾਂ ਲਿਖਣਾ ਬੰਦ ਕਰ ਦਿਤਾ।

ਡਾਕਟਰ ਓਹਲੇ ਵਿਚੋਂ ਬਾਹਰ ਭੱਜੇ। ਉਹਨਾਂ ਦੇ ਮਗਰ-ਮਗਰ ਹੋਰ ਸਨ। ਹਰ ਕੋਈ ਨਿਮਲ ਸ਼ਾਂਤ

ਆਕਾਸ਼ ਵਿਚ ਵੇਖੀ ਜਾ ਰਿਹਾ ਸੀ, ਜਿੰਨਾ ਚਿਰ ਅੱਖਾਂ ਨਾ ਪੀੜ ਕਰ ਉਠਦੀਆਂ। ਉਹ ਹੇਠਾਂ ਆ ਰਹੇ ਰਾਕਟ ਨੂੰ ਢੂੰਡ ਰਿਹਾ ਸੀ ਤੇ ਉਹ ਨਹੀਂ ਸੀ ਲਭ ਰਿਹਾ।

ਉਹਨਾਂ ਦੀਆਂ ਪੁੜਪੁੜੀਆਂ ਵਿਚ ਲਹੂ ਧੜਕ ਰਿਹਾ ਸੀ। ਰਾਕਟ ਕਿਥੇ ਸੀ, ਕਿਥੇ? ਨੀਲੇ ਅਸਮਾਨ ਵਿਚ ਧੂੰਏ ਦਾ ਇਕ ਪਤਲਾ ਜਿਹਾ ਗੁੱਛਾ ਦਿਸਿਆ। ਇਹ ਰਾਕਟ ਦੇ ਲਾਲ-ਅੰਗਿਆਰ ਹੋਏ ਸਿਰੇ ਦਾ ਮਸਾਂ-ਮਸਾਂ ਦਿਸਦਾ ਨਿਸ਼ਾਨ ਸੀ। ਉਹ ਦਿਸਦਾ ਤੇ ਫੇਰ ਅਲੋਪ ਹੋ ਜਾਂਦਾ, ਤੇ ਆਕਾਸ਼ ਇੰਜ ਸਖਣਾ ਕਰ ਜਾਂਦਾ, ਜਿਵੇਂ ਹੇਠਾਂ ਮੈਦਾਨ।

ਫੇਰ ਕਿਸੇ ਗੋਲੀ ਵਾਂਗ ਚਾਣਚਕ ਹੀ ਉਚਾਈਆਂ ਉਤੇ ਇਕ ਚਿੱਟਾ ਰੁਮਾਲ ਲਿਸ਼ਕਿਆਂ। ਉਹ ਅਲੋਪ ਨਾ ਹੋਇਆ, ਸਗੋਂ ਹੌਲੀ-ਹੌਲੀ ਪਸਰ ਕੇ ਇਕ ਚਿੱਟਾ ਬਾਦਬਾਨ ਬਣ ਗਿਆ, ਜਿਹੜਾ ਸਹਿਜੇ ਸਹਿਜੇ ਹੇਠਾਂ ਠਿੱਲਣ ਲਗਾ। ਪੈਰਾਸ਼ੂਟ ਤੇ ਉਹਦੇ ਕੀਮਤੀ ਭਾਰ ਦੇ ਗੋਲ ਗੁੰਬਦ ਦੀ ਰੇਖਾ, ਰਾਕਟ ਦਾ ਤਿਕੋਣਾ ਸਿਰਾ ਵਧੇਰੇ ਸਾਫ਼ ਦਿੱਸਣ ਲਗ ਪਿਆ।

ਸੂਰਜ ਚਮਕ ਰਿਹਾ ਸੀ ਤੇ ਚੁਪ ਛਾਈ ਹੋਈ ਸੀ। ਸਿਰਫ਼ ਕਿਤੇ ਉਪਰ ਅਸਮਾਨ ਵਿਚ ਕੋਈ ਪੰਛੀ ਚਹਿਕ ਰਿਹਾ ਸੀ।

ਲੋਕ, ਚੁਪ-ਚਾਪ ਹੀ ਮੈਦਾਨ ਦੇ ਪਾਰ ਨੱਸਣ ਲਗੇ, ਇੰਜ ਰਲ ਕੇ, ਜਿਵੇਂ ਕਿਸੇ ਪਹਿਲੋਂ ਨੀਅਤ ਸੰਕੇਤ ਤੋਂ ਬਿਨਾਂ ਨੱਸ ਰਹੇ ਹੋਣ। ਅਗੇ ਡਾਕਟਰ ਨੱਠ ਰਹੇ ਸਨ। ਉਹਨਾਂ ਦੇ ਚਿੱਟੇ ਉਤੇਰਨ ਪਰਾਂ ਵਾਂਗ ਫੁੱਲੇ ਹੋਏ ਸਨ।

ਉਹ ਬਾਦਬਾਨ ਵਲ ਭੱਜੇ।

ਭੱਜਣ ਵਾਲਿਆਂ ਨੂੰ ਪਿਛੋਂ ਆਣ ਰਲੀਆਂ ਕਾਰਾਂ ਨੇ ਹਾਰਨ ਵਜਾਏ। ਕੁਝ ਲੋਕ ਉਹਨਾਂ ਦੇ ਫੁਟਬੋਰਡਾਂ ਉਤੇ ਚੜ੍ਹ ਗਏ। ਹੋਰਨਾਂ ਨੇ ਉਹਨਾਂ ਨੂੰ ਹਥ ਹਿਲਾ ਲੰਘਾ ਦਿਤਾ। ਉਹਨਾਂ ਨੂੰ ਆਪਣੀਆਂ ਲੱਤਾਂ ਉਤੇ ਬਹੁਤਾ ਭਰੋਸਾ ਸੀ।

ਇੰਜੀਨੀਅਰਾਂ ਨੇ ਪੈਰਾਸ਼ੂਟ ਇੱਕਠਾ ਕੀਤਾ। ਡਾ: ਦਰੋਨੋਵ ਤੇ ਵਾਸੀਲੀ ਨੇ ਰਲ ਕੇ ਪੋਰਟਹੋਲ ਵਿਚ ਇਹ ਵੇਖਣ ਦੀ ਕੋਸ਼ਿਸ਼ ਕੀਤੀ ਕਿ ਮੁਸਾਫ਼ਰ ਜਿਊਂਦੇ ਸਨ ਕਿ ਨਹੀਂ।





"ਜਿਊਂਦੇ ਨੇ?" ਬੇ-ਸਬਰ ਹੋ ਪੈਰ ਮਾਰਦਿਆਂ, ਵਾਲੀਯਾ ਨੇ ਤੌਖ਼ਲੇ ਨਾਲ ਪੁਛਿਆ। "ਜਵਾਬ ਦਿਓ, ਰਬ ਦਾ ਵਾਸਤਾ ਜੇ!"

ਡਾਕਟਰਾਂ ਨੇ ਕੋਈ ਜਵਾਬ ਨਾ ਦਿਤਾ। ਉਹਨਾਂ ਛੇਤੀ ਨਾਲ ਬਾਰੀ ਖੋਲ੍ਹੀ, ਕੁਤਿਆਂ ਸਣੇ ਟਰੇ ਖਿਚ ਲਏ ਤੇ ਪੇਟੀਆਂ ਖੋਲ੍ਹ ਦਿਤੀਆਂ।

"ਬੱਲੇ! ਜਿਊਂਦੇ ਨੇ, ਜਿਊਂਦੇ!" ਵਾਲੀਯਾ ਕੂਕੀ ਤੇ ਉਹਨੇ ਇਕ ਦਾ, ਸ਼ਾਇਦ ਇਕ ਇੰਜੀਨੀਅਰ ਦਾ, ਮੋਢਾ ਝੂਣਿਆ। "ਬੱਲੇ, ਸਾਥੀਓ!"

ਇੰਜੀਨੀਅਰ, ਜਿਹਨੂੰ ਉਹ ਝੂਣ ਰਹੀ ਸੀ, ਅੱਡੀਆਂ ਭਾਰ ਬੈਠਾ ਸੀ ਤੇ ਰਾਕਟ ਉਤੇ ਹਥ ਫੇਰ ਰਿਹਾ ਸੀ। ਪ੍ਰੱਤਖ ਹੀ ਉਹ ਹੋਰ ਕੁਝ ਨਹੀਂ ਸੀ ਵੇਖ ਰਿਹਾ। ਉਹਨੇ ਵਾਲੀਯਾ ਦੀ ਆਵਾਜ਼ ਨਹੀਂ ਸੀ ਸੁਣੀ ਤੇ ਉਹ ਅੰਨ੍ਹੇ ਵਾਹ ਅੱਖਾਂ ਝਮਕ ਰਿਹਾ ਸੀ।

"ਕਮਾਲ ਦਾ ਬੰਦਾ ਏ!" ਵਾਲੀਯਾ ਨੇ ਦੁਖੇ ਹੋਏ ਲਹਿਜੇ ਵਿਚ ਆਖਿਆ। "ਉਹ ਜਿਊਂਦੇ ਨੇ, ਸਭ ਕੁਝ ਠੀਕ-ਠਾਕ ਏ।"

"ਆਹਖੋ, ਬਿਨਾਂ ਸ਼ਕ, ਬਹੁਤ ਵਧੀਆ ਗੱਲ ਏ!" ਅਖ਼ੀਰ ਉਹਨੇ ਸੁਣ ਲਿਆ ਸੀ। ਇੰਜੀਨੀਅਰ ਖਲੋ ਗਿਆ। "ਮੁਬਾਰਕਾਂ।" ਉਹਨੇ ਵਾਲੀਯਾ ਨਾਲ ਹਥ ਮਿਲਾਇਆ ਤੇ ਫੇਰ ਡਾਕਟਰਾਂ ਨਾਲ। "ਮੁਬਾਰਕਾਂ, ਮੁਬਾਰਕਾਂ! ਮਹਾਨ ਦਿਹਾੜਾ ਏ! ਮੁਆਫ਼ ਕਰਨਾ, ਮੈਂ ਜਾਣਾ ਏਂ।"

ਉਹ ਫੇਰ ਰਾਕਟ ਕੋਲ ਬਹਿ ਗਿਆ ਤੇ ਉਹਦੇ ਮੂੰਹ ਤੋਂ ਪ੍ਰੱਤਖ ਸੀ, ਉਹਨੂੰ ਤਕਲੀਫ਼ ਹੋ ਰਹੀ ਸੀ। ਡਾ: ਦਰੋਨੋਵ ਉਹਨੂੰ ਸਮਝ ਗਿਆ। ਉਤਰਾਈ ਪੂਰੀ ਸਫਲ ਨਹੀਂ ਸੀ ਰਹੀ। ਜਿਵੇਂ ਕਿ ਮਾਹਿਰ ਕਹਿੰਦੇ ਹਨ, ਉਹ ਸਖ਼ਤ ਰਹੀ ਸੀ।

ਪਰ ਇਕ ਜਾਂ ਦੂਜੀ ਤਰ੍ਹਾਂ, ਇਹਨਾਂ ਰਾਕਟ-ਇੰਜੀਨੀਅਰਾਂ ਨੇ ਚੰਗਾ ਕੰਮ ਕੀਤਾ ਸੀ। ਝੁੱਟਮਾਰ ਤੇ ਪਾਲਮਾ ਹੁਣ ਜ਼ਮੀਨ ਉਤੇ ਪਏ ਹੋਏ ਰਾਕਟ ਵਿਚ ਸਹੀ ਸਲਾਮਤ ਪਰਤ ਆਏ ਸਨ।

ਰਾਕਟ ਦੇ ਪਾਸੇ ਕਾਲੇ ਪਏ ਹੋਏ ਸਨ, ਤਪੀ ਹੋਈ ਸ਼ੈਫ਼ਟ ਉਸ ਤਰ੍ਹਾਂ ਥਾਪੜੇ ਜਾਣ ਵਾਲੀ ਸੀ, ਜਿਵੇਂ ਟੈਸਟ-ਪਾਈਲਟ ਸਭ ਕਾਸੇ ਦੇ ਬਾਵਜੂਦ ਉਤਰ ਆਉਣ ਪਿਛੋਂ ਕਾਬੂ ਵਿਚ ਨਾ ਰਹਿੰਦੇ ਹਵਾਈ ਜਹਾਜ਼ ਨੂੰ ਥਾਪੜਦਾ ਹੈ।

ਪਾਲਮਾ ਭਾਰੇ ਸਾਹ ਲੈਂਦੀ ਜ਼ਮੀਨ ਉਤੇ ਪਈ ਸੀ। ਉਹਦੀ ਲੰਮੀ ਗੁਲਾਬੀ ਜੀਭ ਲਮਕੀ ਹੋਈ ਸੀ: ਜੁ ਕੁਝ ਹੋਇਆ ਸੀ, ਉਹਦੇ ਨਾਲ ਪ੍ਰਤੱਖ ਹੀ ਉਹਦੀ ਹੋਸ਼ ਕਾਇਮ ਨਹੀਂ ਸੀ ਰਹੀ। ਪਰ, ਭ਼ੁੱਟਮਾਰ ਟਪ ਖਲੋਤਾ ਤੇ ਉਹਨੇ ਆਪਣੇ ਆਪ ਨੂੰ ਇੰਜ ਜੋਸ਼ ਨਾਲ ਛੰਡਿਆ, ਜਿਵੇਂ ਨਹਾ ਕੇ ਨਿਕਲਿਆ ਹੋਵੇ। ਨਿਘੀ ਧੁਪ, ਧਰਤੀ ਤੇ ਘ਼ਾਹ ਦੀ ਵਾਸ਼ਨਾ ਤੇ ਮੌਜ-ਭਰੀਆਂ ਪਛਾਤੀਆਂ ਆਵਾਜ਼ਾਂ ਨੇ ਉਹਦੀ ਖੁਸ਼ੀ ਦੀ ਹਦ ਨਾ ਰਹਿਣ ਦਿਤੀ। ਇਕ ਚਾਂਗਰ ਛਡ ਉਹ ਵਾਸੀਲੀ ਵਲ ਭਜਿਆ। ਉਹ ਸੂਰਜ ਦੀ ਕਿਸੇ ਮੌਜੀ ਕਿਰਨ ਵਾਂਗ ਨਚ ਕੁਦ ਰਿਹਾ ਸੀ। ਇੰਜ ਲਗਦਾ ਸੀ, ਕੋਈ ਅਜਿਹਾ ਸਪਰਿੰਗ ਖੁਲ੍ਹਦਾ ਜਾ ਰਿਹਾ ਸੀ, ਜਿਹਨੂੰ ਰੋਕਿਆ ਨਹੀਂ ਸੀ ਸਕਦਾ।

ਵਾਲੀਯਾ ਨੇ ਖੁਸ਼ੀ ਦਾ ਇਹ ਬੇ-ਮੁਹਾਰ ਨਾਚ ਵੇਖਿਆ ਤੇ ਹੱਸਣ ਲਗੀ। ਵਾਸੀਲੀ ਨੇ ਵਿਚ ਆਪਣੀ ਖਰਜਦਾਰ ਆਵਾਜ਼ ਰਲਾ ਦਿਤੀ। ਡਾ: ਦਰੋਨੋਵ ਦੀਆਂ ਅੱਖਾਂ ਡਲਕੀਆਂ। ਦੁਖੀ ਇੰਜੀਨੀਅਰ ਆਇਆ ਤੇ ਉਹ ਵੀ ਮੁਸਕਰਾ ਪਿਆ। ਫੇਰ ਹੋਰ ਤੇ ਹੋਰ ਲੋਕ ਆ ਗਏ। ਮੌਜ ਦੀ ਜਾਗ ਲਗ ਰਹੀ ਸੀ।

"ਉਹ ਵਾਈ, ਨਿੱਕਿਆ! ਰੂਸੀ ਨਾਚ ਨਚ ਕੇ ਵਿਖਾ!" ਕਿਸੇ ਨੇ ਉਚੀ ਸਾਰੀ ਆਵਾਜ਼ ਦਿਤੀ, ਤੇ ਹਰ ਕਿਸੇ ਨੇ ਵੇਖਿਆ, ਉਹ ਸਭ ਤੋਂ ਅਡੋਲ ਰਿਹਾ ਸ਼ਖ਼ਸ ਸੀ, ਰਾਕਟ ਛੱਡਣ ਦੇ ਅਮਲੇ ਦਾ ਕਮਾਂਡਰ।

ਛੇਤੀ ਹੀ ਵਾਲੀਯਾ ਨੇ ਛੋਟੀ ਜਿਹੀ ਘੰਟੀ ਵਜਾਈ ਤੇ ਨਾਚ ਬੰਦ ਹੋ ਗਿਆ। ਭ਼ੁੱਟਮਾਰ ਆਗਿਆਕਾਰੀ ਨਾਲ ਆਪਣੀ ਪਿਰਚ ਵਲ ਭਜਿਆ। ਪਾਲਮਾ ਉਠੀ ਤੇ ਉਹਦੇ ਮਗਰ ਹੋ ਪਈ। ਕੁਤਿਆਂ ਨੇ ਇੰਜ ਖਾਧਾ, ਜਿਵੇਂ ਉਹਨਾਂ ਨੂੰ ਡਾਢੀ ਭੁਖ ਲਗੀ ਹੋਵੇ। ਉਹਨਾਂ ਆਪਣਾ ਖਾਣਾ ਸਾਸੇਜ ਦੇ ਟੁਕੜਿਆਂ ਨਾਲ ਮੁਕਾਇਆ। ਸਾਸੇਜ ਦੇ ਟੁਕੜੇ ਲੈਣ ਲਈ ਭ਼ੁੱਟਮਾਰ, ਸਰਕਸ ਦੇ ਕੁੱਤੇ ਵਾਂਗ ਮੰਗਦਾ, ਪਿਛਲੀਆਂ ਟੰਙਾਂ ਉਤੇ ਖਲੋ ਗਿਆ। "ਵੇਖੋ," ਉਹ ਕਹਿੰਦਾ ਲਗਦਾ ਸੀ, "ਉਡਾਣ ਦੀਆਂ ਅਜ਼ਮਾਇਸ਼ਾਂ ਨੇ ਮੇਰੀ ਭੁਖ ਨਹੀਂ ਮਾਰ ਦਿਤੀ।"

"ਭ਼ੁੱਟਮਾਰਾ, ਤੂੰ ਵੀ ਸ਼ਤੂੰਗੜਾ ਏਂ ਕਿਸੇ ਥਾਂ ਦਾ!" ਝੂਠੀ ਮੂਠੀ ਝਿੜਕਦਿਆਂ ਸਿਰ ਹਿਲਾ, ਵਾਸੀਲੀ ਨੇ ਆਖਿਆ।

"ਕੀ, ਕਿਵੇਂ ਬੁਲਾਂਦੇ ਹੋ, ਇਹਨੂੰ," ਕਮਾਂਡਰ ਨੇ ਪੁਛਿਆ। "ਭ਼ੁਟਮਾਰ? ਇਹੋ ਜਿਹਾ ਬਹਾਦਰ, ਮੌਜੀ ਕੁੱਤਾ, ਤੇ ਤੁਸੀਂ ਇਹਨੂੰ ਭ਼ੁੱਟਮਾਰ ਸਦਦੇ ਹੋ।"

ਵਾਸੀਲੀ ਨੂੰ ਸੁਝ ਨਹੀਂ ਸੀ ਰਿਹਾ, ਕੀ ਆਖੇ। ਡਾ: ਦਰੋਨੋਵ ਉਹਨੂੰ ਬਹੁੜਿਆ।

"ਵੇਖਿਆ ਈ," ਉਹ ਸਮਝਾਣ ਲਗਾ, "ਭ਼ੁੱਟਮਾਰ ਇਹਦਾ ਪਹਿਲਾ ਨਾਂ ਸੀ। ਪਰ ਅਸਲ 'ਚ ਇਹਦਾ ਨਾਂ ਕੁਝ ਹੋਰ... ਹਿੰਮਤੀ — ਸੀ। ਹਾਂ, ਠੀਕ ਏ। ਚੰਗਾ ਲਗਦੈ, ਨਹੀਂ ਭਲਾ? ਹਿੰਮਤੀ!"

## ਸ਼ੁਹਰਤ ਦੇ ਰੰਗ

ਜਦੋਂ ਪੁਲਾੜੀ ਉਡਾਣਾਂ ਨਿਤ ਦੀ ਗੱਲ ਬਣ ਗਈਆਂ, ਲੋਕ ਉਹਨਾਂ ਜਿਗਰੇ ਵਾਲੇ ਸਕਾਊਟਾਂ ਨੂੰ ਸ਼ੁਕਰਾਨੇ ਨਾਲ ਯਾਦ ਕਰਿਆ ਕਰਨਗੇ, ਜਿਨ੍ਹਾਂ ਬ੍ਰਹਿਮੰਡ ਦਾ ਰਾਹ ਲਿਸ਼ਕਾਇਆ। "ਸ਼ੁਕਰੀਆ, ਚੁਪਾਏ ਕਾਸਮੋਨਾਟੋ !ਤੁਸੀਂ ਰਾਕਟਾਂ ਵਿਚ ਓਦੋਂ ਉਡੇ, ਜਦੋਂ ਅਜੇ ਪਹਿਲੇ ਸਪੂਤਨੀਕ ਦੀਆਂ ਵਿਉਂਤਾਂ ਬਣਾਈਆਂ ਜਾ ਰਹੀਆਂ ਸਨ। ਤੁਸੀਂ ਕੈਬਿਨ ਤੇ ਪੁਲਾੜੀ ਸੂਟਾਂ ਦੇ ਸਹੀ ਸਲਾਮਤ ਹੋਣ ਦੀਆਂ ਅਜ਼ਮਾਇਸ਼ਾਂ ਲਈ ਆਪਣੀਆਂ ਜ਼ਿੰਦਗੀਆਂ ਨੂੰ ਖ਼ਤਰੇ ਵਿਚ ਪਾਇਆ। ਤੁਸੀਂ ਆਕਰਖਣ-ਖਿੱਚ ਦੀਆਂ ਸ਼ਕਤੀਆਂ ਦਾ ਬੋਝ ਝਲਿਆ। ਤੁਸੀਂ ਆਪਣੇ ਆਪ ਨੂੰ ਨਿਰਭਾਰਤਾ ਦੀ ਭੇਤ-ਭਰੀ ਚੁਪ ਦੇ ਵੱਸ ਪਾਇਆ, ਚੁਪ, ਜਿਹੜੀ ਕਿਸੇ ਪਰੀ-ਕਹਾਣੀ ਜਾਂ ਸੁਫ਼ਨੇ ਵਰਗੀ ਹੁੰਦੀ ਏ। ਤੇ ਕਦੀ-ਕਦੀ ਤੁਹਾਨੂੰ ਉਤਰ ਆਉਣ ਪਿਛੋਂ ਇਸ ਤੋਂ ਪਹਿਲਾਂ ਕਿ ਹੇਲਕੋਪਟਰ ਪੁਜਦਾ, ਚੋਖਾ ਚਿਰ ਉਡੀਕਣਾ ਪੈਂਦਾ। ਤੇ ਫੇਰ ਇਹ ਸਾਰਾ ਕੁਝ ਨਵੇਂ ਸਿਰੋਂ ਸ਼ੁਰੂ ਹੋ ਜਾਂਦਾ: ਸਿਖਲਾਈ, ਉਡਾਣ, ਸਿਖਲਾਈ। ਤੁਹਾਡੇ ਦਿਲ ਦੀ ਇਕ-ਇਕ ਧੜਕਨ ਪੁਲਾੜੀ ਡਾਕਟਰੀ ਦੀ ਮਹਾਨ ਤੇ ਬਹੁਤ ਹੀ ਅਹਿਮ ਕਿਤਾਬ ਵਿਚ ਅੰਕ ਹੋਈ ਪਈ ਏ। ਇਹਨਾਂ ਰਿਕਾਰਡਾਂ ਤੋਂ ਵਿਗਿਆਨੀਆਂ ਨੇ ਮਨੁੱਖ ਲਈ ਮਹਿਫ਼ੂਜ਼ ਉਡਾਣ ਦੇ ਕਾਨੂੰਨ ਲੱਭੇ। ਸ਼ੁਕਰੀਆ ਤੁਹਾਡਾ!"

ਇਹ ਸੀ, ਜੁ ਕਾਸਮੋਡਰੋਮ ਤੋਂ ਇੰਸਟੀਚਿਊਟ ਆਉਂਦਿਆਂ ਰਾਹ ਵਿਚ ਵਾਸੀਲੀ ਸੋਚ ਰਿਹਾ ਸੀ।

"ਦੋਸਤੋ," ਵਾਸੀਲੀ ਦੀਆਂ ਸੋਚਾਂ ਵਿਚੋਂ ਟੁਕਦਿਆਂ ਡਾ: ਦਰੋਨੋਵ ਨੇ ਆਖਿਆ, "ਮੈਂ ਤੁਹਾਡੇ ਦੋਵਾਂ ਵਲ ਤਕਦਾ ਹਾਂ, ਅਜੇ ਵੀ ਤੁਹਾਡੀ ਉਮਰ ਕਾਫ਼ੀ ਛੋਟੀ ਏ।"

"ਇਹ ਖ਼ਿਆਲ ਕਿਸ ਤਰ੍ਹਾਂ ਆਇਆ ਜੇ?" ਵਾਲੀਯਾ ਹੈਰਾਨ ਰਹਿ ਗਈ ਸੀ।

"ਬੜੀ ਸਿੱਧੀ ਗੱਲ ਏ," ਡਾ: ਦਰੋਨੋਵ ਨੇ ਵਿਆਖਿਆ ਕੀਤੀ। "ਇਕ ਦੂਜੇ ਵਲ ਧਿਆਨ ਨਾਲ ਵੇਖੋ। ਆਪਣੇ ਨੱਕਾਂ ਉਤੇ ਉਹ ਨਿੱਕੇ-ਨਿੱਕੇ ਕਿਲ ਦਿਸਦੇ ਜੇ? ਪਿਆਰੇ ਨੌਜਵਾਨੋ, ਮੈਂ ਇਹਨਾਂ ਦੀ ਗੱਲ ਕਰ ਰਿਹਾਂ। ਇਹ ਥਿੰਮ੍ਹ ਨੇ। ਤੇ ਰੁੱਤ ਬਸੰਤ ਦੀ ਏ।" ਉਹਨੇ ਬਾਰੀ ਵਲ ਸੈਣਤ ਕੀਤੀ।

ਉਹ, ਨਿਘ ਤੇ ਚਾਨਣ ਨਾਲ ਗੜੁੱਚ ਸ਼ਹਿਰ ਵਿਚੋਂ ਲੰਘੇ। ਛੋਟੇ-ਛੋਟੇ ਬੱਚੇ ਥੜਿਆਂ ਤੇ ਬਣੀਆਂ ਛਪੜੀਆਂ ਤੋਂ ਆਰ-ਪਾਰ ਟਪ ਰਹੇ ਸਨ, ਤੇ ਹਰ ਛਪੜੀ ਵਿਚ ਸੂਰਜ ਦਾ ਅਕਸ ਡਲ੍ਹਕ ਰਿਹਾ ਸੀ। ਹਰ ਚੀਜ਼ ਲਿਸ਼ਕ ਤੇ ਝਮਝਮਾ ਰਹੀ ਸੀ, ਲੋਕਾਂ ਨੂੰ ਅੱਖਾਂ ਅਧ-ਮੀਟਣ ਉਤੇ ਮਜਬੂਰ ਕਰ ਰਹੀ ਸੀ, ਤੇ ਇੰਜ ਲਗਦਾ ਸੀ, ਜਿਵੇਂ ਕਿਸੇ ਦਲੇਰ ਚਿਤਰਕਾਰ ਨੇ ਆਪਣੇ ਬੁਰਸ਼ ਦੀ ਇਕੋ ਛੋਹ ਨਾਲ ਨੀਲੇ ਅਸਮਾਨ ਉਤੇ ਕਰੇਨਾਂ ਦੇ ਆਕਾਰ ਵਾਹ ਦਿਤੇ ਹੋਣ।

ਅੱਧੇ ਘੰਟੇ ਵਿਚ ਡਾਕਟਰ ਪ੍ਰੋਫ਼ੈਸਰ ਦੇ ਸਾਹਮਣੇ ਬੈਠੇ ਹੋਏ ਸਨ, ਤੇ ਡਾ: ਦਰੋਨੋਵ ਰਿਪੋਰਟ ਦੇ ਰਿਹਾ ਸੀ:

"ਕੁੱਤੇ ੬, ੯੫, ੩੬੦ ਫ਼ੁੱਟਾਂ ਦੀ ਉਚਾਈ ਤਕ ਗਏ। ਉਡਾਣ ਦੇ ਸਰਗਰਮ ਖੇਤਰ ਵਿਚ ਉਹਨਾਂ ਦੀ ਨਬਜ਼, ਸਾਹ ਤੇ ਖ਼ੂਨ ਦਾ ਦਬਾ ਸਾਧਾਰਨ ਤੋਂ ਵਧ ਰਿਹਾ। ਨਿਰਭਾਰਤਾ ਦੇ ਸਮੇਂ ਉਹ ਹੌਲੀ-ਹੌਲੀ

ਸਾਧਾਰਨ ਪੱਧਰ ਉਤੇ ਆ ਗਏ, ਪਰ ਲੇਬਾਰਟਰੀ ਨਾਲੋਂ ਹੌਲੀ। ਪ੍ਰੱਤਖ ਹੀ ਨਿਰਭਾਰਤਾ ਨਾਲ ਕੁੱਤੇ ਹੈਰਾਨ ਰਹਿ ਗਏ ਸਨ।"

"ਤੁਹਾਡੀ ਰਾਇ ਕੀ ਏ?"

"ਮੈਨੂੰ ਲਗਦਾ ਏ, ਉਤਰਾਈ ਵੇਲੇ, ਰਫ਼ਤਾਰ-ਘਟਾਈ ਬਹੁਤ ਹੀ ਸਾਵੀਂ-ਪਧਰੀ ਨਹੀਂ ਸੀ। ਸਾਡੇ ਕੋਲ ਅਮਲੀ ਤੌਰ 'ਤੇ ਰਿਕਾਰਡ ਕੋਈ ਨਹੀਂ। ਜੰਤਰਾਂ ਨੇ ਕੰਮ ਬੰਦ ਕਰ ਦਿਤਾ ਸੀ। ਡੀਜ਼ਾਈਨਕਾਰਾਂ ਨੂੰ ਚਾਹੀਦਾ ਏ, ਕੈਪਸੂਲ ਨੂੰ ਵਾਪਸ ਲਿਆਉਣ ਦਾ ਢੰਗ ਚੰਗੇਰਾ ਬਣਾਨ। ਜੇ ਉਹ ਕਿਸੇ ਤਰ੍ਹਾਂ ਦੇ ਹਵਾਈ ਸਪਰਿੰਗ ਜਾਂ ਕੁਝ ਹੋਰ ਬਣਾਨ, ਜਾਂ ਭਾਰੇ ਥੱਲੇ ਵਾਲੀ ਕੈਬਿਨ ਬਣਾਨ, ਜਿਹੜੀ ਆਪਣੇ ਆਪ ਨੂੰ ਸਿਧਿਆਂ ਰੱਖੇ, ਤਾਂ ਲਾਹੇਵੰਦ ਰਹੇਗਾ।"

"ਉਹਨਾਂ ਦਾ ਕੰਮ ਏ, ਬਣਾ ਲੈਣਗੇ ਉਹ," ਪ੍ਰੋਫ਼ੈਸਰ ਨੇ ਆਖਿਆ। "ਤੇਰੀਆਂ ਗੱਲਾਂ ਵਡ-ਮੁੱਲੀਆਂ ਨੇ। ਅਸੀਂ ਜ਼ਰੂਰ ਹੀ ਉਹਨਾਂ ਨੂੰ ਡੀਜ਼ਾਈਨਕਾਰਾਂ ਤਕ ਪਹੁੰਚਾ ਦੇਵਾਂਗੇ... ਕੁਤਿਆਂ ਨੂੰ ਕੋਈ ਝਰੀਟਾਂ ਜਾਂ ਰਗੜਾਂ ਲੱਗੀਆਂ ਨੇ?"

"ਨਹੀਂ, ਝੁੱਟਮਾਰ," ਡਾ: ਦਰੋਨੋਵ ਮੁਸਕਰਾਇਆ, "ਤਕੜਾ ਜਣਾ ਨਿਕਲਿਆ ਏ। ਅਸੀਂ ਉਹਦਾ ਨਾਂ ਬਦਲ ਕੇ 'ਹਿੰਮਤੀ' ਰਖ ਦਿਤਾ ਏ। ਕਿਹੋ ਜਿਹਾ ਲਗਾ ਜੇ?"

"ਇੰਸਟੀਚਿਊਟ ਨੂੰ ਕੋਈ ਉਚੇਚੀ ਹਦਾਇਤ ਨਹੀਂ ਦਿਤੀ ਜਾਵੇਗੀ," ਪ੍ਰੋਫ਼ੈਸਰ ਨੇ ਮਖ਼ੌਲ ਨਾਲ ਕਿਹਾ, "ਪਰ ਜੇ ਉਹ ਇਹਦਾ ਹੱਕਦਾਰ ਏ, ਤਾਂ ਮੈਂ ਕੋਈ ਏਤਰੇਜ਼ ਨਹੀਂ ਕਰਨ ਲਗਾ। ਚੰਗਾ ਇਹ ਬੇ-ਸ਼ਕ ਲਗਦਾ ਏ। ਅਖ਼ਬਾਰਾਂ ਤਕ ਲਈ ਵੀ ਦਿਲਚਸਪ ਏ। ਪੱਤਰ-ਪ੍ਰੇਰਕ ਏਥੇ ਰੋਜ਼ ਆ ਰਹੇ ਨੇ, ਨਵੀਂ ਹਸਤੀ ਨੂੰ ਵੇਖਣਾ ਚਾਹੁੰਦੇ ਨੇ। ਸਾਡੇ 'ਤੇ ਇੰਜ ਛਾ ਗਏ ਨੇ ਕਿ ਅਸੀਂ ਕੰਮ ਨਹੀਂ ਕਰ ਸਕਦੇ। ਹਾਂ ਸਚੀ, ਇਕ ਫ਼ਿਲਮ ਬਣਾ ਰਹੇ ਨੇ। ਚੰਗਾ ਹੋਵੇ, ਜੇ ਤੂੰ ਉਹਨਾਂ ਦੀ ਮਦਦ ਕਰ ਸਕੇਂ, ਘਟੋ ਘਟ, ਵਾਸੀਲੀ।"

ਗੱਲ-ਬਾਤ ਤੋਂ ਛੇਤੀ ਹੀ ਪਿਛੋਂ ਵਾਸੀਲੀ ਨੂੰ ਸੁਏਡ ਦੀ ਪੀਲੀ ਜੈਕਟ ਤੇ ਖੇਡ-ਟੋਪੀ ਵਾਲੇ ਇਕ ਓਪਰੇ ਆਦਮੀ ਨੇ ਆਣ ਘੇਰਿਆ।

"ਤੂੰ ਏਂ ਉਹ ਸ਼ਖ਼ਸ, ਜਿਹੜਾ ਹੁਣੇ-ਹੁਣੇ ਕਾਸਮੋਡਰੋਮ ਤੋਂ ਆਇਐ?" ਉਹਨੇ ਪੁਛਿਆ। "ਤੈਨੂੰ ਮਿਲ ਕੇ ਖ਼ੁਸ਼ੀ ਹੋਈ ਏ। ਮੇਰਾ ਨਾਂ ਕੁਲੀਕ ਏ ਮੈਂ ਕੈਮਰਾਮੈਨ ਹਾਂ। ਮੇਰਾ ਨਾਂ, ਸ਼ਾਇਦ, ਤੂੰ ਸੁਣਿਆ ਹੋਣੈਂ। ਸਾਨੂੰ ਤੇਰੀ ਮਦਦ ਚਾਹੀਦੀ ਏ, ਪਿਆਰਿਆ। ਕੁੱਤੇ ਕਿੱਥੇ ਨੇ ਤੁਹਾਡੇ? ਤੂੰ ਬੇ-ਸ਼ਕ ਹੀ ਸਾਡੀ ਮਦਦ ਕਰੇਂਗਾ।"

ਉਸ ਆਦਮੀ ਦੇ ਲਹਿਜੇ ਵਿਚ ਕੋਈ ਉਚੇਚੀ ਦ੍ਰਿੜ੍ਹਤਾ ਸੀ। ਉਹ ਆਪਣੇ ਸਵਾਲ ਵੀ ਏਡੀ ਮਨ-ਮੋਹਣੀ ਹੇਕ ਵਿਚ ਪੁਛਦਾ ਸੀ ਕਿ ਕੋਈ ਉਹਦਾ ਆਖਿਆ ਕੀਤੇ ਬਿਨਾਂ ਨਹੀਂ ਸੀ ਰਹਿ ਸਕਦਾ।

ਵਾਸੀਲੀ ਕੁੱਤੇ ਲੈ ਆਇਆ। ਕਲ੍ਹ ਦੇ ਟੈਸਟ-ਪਾਈਲਟ ਇਹਾਤੇ ਵਿਚ ਭੱਜ ਆਏ ਤੇ ਦਰਖ਼ਤਾਂ, ਇਮਾਰਤ ਦੀਆਂ ਨੁਕਰਾਂ ਤੇ ਰਾਹਵਾਂ ਨੂੰ ਸੁੰਘਣ ਲਗੇ।

"ਆਗਿਆਕਾਰ ਜਾਨਵਰਾਂ ਨਾਲ ਕੰਮ ਕਰ ਕੇ ਖ਼ੁਸ਼ੀ ਹੁੰਦੀ ਏ," ਆਪਣੇ ਕੈਮਰੇ ਤਿਆਰ ਕਰਦਿਆਂ, ਕੁਲੀਕ ਕਹਿਣ ਲਗਾ। "ਇਕ ਵਾਰੀ, ਯਾਲਟਾ 'ਚ ਮੈਂ ਇਕ ਬਾਂਦਰੀ ਦੀ ਫ਼ਿਲਮ ਖਿੱਚੀ। ਜਿਹੜੀ ਮੁਸੀਬਤ ਮੈਨੂੰ ਕਰਨੀ ਪਈ, ਤੂੰ ਸੋਚ ਵੀ ਨਹੀਂ ਸਕਦਾ। ਬਾਂਦਰੀ ਬੜੇ ਈ ਭੈੜੇ ਸੁਭਾ ਵਾਲੀ

ਨਿਕਲੀ। ਉਹਨੂੰ ਕੈਮਰੇ ਦੀ ਆਵਾਜ਼ ਨਾਲ ਗੁੱਸਾ ਚੜ੍ਹ ਜਾਂਦਾ, ਤੇ ਹਰ ਮਿੰਟ ਮੈਨੂੰ ਇੰਜ ਲਗਦਾ, ਉਹ ਮੇਰਾ ਨੱਕ ਟੁਕ ਕੇ ਲੈ ਚੱਲੀ ਸੀ। ਬੇ-ਮਤਲਬ ਟੁਟ ਕੇ ਪੈ ਜਾਂਦੀ ਸੀ। ਬਾਂਦਰੀ ਨਾਲੋਂ ਬੁਲੀ ਕੁੱਤਾ ਬਹੁਤੀ ਸੀ।"

"ਮੈਂ ਤੇਰੀ ਫ਼ਿਲਮ ਵੇਖੀ ਸੀ," ਵਾਸੀਲੀ ਨੇ ਆਖਿਆ। "ਜੇ ਮੈਨੂੰ ਗ਼ਲਤੀ ਨਹੀਂ ਲਗ ਰਹੀ, ਤਾਂ ਉਹਦਾ ਨਾਂ ਸੀ 'ਰੇਨਾ ਪੁਲਾੜ ਵਿਚ।' ਮੈਨੂੰ ਚੰਗੀ ਲਗੀ ਸੀ। ਮਹਿਸੂਸ ਹੋਣ ਲਗਦੈ, ਬਾਂਦਰ ਸਚੀ ਮੁਚੀ ਹੀ ਪੁਲਾੜ 'ਚ ਵੇਖ-ਭਾਲ ਦਾ ਕੰਮ ਕਰ ਸਕਦੇ ਨੇ,"

"ਮੇਰਾ ਖ਼ਿਆਲ ਏ, ਪਰ ਫ਼ਿਲਮ ਕਰਕੇ ਬਾਂਦਰਾਂ ਨਾਲ ਮੇਰੀ ਕਦੀ ਬਣਨ ਨਹੀਂ ਲਗੀ," ਕੁਲੀਕ ਨੇ ਭਰੋਸੇ ਨਾਲ ਦਸਿਆ। "ਮੈਨੂੰ ਖੁਸ਼ੀ ਏ, ਤੁਸੀਂ ਕੁੱਤੇ ਵਰਤਦੇ ਹੋ। ਮੈਂ ਸੁਣਿਆ ਏ; ਅਮਰੀਕਨ ਬਾਂਦਰ ਸਿਖਲਾ ਤੇ ਘਲ ਰਹੇ ਨੇ?"

"ਆਹਖੋ, ਉਹ ਬਾਂਦਰ ਚੰਗੇ ਸਮਝਦੇ ਨੇ।"

"ਮੈਂ ਸੋਚ ਸਕਦਾ ਹਾਂ, ਵਿਚਾਰਿਆਂ ਦਾ ਕਿੱਡਾ ਬੁਰਾ ਹਾਲ ਹੁੰਦਾ ਹੋਵੇਗਾ।"

"ਬਾਂਦਰ ਸਿਖਲਾਣੇ ਬਹੁਤੇ ਮੁਸ਼ਕਲ ਨੇ।" ਵਾਸੀਲੀ ਨੇ ਸੰਮਤੀ ਪ੍ਰਗਟਾਈ। "ਬਾਂਦਰ ਦਾ ਲਹੂ ਦਾ ਦਬਾ ਮਾਪਣ ਲਈ ਉਹਨੂੰ ਟੋਰੀਆਂ ਫੇਰੀਆਂ ਜਾ ਸਕਣ ਵਾਲੀਆਂ ਕੰਧਾਂ ਵਾਲੇ ਪਿੰਜਰੇ 'ਚ ਪਾਣਾ ਪੈਂਦਾ ਏ। ਨਹੀਂ ਤਾਂ ਉਹ ਸਾਰੇ ਜੰਤਰ ਤੋੜ ਕੇ ਰਖ ਦੇਂਦਾ ਏ। ਤੂੰ ਠੀਕ ਹੀ ਕਿਹਾ ਏ, ਉਹ ਬਹੁਤ ਹੀ ਛੇਤੀ ਛਿੱਥੇ ਪੈਣ ਵਾਲੇ ਜਾਨਵਰ ਨੇ। ਕਈ ਵਾਰੀ ਇੰਜ ਵੀ ਹੋਇਆ ਏ ਕਿ ਲੰਗੂਰ ਭਾਫ਼ੀ ਜਹਾਜ਼ ਦੇ ਧੂਤੂ ਦੇ ਉਚੀ ਸਾਰੀ ਵੱਜ ਪੈਣ ਨਾਲ ਮਰ ਗਏ।"

"ਸਾਡੇ ਡਾਕਟਰਾਂ ਨੇ ਠੀਕ ਕੰਮ ਕੀਤਾ," ਕੈਮਰਾਮੈਨ ਨੇ ਨਤੀਜਾ ਕਢਿਆ, "ਜਦੋਂ ਉਹਨਾਂ ਤਜਰਬੇ ਲਈ ਦੂਜੇ ਜਾਨਵਰ ਚੁਣੇ। ਕੁਤਿਆਂ ਨੂੰ ਬੁਲਾਣਾ।"

ਕੁੱਤੇ ਆਗਿਆਕਾਰੀ ਨਾਲ ਭੱਜੇ ਆਏ।

"ਇਹਦਾ ਨਾਂ 'ਹਿੰਮਤੀ' ਏ," ਵਾਸੀਲੀ ਨੇ ਆਖਿਆ। "ਤੇ ਇਹ, ਕਾਲ ਕੰਨਾਂ ਵਾਲੀ, ਪਾਲਮਾ ਏ।"

"ਸੁਣਾਓ," ਕੁਲੀਕ ਨੇ ਆਖਿਆ ਤੇ ਕੈਮਰਾ ਚੁਕ ਲਿਆ। "ਵੇਖਾਂ ਤਾਂ ਸਹੀ। ਉਹ ਹੁਣੇ ਪੁਲਾੜ ਤੋਂ ਵਾਪਸ ਆਏ ਨੇ। ਕਰਦੇ ਕੀ ਨੇ? ਖੁਸ਼ੀ ਨਾਲ ਛਾਲਾਂ ਮਾਰਦੇ ਨੇ। ਕਹੋ ਨੇ ਛਾਲਾਂ ਮਾਰਨ!"

"ਮੁਆਫ਼ ਕਰੀਂ," ਵਾਸੀਲੀ ਨੇ ਆਖਿਆ। "ਸਰਕਸ ਦੇ ਕੁੱਤੇ ਨਹੀਂ ਇਹ। ਪਰ ਹਿੰਮਤੀ ਨੇ ਛਾਲਾਂ ਜ਼ਰੂਰ ਮਾਰੀਆਂ ਸਨ। ਤੇ ਪਾਲਮਾ ਨੇ ਕਿੰਨਾ ਚਿਰ ਸੁਰਤ ਨਹੀਂ ਸੀ ਕੀਤੀ ਤੇ ਕਿਸੇ ਵੀ ਚੀਜ਼ ਵਲ ਉਕਾ ਧਿਆਨ ਨਹੀਂ ਸੀ ਦਿਤਾ।"

"ਫ਼ਿਲਮ 'ਚ ਜਾਨ ਚਾਹੀਦੀ ਏ!" ਕੁਲੀਕ ਨੇ ਜ਼ੋਰ ਦੇਂਦਿਆਂ ਆਖਿਆ। "ਚੰਗਾ ਹੋਵੇ, ਜੇ ਦੋਵੇ ਛਾਲਾਂ ਮਾਰਨ! ਨਹੀਂ ਤੇ ਫ਼ਿਲਮ ਰੁੱਖੀ ਰਹੇਗੀ। ਮੈਨੂੰ ਤੇਰੀ ਮਦਦ ਚਾਹੀਦੀ ਏ।"

"ਚੰਗਾ, ਕੋਸ਼ਿਸ਼ ਕਰਾਂਗਾ," ਵਾਸੀਲੀ ਨੇ ਬਿਨਾਂ ਬਹੁਤੇ ਉਤਸ਼ਾਹ ਤੋਂ ਆਖਿਆ। "ਝੁੱਟਮਾਰ, ਪਾਲਮਾ, ਏਧਰ ਆਓ!"

"ਝੁੱਟਮਾਰ ਕੌਣ ਏ ?" ਕੰਨ ਖੜੇ ਕਰਦਿਆਂ, ਕੁਲੀਕ ਨੇ ਪੁਛਿਆ।

"ਛੱਡ ਪਰ੍ਹਾਂ," ਵਾਸੀਲੀ ਨੇ ਉਹਨੂੰ ਯਕੀਨ ਦਵਾਇਆ। "ਹਿੰਮਤੀ ਦਾ ਪਹਿਲੋਂ ਇਹ ਨਾਂ ਹੁੰਦਾ ਸੀ। ਅਜੇ ਉਹ ਆਪਣੇ ਨਵੇਂ ਨਾਂ ਨੂੰ ਹੁੰਗਾਰਾ ਨਹੀਂ ਭਰਦਾ।"

ਪਹਿਲੋਂ ਪਹਿਲ ਕੁਤਿਆਂ ਨੂੰ ਸਮਝ ਨਾ ਲਗੀ, ਉਹਨਾਂ ਤੋਂ ਕੀ ਚਾਹਿਆ ਜਾ ਰਿਹਾ ਸੀ, ਤੇ ਹੈਰਾਨ ਹੋ ਉਹ ਆਪਣੀਆਂ ਪਿਛਲੀਆਂ ਟੰਗਾਂ ਉਤੇ ਖਲੋ ਗਏ। ਫੇਰ ਉਹ ਮਘ ਪਏ, ਟੱਪਣ ਤੇ ਛਾਲਾਂ ਮਾਰਨ ਲਗ ਪਏ, ਪਰ, ਬੇ-ਸ਼ਕ ਹੀ, ਇਹ ਝੁੱਟਮਾਰ ਦੀ ਉਸ ਝੱਲਿਆਂ ਵਾਲੀ ਖੁਸ਼ੀ ਵਰਗੀ ਕੋਈ ਚੀਜ਼ ਨਹੀਂ ਸੀ, ਜਿਹੜੀ ਉਹਨੂੰ ਘਾਹ ਵੇਖਣ ਉਤੇ ਹੋਈ ਸੀ। ਕੈਮਰਾਮੈਨ ਪ੍ਰੱਤਖ ਹੀ ਆਪਣੀ ਖਿੱਚੀ ਫ਼ਿਲਮ ਉਤੇ ਬਹੁਤਾ ਖੁਸ਼ ਨਹੀਂ ਸੀ। ਪਰ ਉਹ ਕੁਤਿਆਂ ਦੀ ਪ੍ਰਸੰਸਾ ਕਰਦਾ ਗਿਆ ਤੇ ਬਾਂਦਰਾਂ ਦੀ ਨਿੰਦਿਆ।


ਅਗਲੀ ਸਵੇਰੇ ਕੁਲੀਕ ਵਾਸੀਲੀ ਦੇ ਪਿਛੇ ਪੈ ਗਿਆ ਤੇ ਕੂਕ ਉਠਿਆ:

"ਏਡਾ ਖਜ਼ਾਨਾਂ ਕਿਉਂ ਲੁਕਾਇਆ ਸਾਈ ?! ਸ਼ੁਭ ਸਵੇਰ, ਸ਼ੁਭ ਸਵੇਰ। ਉਹ ਤਾਂ ਸਚੀ ਮੁਚੀ ਦੀ ਫ਼ਿਲਮੀ ਸਿਤਾਰਾ ਏ! ਸਮਝ ਆਈ ਆ ?"

"ਕਿਦ੍ਹੀ ਗੱਲ ਕਰ ਰਿਹਾ ਏਂ ?" ਵਾਸੀਲੀ ਨੂੰ ਸਮਝ ਨਾ ਪਈ।

"ਮੇਰੇ ਨਾਲ ਆ। ਸਾਡੇ ਲਈ ਉਹਦਾ ਨਾਲ ਸਿਖਲਾਈ ਦਾ ਦੌਰ ਲਾ ਇਕ! ਮੈਂ ਏਥੇ ਬਹੁਤੀਆਂ ਨੇੜਿਉਂ ਤਸਵੀਰਾਂ ਲਾਹੁਣ ਦੀ ਕੋਸ਼ਿਸ਼ ਕਰਾਂਗਾ। ਇਹ ਜ਼ਰੂਰ ਹੀ ਕਾਮਯਾਬ ਰਹਿਣਗੀਆਂ।"

ਏਤਰਾਜ਼ ਨਹੀਂ ਸੀ ਕੀਤਾ ਜਾ ਸਕਦਾ। ਉਹਨੇ ਡਾਕਟਰ ਨੂੰ ਪਿਛੇ ਇੰਜ ਖਿਚ ਲਿਆ, ਜਿਵੇਂ ਜਹਾਜ਼ ਖਿੱਚ ਲਿਜਾਣ ਵਾਲੀ ਬੇੜੀ ਕੋਈ ਬਜਰਾ ਖ਼ਿਚਦੀ ਹੈ। ਉਹ ਸਾਰਾ ਰਾਹ ਆਪਣੀ ਲੱਭਤ ਦੇ ਸੋਹਲੇ ਗਾਉਂਦਾ ਗਿਆ। ਪਰ ਵਾਸੀਲੀ ਨੂੰ ਸਮਝ ਨਹੀਂ ਸੀ ਪੈ ਰਹੀ, ਉਹ ਕਿਹਦੀ ਗੱਲ ਕਰ ਰਿਹਾ ਸੀ। ਅਖੀਰ ਕੁਲੀਕ ਉਸ





ਪਿੰਜਰੇ ਕੋਲ ਆਨ ਖਲੋਤਾ, ਜਿਹਦੇ ਵਿਚ ਡੱਫ਼ਰ ਨਚ-ਕੁਦ ਰਹੀ ਸੀ।

"ਉਹ ਵੇਖ," ਉਹਨੇ ਜੇਤੂ ਆਵਾਜ਼ ਵਿਚ ਆਖਿਆ। "ਉਹਨੇ ਫ਼ਿਲਮ ਨੂੰ ਮਸ਼ਹੂਰ ਬਣਾ ਦੇਣਾ ਏ। ਵੇਖ ਸਹੀ ਉਹਦੇ ਵਲ: ਦਸ ਖਾਂ ਹੈ ਕਿ ਨਹੀਂ ਫ਼ਿਲਮੀ ਸਿਤਾਰਾ। ਇਹਦੇ 'ਚ ਕੋਈ ਸ਼ਕ ਹੀ ਨਹੀਂ।"

ਉਸ ਦਿਨ ਤੋਂ ਕੁਲੀਕ ਉਤਸ਼ਾਹ ਨਾਲ ਕੰਮ ਕਰਨ ਲਗ ਪਿਆ। ਉਹ ਤੇ ਇੰਸਟੀਚਿਊਟ ਦੇ ਹੋਰ ਕਾਰਕੁਨ ਸਵੇਰੇ, ਬਾਕਾਇਦਾ ਵਕਤ ਉਤੇ, ਇੰਸਟੀਚਿਊਟ ਆਉਂਦੇ। ਉਹ ਡਾਕਟਰਾਂ ਨੂੰ ਕਹਿੰਦਾ, ਉਹ ਆਪਣਾ ਕੰਮ ਕਰੀ ਜਾਣ, ਤੇ ਉਹਦੇ ਵਲ ਕੋਈ ਧਿਆਨ ਨਾ ਦੇਣ, ਪਰ ਅਸਲ ਵਿਚ ਉਹ ਹਰ ਕਿਸੇ ਦੇ ਰਾਹ ਵਿਚ ਆ ਜਾਂਦਾ। ਉਹ ਕੈਮਰਾ ਲਈ ਫ਼ਰਸ਼ ਉਤੇ ਲੇਟ ਜਾਂਦਾ, ਜਾਂ ਛਤ ਥੱਲੇ ਕਿਸੇ ਥਾਂ ਉਤੇ ਚੜ੍ਹ ਜਾਂਦਾ, ਫ਼ਿਲਮਬੰਦੀ ਲਈ ਕੋਈ ਮੌਲਿਕ ਪੈਂਤੜਾ ਬੰਨ੍ਹਦਾ। ਫੇਰ ਉਹ ਉਹਨਾਂ ਨੂੰ ਕਹਿੰਦਾ, ਇਸ ਚੀਜ਼ ਨੂੰ ਪਰ੍ਹਾਂ ਕਰ ਲਵੋ, ਉਸ ਚੀਜ਼ ਨੂੰ ਅਗੇ ਲੈ ਆਵੋ, ਤੇ ਮਿਹਰਬਾਨੀ ਕਰ ਕੇ, ਕੀ ਲੋਕ, ਸਿਵਾਈ ਫਲਾਣੇ ਦੇ, ਪਲ ਭਰ ਲੇਬਾਰਟਰੀ ਤੋਂ ਬਾਹਰ ਨਿਕਲ ਜਾਣਗੇ? ਪਰ ਉਹਦੇ ਨਾਲ ਗੁੱਸੇ ਕੋਈ ਵੀ ਨਾ ਹੋਇਆ, ਕਿਉਂ ਜੁ ਉਹ ਆਪਣੇ ਕੰਮ ਵਿਚ ਅਸਲੋਂ ਡੁੱਬਾ ਹੋਇਆ ਸੀ।

ਉਹਨੇ ਡੱਫਰ ਦੀ ਫ਼ਿਲਮਬੰਦੀ ਹੋਰ ਹਰ ਕਿਸੇ ਨਾਲੋਂ ਬਹੁਤੀ ਕੀਤੀ। ਡਾਕਟਰ ਉਹਨੂੰ ਅਜਾਈਂ ਹੀ ਕਹਿੰਦੇ ਰਹੇ, ਕਿ ਉਹਨਾਂ ਦੀ ਰਾਇ ਵਿਚ, ਫ਼ਿਲਮ ਦੇ ਹੀਰੋ ਚੁਪਾਏ ਕਾਸਮੋਨਾਟਾਂ ਦੀ ਪੂਰੀ ਟੋਲੀ ਹੋਣ ਚਾਹੀਦੀ ਹੈ। ਕੁਲੀਕ ਨੇ ਦੁਨੀਆਂ ਅਗੇ ਇਕ ਨਵਾਂ ਸਿਤਾਰਾ ਪੇਸ਼ ਕਰਨ ਦੀ ਧਾਰੀ ਹੋਈ ਸੀ, ਸੁਹਣੇ ਮੂੰਹ ਤੇ ਪ੍ਰਗਟਾਊ ਪੂਛਲ ਵਾਲਾ ਸਿਤਾਰਾ।

"ਮੈਂ ਆਪਣਾ ਬਦਲਾ ਲੈ ਲਿਆ ਏ!" ਇਕ ਦਿਨ ਵਾਸੀਲੀ ਅਗੇ ਉਹਨੇ ਐਲਾਨ ਕੀਤਾ।

"ਮੈਨੂੰ ਸਮਝ ਨਹੀਂ ਲਗੀ," ਵਾਸੀਲੀ ਨੇ ਆਖਿਆ।

"ਰੇਨਾ, ਉਸ ਮਨ-ਮਰਜ਼ੀ ਵਾਲੀ ਤੇ ਖਚਰੀ ਨੂੰ ਅਖ਼ੀਰ ਸਜ਼ਾ ਮਿਲ ਗਈ ਏ! ਸਮਝ ਲਗੀ ਆ?" ਕੁਲੀਕ ਨੇ ਜਵਾਬ

ਦਿਤਾ। ਡਾਕਟਰ ਦੇ ਮੂੰਹ ਉਤੇ ਹੈਰਾਨੀ ਵੇਖ, ਉਹਨੇ ਵਿਆਖਿਆ ਕੀਤੀ: "ਨਹੀਂ, ਨਹੀਂ, ਮੈਂ ਕੁਝ ਨਹੀਂ ਕੀਤਾ। ਮੇਰਾ ਐਵੇਂ ਹੀ, ਰੇਨਾ ਦੀ ਸਿਖਿਅਕ, ਸੋਫ਼ੀਆ ਲੇਪ, ਨਾਲ ਮੇਲ ਹੋ ਗਿਆ ਤੇ ਉਹਨੇ ਮੈਨੂੰ ਦਸਿਆ, ਇਨਸਾਫ ਕਰ ਦਿਤਾ ਗਿਆ ਏ।"

ਕੁਲੀਕ ਨੇ ਦਸਿਆ, ਰੇਨਾ ਦੀ ਫ਼ਿਲਮ ਬਣਾ ਲਏ ਜਾਣ ਤੋਂ ਪਿਛੋਂ, ਉਹਦਾ ਸੁਭਾ ਹੋਰ ਵੀ ਭੈੜਾ ਹੋ ਗਿਆ। ਉਹ ਚਿੜਚਿੜੀ ਹੋ ਗਈ, ਰੀਹਰਸਲਾਂ ਵੇਲੇ ਸਿਖਿਅਕ ਦਾ ਆਖਾ ਨਾ ਮੰਨਦੀ, ਤੇ ਉਹਨੂੰ ਲੋਕਾਂ ਸਾਹਮਣੇ ਕਰਤਬ ਵਿਖਾਣ ਲਈ ਮਨਾਣ ਵਾਸਤੇ ਲੇਪ ਨੂੰ ਡਾਢਾ ਜਤਨ ਕਰਨਾ ਪੈਂਦਾ। ਇਕ ਤਮਾਸ਼ੇ ਵੇਲੇ ਉਹ ਪਿੜ 'ਚੋਂ ਨਿਕਲ ਭੱਜੀ ਤੇ ਉਹਨੇ ਤਿੰਨ ਬਾਵਰਦੀ ਸਹਾਇਕਾਂ ਤੇ ਡਾਇਰੈਕਟਰ ਨੂੰ ਚਕ ਵਢ ਖਾਧਾ। ਇਸ ਤਰ੍ਹਾਂ, ਉਹਦਾ ਸਰਕਸ ਦਾ ਕੰਮ ਖ਼ਤਮ ਹੋ ਗਿਆ। ਸਮਝ ਨਹੀਂ ਸਾਨੋਂ ਲਗਦੀ, ਉਹਦਾ ਕੀ ਬਣਾਣ ਤੇ ਅਖੀਰ ਉਹ ਉਹਨਾਂ ਇਕ ਸਫ਼ਰੀ ਚਿੜਿਆ-ਘਰ ਨੂੰ ਦੇ ਦਿਤੀ। ਅਖ਼ੀਰੀ ਵਾਰ ਸੋਫ਼ੀਆ ਲੇਪ ਨੇ ਉਹਨੂੰ ਓਦੋਂ ਵੇਖਿਆ ਸੀ। ਲੋਕਾਂ ਨੇ ਉਹਨੂੰ ਦਸਿਆ ਸੀ, ਰੇਨਾ ਇਕ ਬੁੱਢੇ ਸ਼ੇਰ ਬੱਬਰ, ਇਕ ਲੰਡੇ ਹਾਥੀ ਤੇ ਇਕ ਚੀਕਾਂ ਮਾਰਦੇ ਤੋਤਿਆਂ ਦੀ ਡਾਰ ਨਾਲ ਸਫ਼ਰ ਕਰ ਰਹੀ ਸੀ। ਬਾਂਦਰੀ ਮੂੰਹ ਬਣਾਂਦੀ ਸੀ ਤੇ ਕਿਸਮ-ਕਿਸਮ ਦੀਆਂ ਖੜਬਾਜ਼ੀਆਂ ਮਾਰ ਕੇ ਵਿਖਾਂਦੀ ਸੀ, ਬਚਿਆਂ ਤੋਂ ਖੰਡ ਮੰਗਦੀ ਸੀ। ਉਹ ਉਹਨੂੰ ਖੁਆ ਕੇ ਖੁਸ਼ ਹੁੰਦੇ ਨੇ। ਚਿਤ-ਚੇਤਾ ਵੀ ਨਹੀਂ ਸਾਨੇ, ਇਹ ਤਿਊੜੀਆਂ ਪਾ ਰਿਹਾ ਮਾਰਮੋਸੈਟ ਉਹੀਓ ਰੇਨਾ ਸੀ, ਜਿਹੜੀ ਪਰਦੇ ਤੋਂ ਆਪਣੇ ਸ਼ੀਸ਼ੇ ਦੇ ਖੋਲ 'ਚ ਉਹਨਾਂ ਵਲ ਝਾਕਦੀ ਰਹੀ ਸੀ...

"'ਮੁਬਾਰਕ ਹੋਈ ਓਸ ਭੂਤਨੀ ਤੋਂ ਖਲਾਸੀ 'ਤੇ!' ਮੈਂ ਸੋਫ਼ੀਆ ਲੇਪ ਨੂੰ ਆਖਿਆ," ਕੁਲੀਕ ਬੋਲਦਾ ਗਿਆ। "ਤੇ ਉਹ ਮੈਨੂੰ ਕਹਿਣ ਲਗੀ, 'ਸ਼ੁਕਰੀਆ, ਪਰ ਹੁਣ ਮੈਂ ਤੋਤੇ ਸਿਖਾ ਰਹੀ ਹਾਂ। ਤੇ ਉਹਨਾਂ ਦੀਆਂ ਚੁੰਝਾਂ ਓਨੀਆਂ ਹੀ ਖ਼ਤਰਨਾਕ ਨੇ, ਜਿੰਨੇ ਸ਼ੇਰ ਦੇ ਪੰਜੇ।' ਬੜੀ ਹੌਸਲੇ ਵਾਲੀ ਔਰਤ ਏ!"

ਇਸ ਗੱਲ ਬਾਤ ਤੋਂ ਪਿਛੋਂ ਵਾਸੀਲੀ ਦਾ ਇਸ ਸੁਰੀਲੇ ਕੈਮਰਾਮੈਨ ਨਾਲ ਮੇਲ ਨਾ ਹੋਇਆ, ਇਸ ਲਈ ਕਿ ਕੁਲੀਕ ਨੇ ਇੰਸਟੀਚਿਊਟ ਵਿਚ ਫ਼ਿਲਮਬੰਦੀ ਦਾ ਕੰਮ ਮੁਕਾ ਲਿਆ ਸੀ। ਫੇਰ ਕੁਤਿਆਂ ਨਾਲ ਆਮ ਕੰਮ ਦੇ ਦਿਨ ਤੇ ਹਫ਼ਤੇ ਲੰਘ ਗਏ। ਉਹ ਨਵੀਆਂ ਉਡਾਣਾਂ ਦੀਆਂ ਤਿਆਰੀਆਂ ਕਰ ਰਹੇ ਸਨ।

ਨਵੀਆਂ ਕਿਉਂ? ਕੀ ਲਾਈਕਾ ਦੀਆਂ ਲਭਤਾਂ ਕਾਫ਼ੀ ਨਹੀਂ ਸਨ? ਕੀ ਉਹਨਾਂ ਨੂੰ ਹਿੰਮਤੀ, ਪਾਲਮਾ ਤੇ ਹੋਰਨਾਂ ਦੇ ਸਹੀ-ਸਲਾਮਤ ਉਤਾਰਿਆਂ ਤੋਂ ਚੋਖੀ ਜਾਣਕਾਰੀ ਨਹੀਂ ਸੀ ਹੋ ਗਈ?

ਡਾਕਟਰਾਂ ਲਈ ਇਹ ਕਾਫ਼ੀ ਨਹੀਂ ਸੀ, ਭਾਵੇਂ ਪੁਲਾੜੀ ਡਾਕਟਰੀ ਦੀ ਕਿਤਾਬ ਵਿਚ ਹੁਣੇ ਹੀ ਚੋਖੇ ਸਾਰੇ ਸਫ਼ੇ ਹੋ ਗਏ ਹੋਏ ਸਨ। ਪਹਿਲਾ ਸਫ਼ਾ ਉਹਨਾਂ ੧੯੪੯ ਵਿਚ ਲਿਖਿਆ ਸੀ, ਜਦੋਂ ਸਾਡੇ ਦੇਸ ਵਿਚੋਂ ਚੁਪਾਏ ਮੁਸਾਫ਼ਰਾਂ ਵਾਲਾ ਪਹਿਲਾ ਰਾਕਟ ਛਡਿਆ ਗਿਆ ਸੀ। ਵਰ੍ਹਿਉਂ ਵਰ੍ਹੀਂ ਡਾਕਟਰ ਆਪਣੇ ਨਿਰੀਖਣ ਤੇ ਲਿਖਤਾਂ ਮੇਲਦੇ ਰਹੇ, ਉਹਨਾਂ ਨਵੇਂ ਵਿਗਿਆਨ ਦੇ ਨਿਯਮ, ਸੁਰਖਿਅਤ ਉਡਾਰੀ ਦੇ ਨਿਯਮ, ਉਲੀਕੇ। ਡਾ: ਦਰੋਨੋਵ, ਵਾਸੀਲੀ ਤੇ ਵਾਲੀਯਾ ਨੇ ਇਸ ਅਹਿਮ ਕੰਮ ਵਿਚ ਹਿੱਸਾ ਪਾਇਆ।

ਹੁਣ ਡਾਕਟਰਾਂ ਨੂੰ ਪਤਾ ਸੀ, ਕੁੱਤਿਆਂ ਦਾ ਅਦਿੱਸ ਵੈਰੀਆਂ ਦੀ ਮੌਜੂਦਗੀ ਵਿਚ ਕੀ ਵਰਤਾਰਾ ਹੁੰਦਾ ਸੀ—ਥਰਥਰੀ ਦੇ ਬੁਖ਼ਾਰ, ਆਕਰਖਣ-ਖਿੱਚ ਦੀਆਂ ਸ਼ਕਤੀਆਂ ਦੇ ਬੋਝ ਤੇ ਘਟ ਦਬਾਓ ਵੇਲੇ। ਉਹਨਾਂ ਇਹਨਾਂ ਵੈਰੀਆਂ ਦਾ ਵਖ-ਵਖ ਅਧਿਅਨ ਹੀ ਨਹੀਂ ਸੀ ਕੀਤਾ। ਫ਼ਿਲਮਾਂ ਤੇ ਰਿਕਾਰਡ ਕਰਨ ਵਾਲੇ ਜੰਤਰਾਂ

ਦੀ ਟੇਪ ਉਤੋਂ, ਉਹ ਉਡਾਣ ਦੀ ਪੂਰੀ ਤਸਵੀਰ ਵੇਖ ਸਕਦੇ ਸਨ, ਜਦੋਂ ਇਹ ਵੈਰੀ ਇਕ-ਇਕ ਕਰ ਟੈਸਟ-ਪਾਈਲਟਾਂ ਉਤੇ ਹੱਲਾ ਬੋਲਦੇ ਸਨ। ਹੁਣ ਇਹ ਨਤੀਜਾ ਕਢਿਆ ਜਾ ਸਕਦਾ ਸੀ ਕਿ ਪੁਲਾੜੀ ਉਡਾਣ ਸਿਹਤ ਲਈ ਖ਼ਤਰਨਾਕ ਨਹੀਂ ਸੀ ਤੇ ਉਹ ਬੋਝ, ਜਿਹੜਾ ਨਿਰਭਾਰਤਾ ਤੋਂ ਪਿਛੋਂ ਰਫ਼ਤਾਰ-ਘਟਾਈ ਦੇ ਸਮੇਂ ਪੈਂਦਾ ਸੀ, ਕਾਸਮੋਨਾਟ ਦਾ ਮੁਖ ਵੈਰੀ ਸੀ।

ਪਰ ਡਾਕਟਰ ਇਹ ਨਹੀਂ ਸਨ ਦਸ ਸਕਦੇ, ਕਾਸਮੋਨਾਟਾਂ ਦਾ ਪੰਜਵਾਂ ਵੈਰੀ, ਕਾਸਮਿਕ ਕਿਰਨਾਹਟ, ਕਿੰਨੀ ਕੁ ਖ਼ਤਰਨਾਕ ਸੀ। ਰਾਕਟਾਂ ਦੇ ਮੁਸਾਫ਼ਰਾਂ ਨੇ ਕਿਰਨਾਹਟ ਸਿਰਫ਼ ਥੋੜਾ ਚਿਰ ਹੀ ਝੱਲੀ ਸੀ, ਜਿਹਦਾ ਕੋਈ ਨਿਸ਼ਾਨ ਨਹੀਂ ਸੀ ਰਿਹਾ। ਲਾਈਕਾ, ਜਿਹੜੀ ਦੂਜੇ ਸਪੂਤਨੀਕ ਵਿਚ ਉਡੀ ਸੀ, ਮਾਣੋ ਕਾਸਮਿਕ ਕਿਰਨਾਹਟ ਵਿਚ ਨਹਾਤੀ ਰਹੀ ਸੀ, ਪਰ ਡਾਕਟਰ ਇਸ ਤੋਂ ਕੁਝ ਵੀ ਜਾਣ-ਬੁਝ ਨਾ ਸਕੇ, ਕਿਉਂ ਕਿ ਲਾਈਕਾ ਪਰਤੀ ਹੀ ਨਹੀਂ ਸੀ। ਡਾਕਟਰਾਂ ਦੇ ਕਾਸਮਿਕ ਕਿਰਨਾਹਟ ਦੇ ਅਸਰ ਲਭ ਸਕਣ ਦੇ ਜੋਗ ਹੋਣ ਲਈ ਕਾਸਮੋਨਾਟ ਨੂੰ ਉਡਾਣ ਤੋਂ ਪਿਛੋਂ ਚੋਖਾ ਚਿਰ ਲੇਬਾਰਟਰੀ ਵਿਚ ਦੇਖ-ਰੇਖ ਹੇਠ ਰਖਣਾ ਪੈਣਾ ਸੀ। ਪਰ ਇਹ ਨਾ ਹੋਇਆ ਤੇ ਪੰਜਵਾਂ ਅਦਿਸ ਵੈਰੀ ਅਣ-ਜਾਤਾ ਹੀ ਰਿਹਾ।

ਨਵੇਂ ਕਾਸਮੋਨਾਟ ਨੂੰ ਧਰਤੀ ਉਤੇ ਵਾਪਸ ਲਿਆਉਣਾ ਪੈਣਾ ਸੀ। ਕਿਸੇ ਨੂੰ ਵੀ ਪਤਾ ਨਹੀਂ ਸੀ, ਉਹਦਾ ਨਾਂ ਕੀ ਹੋਣਾ ਸੀ। ਜਾਂ ਨਵੇਂ ਸਪੂਤਨੀਕ ਵਿਚ ਕਿੰਨੀਆਂ ਸਵਾਰੀਆਂ ਹੋਣੀਆਂ ਸਨ, ਜਾਂ ਉਹਨੇ ਉਡਣਾ ਤਾਂ ਕਦੋਂ ਉਡਣਾ ਸੀ। ਪਰ ਹਰ ਨਵੀਂ ਸਫਲਤਾ ਨਾਲ ਅਹਿਮ ਘਟਨਾ ਨੇੜੇ ਆਉਂਦੀ ਜਾ ਰਹੀ ਸੀ।

ਇੰਸਟੀਚਿਊਟ ਦੀਆਂ ਬਾਰੀਆਂ ਹੇਠ ਚਿਪਚਪੇ, ਸੁਗੰਧਤ ਨਵੇਂ ਪੱਤੇ ਨਿਕਲ ਆਏ ਸਨ, ਪੋਪਲਰ ਦੀ ਲੂਈਂ ਨਿਕਲ ਤੇ ਅਲੋਪ ਹੋ ਚੁਕੀ ਸੀ ਤੇ ਲੀਪਾ ਦੇ ਦਰਖ਼ਤਾਂ ਦੀਆਂ ਡੋਡੀਆਂ ਦੇ ਚਟਕਣ ਤੇ ਹਵਾ ਨੂੰ ਮਿਠੀ ਮਹਿਕ ਨਾਲ ਭਰ ਦੇਣ ਦਾ ਵਕਤ ਆ ਗਿਆ ਸੀ।

ਜੁਲਾਈ ਵਿਚ ਇਕ ਦਿਨ, ਵਾਸੀਲੀ ਆਪਣੀ ਨਿਗਰਾਨੀ ਹੇਠਲੇ ਦੋ ਕੁਤਿਆਂ ਨੂੰ ਸੰਗਲੀ ਪਾਈ ਫਾਟਕ ਤੋਂ ਬਾਹਰ ਲਿਆਇਆ ਤੇ ਉਹਦੇ ਪਿਛੇ-ਪਿਛੇ ਵਾਲੀਯਾ ਇਕ ਪਿੰਜਰਾ ਚੁਕੀ ਲਿਆ ਰਹੀ ਸੀ, ਜਿਸ ਵਿਚ ਇਕ ਖਰਗੋਸ਼ ਬੇਪਰਵਾਹੀ ਨਾਲ ਕੁਝ ਚਬ ਰਿਹਾ ਸੀ।

ਇਕ ਵਾਰੀ ਫੇਰ ਖ਼ਾਸ ਹਵਾਈ ਜਹਾਜ਼ ਉਡਿਆ। ਉਹਦੀਆਂ ਸਵਾਰੀਆਂ ਨੂੰ ਇਕ ਪਤਲੇ ਰੁਪਹਿਲੀ ਰਾਕਟ ਕੋਲ ਰਾਕਟ-ਪਿੜ ਵਿਚ ਉਡੀਕਿਆ ਜਾ ਰਿਹਾ ਸੀ।

ਹਿੰਮਤੀ ਨੇ ਤਿੰਨ ਹੋਰ ਉਡਾਣਾਂ ਲਾਈਆਂ ਤੇ ਹਰ ਉਡਾਣ ਪਹਿਲੀ ਨਾਲੋਂ ਸਫਲ ਰਹੀ ਸੀ। ਰਫ਼ਤਾਰ-ਘਟਾਈ ਪਹਿਲਾਂ ਨਾਲੋਂ ਸਾਵੀਂ ਰਹੀ ਸੀ। ਜਿਵੇਂ ਕਿ ਡਾਕਟਰਾਂ ਨੇ ਆਖਿਆ, "ਮੁਸਾਫ਼ਰਾਂ ਨੂੰ ਵਾਪਸ ਲਿਆਉਣ ਦਾ ਢੰਗ ਭਰੋਸੇ-ਯੋਗ ਸਾਬਤ ਹੋਇਆ।"

ਹਿੰਮਤੀ ਦਾ ਵਰਤਾਰਾ ਕਿਸੇ ਤਜਰਬੇਕਾਰ ਕਾਸਮੋਨਾਟ ਵਰਗਾ ਸੀ। ਜਦੋਂ ਇੰਜਨ ਗੜਕਦੇ, ਉਹਨੂੰ ਅਦਿੱਸ ਦਬਾ ਯਾਦ ਆ ਜਾਂਦਾ ਤੇ ਉਹ ਪਹਿਲੋਂ ਹੀ ਆਪਣੀ ਲੰਮੂਤਰੀ ਥੂੰਨੀ ਆਪਣੇ ਪੰਜਿਆਂ ਉਤੇ ਰਖ ਲੈਂਦਾ ਤੇ ਆਰਾਮ ਵਾਲਾ ਅੰਦਾਜ਼ ਬਣਾ ਲੈਂਦਾ। ਨਿਰਭਾਰਤਾ ਦੇ ਸਮੇਂ ਪਹਿਲਾਂ ਵਾਂਗ ਹੀ ਉਹ ਧੁੱਪ ਦੇ ਲਿਸ਼ਕਾਰੇ ਨਾਲ ਖੇਡਦਾ, ਬਾਰੀ ਵਿਚੋਂ ਚਮਕੀਲੇ ਸੂਰਜ ਵਲ ਟਕ ਲਾਂਦਾ, ਤੇ ਉਹਨੂੰ ਪਿਛੋਂ ਪਤਾ ਲਗਾ ਕਿ ਅਦਿੱਸ ਮੁੱਕੇਬਾਜ਼ਾਂ ਨੇ ਆਪਣੀਆਂ ਸੱਟਾਂ ਨਰਮ ਕਰ ਦਿਤੀਆਂ ਸਨ। ਹਰ ਵਾਰੀ ਜਦੋਂ ਉਹ ਉਤਰਦਾ,

ਉਹ ਖ਼ੁਸ਼ੀ ਦਾ ਆਪਣਾ ਬੇ-ਮੁਹਾਰ ਨਾਚ ਨਚਦਾ, ਖੰਡ ਦੀਆਂ ਡਲੀਆਂ ਖਾਂਦਾ, ਆਪਣੀ ਤਸਵੀਰ ਲੁਹਾਂਦਾ ਤੇ ਫ਼ੋਟੋਗਰਾਫ਼ਰ ਨੂੰ ਆਪਣੀ ਜੀਭ ਕਢ ਵਿਖਾਂਦਾ।

ਚਿੱਟੇ ਰੰਗ ਦੇ ਹੋਰ ਛੋਟੇ-ਛੋਟੇ ਕੁਤੇ ਅਮਲੇ ਵਿਚ ਸ਼ਾਮਲ ਹੋ ਗਏ। ਉਹਨਾਂ ਦੇ ਨਾਂ ਗੋਹੜਾ ਤੇ ਮੋਤੀ ਸਨ ਤੇ ਇਕ ਚੁਪੀਤਾ ਜਿਹਾ ਖ਼ਰਗੋਸ਼ ਮਾਰਫ਼ੂਸ਼ਕਾ ਸੀ। ਕੁੱਤੇ ਤਜਰਬਾਕਾਰ ਕਾਸਮੋਨਾਟ ਨਹੀਂ ਸਨ। ਜੇ ਉਹਨਾਂ ਵਿਚੋਂ ਕੋਈ ਘਾਬਰ ਜਾਂਦਾ ਜਾਂ ਨਖ਼ਰਾ ਕਰਨ ਲਗਦਾ, ਹਿੰਮਤੀ ਘੁਰਕੀ ਛਡ ਜਾਂ ਹੌਲੀ ਜਿਹੇ ਕੰਨ ਪੁਟ ਉਹਨੂੰ ਠੀਕ ਕਰ ਲੈਂਦਾ। ਅਮਲਾ ਉਹਦਾ ਧਿਆਨ ਰਖਦਾ।

"ਏਨੀ ਯੋਗਤਾ ਕਿਥੋਂ ਆਉਂਦੀ ਨੇ ?" ਵਾਸੀਲੀ ਨੇ ਵਾਲੀਯਾ ਨੂੰ ਆਖਿਆ। "ਮਾਰਫ਼ੂਸ਼ਕਾ ਬੇ-ਪਰਵਾਹ ਜਾਨਵਰ ਏ, ਸਾਰੇ ਦਿਨ ਚੱਬਣ ਦੀ ਪਈ ਰਹਿੰਦੀ ਸੂ। ਇਸ ਅਸਮਾਨੀ ਸਕਾਊਟ ਦੇ ਕੰਨ ਖਿਚ ਲਵੋ, ਚੂੰ-ਚਰਾਂ ਨਹੀਂ ਕਰਦੀ। ਪਰ ਇਸ ਨਿੱਕੇ ਜਿਹੇ ਕੁੱਤੇ ਦਾ ਹੌਸਲਾ ਮੈਨੂੰ ਹੈਰਾਨ ਕਰ ਦੇਂਦਾ ਏ। ਵੇਖਿਆ ਹੀ, ਵਾਲੀਯਾ, ਸਾਡਾ ਝੁੱਟਮਾਰ ਹੁਣ ਸਿਰਫ਼ ਵਧੀਆ ਕਾਸਮੋਨਾਟ ਹੀ ਨਹੀਂ, ਸਚੀ ਮੁਚੀ ਦਾ ਕਮਾਂਡਰ ਵੀ ਏ। ਸਚੀ ਮੁਚੀ ਹੀ ਗੁਣਾਂ ਵਾਲਾ ਏ!"

"ਨਾ-ਨਾ," ਵਾਲੀਯਾ ਬੋਲ ਪਈ। "ਬਹੁਤੀਆਂ ਤਰੀਫ਼ਾਂ ਕਰ ਮੇਰੇ ਸਭ ਤੋਂ ਚੰਗੇ ਕਾਮੇ ਨੂੰ ਚੋੜ ਨਾ ਕਰੋ। ਵੇਖਿਆ ਜੇ, ਉਹਨੇ ਤੁਹਾਡੀ ਗੱਲ ਸੁਣ ਲਈ ਏ, ਤੇ ਮੋਤੀ ਨੂੰ, ਜਿਹੜਾ ਵਿਚਾਰਾ ਅਜੇ ਵੀ ਕੰਬੀ ਜਾ ਰਿਹਾ ਏ, ਮਘਾਣ ਲਗ ਪਿਆ ਏ।"

ਪਰ ਵਾਸੀਲੀ ਨੇ ਸਗੋਂ ਆਵਾਜ਼ ਉੱਚੀ ਕਰ ਲਈ:

"ਓਏ, ਕੁਲੀਕ, ਕੁਲੀਕ, ਅਸਲੀ ਹੀਰੋ ਤੇਥੋਂ ਰਹਿ ਗਿਐ!"

ਵਾਸੀਲੀ ਨੂੰ ਪਤਾ ਨਹੀਂ ਸੀ ਕਿ ਅਸਲੋਂ ਓਸੇ ਹੀ ਸਵੇਰੇ ਕੁਲੀਕ ਦੀ ਨਵੀਂ ਫ਼ਿਲਮ ਮਾਸਕੋ ਦੇ ਸਿਨਮਿਆਂ ਵਿਚ ਲਗ ਗਈ ਸੀ ਤੇ ਡੱਫ਼ਰ ਦਾ ਹੈਰਾਨ ਹੋਇਆ ਮੂੰਹ ਦਰਸ਼ਕਾਂ ਵਲ ਝਾਕ ਰਿਹਾ ਸੀ। ਇਕ ਪ੍ਰਦੇਸੀ ਨੇ ਹੁਣੇ ਹੀ ਇੰਸਟੀਚਿਊਟ ਨੂੰ ਫ਼ੋਨ ਕਰ ਦਿਤਾ ਸੀ:

"ਤੁਹਾਡੇ ਕੋਲ ਡੱਫ਼ਰ ਨਾਂ ਦੀ ਕੁੱਤੀ ਏ ? ਮੈਂ ਆਪਣੇ ਅਖ਼ਬਾਰ ਲਈ ਉਹਦੀਆਂ ਫ਼ੋਟੋਆਂ ਲਾਹੁਣੀਆਂ ਚਾਹੁੰਦਾ ਹਾਂ।"

"ਕਿਉਂ ਨਹੀਂ, ਆ ਜਾਓ," ਪ੍ਰੋਫ਼ੈਸਰ ਨੇ ਟੈਲੀਫ਼ੂਨ ਤੇ ਜਵਾਬ ਦਿਤਾ, ਤੇ ਉਹ ਵਿਅੰਗ ਨਾਲ ਮੁਸਕਰਾਇਆ, "ਹੁਣ ਜਦੋਂ ਡੱਫ਼ਰ ਫ਼ਿਲਮੀ ਸਿਤਾਰਾ ਬਣ ਗਈ ਏ, ਉਹਦੇ ਕੋਲ ਸਿਖਲਾਈ ਲਈ ਵਕਤ ਨਹੀਂ ਰਹਿਣਾ।"


## ਉਹ ਹੈ ਜਾਂ ਨਹੀਂ ?

ਗੇਨਾ ਕਿਸੇ ਜੇਤੂ ਦੇ ਅੰਦਾਜ਼ ਵਿਚ ਭਜਦਾ-ਭਜਦਾ ਸਮੇਲੋਵਾਂ ਦੇ ਫ਼ਲੈਟ ਵਿਚ ਵੜ ਆਇਆ।

"ਸੁੱਚ ਦਬਾ, ਛੇਤੀ ਸੁੱਚ ਦਬਾ!" ਸਾਹੋ-ਸਾਹੀ ਹੁੰਦਿਆਂ ਉਹਨੇ ਹੁਕਮ ਦਿਤਾ।

ਹਫ਼ੜਾ-ਦਫ਼ੜੀ ਵਿਚ ਬੋਰੀਯੇ ਨੇ ਬੱਤੀ ਦਾ ਸੁੱਚ ਦਬਾ ਦਿਤਾ।

"ਇਹਦਾ ਨਹੀਂ, ਮੂਰਖਾ, ਟੈਲੀਵੀਅਨ ਦਾ ਦਬਾ ਸੂ, ਰੈਗਸ ਏ ਓਥੇ।"



"ਰੈਗਸ ? ਕਿਵੇਂ ? ਕਿਉਂ ?" ਬੋਰੀਆ ਪੁਛਣਾ ਚਾਹੁੰਦਾ ਸੀ, ਪਰ ਕੁਝ ਵੀ ਕਹਿਣ ਦਾ ਵਕਤ ਨਹੀਂ ਸੀ। ਉਹ ਸੈਟ ਵਲ ਭਜਿਆ ਤੇ ਮੁੱਠਾ ਘੁਮਾਣ ਲਗ ਪਿਆ।

"ਅਸੀਂ ਪੁਲਾੜੀ ਖੋਜ ਦੇ ਇੰਸਟੀਚਿਊਟ ਦੇ ਇਕ ਕਮਰੇ 'ਚ ਹਾਂ," ਅਨਾਊਂਸਰ ਦੀ ਆਵਾਜ਼ ਦਸ ਰਹੀ ਸੀ। ਤਸਵੀਰ ਕੋਈ ਨਹੀਂ ਸੀ। ਪਰਦੇ ਉਤੇ ਰੌਸ਼ਨੀ ਦੀਆਂ ਪੱਟੀਆਂ ਦੌੜ ਰਹੀਆਂ ਸਨ। ਚਾਣਚਕ ਹੀ ਉਹ ਅਲੋਪ ਹੋ ਗਈਆਂ। ਚਿੱਟੇ ਉਤੇਰਨਾਂ ਵਾਲੇ ਕੁਝ ਲੋਕ ਸਾਹਮਣੇ ਆਏ। ਇਕ ਤਰ੍ਹਾਂ ਦੀ ਡੋਲਦੀ ਮਸ਼ੀਨ ਉਤੇ ਪੈਰਾਸ਼ੂਟਿਸਟ ਦੀ ਪੋਸ਼ਾਕ ਪਾਈ ਇਕ ਕੁੱਤਾ ਬੈਠਾ ਸੀ। ਉਹਦੀ ਰੈਗਸ ਵਰਗੀ ਲੰਮੀ ਪਤਲੀ ਥੁੰਨੀ ਸੀ।

"ਉਹ ਵੇ ?" ਗੇਨੇ ਨੇ ਖੁਸਰ-ਫੁਸਰ ਕੀਤੀ।

ਬੋਰੀਯੇ ਨੇ ਸ਼ੱਕ ਨਾਲ ਸਿਰ ਹਿਲਾਇਆ। ਲੰਮੀ, ਚੰਗੀ ਸੰਭਾਲੀ ਹੋਈ ਜੱਤ ਵਾਲਾ ਉਹ ਕੁੱਤਾ ਕੁਝ ਬਹੁਤ ਹੀ ਚੁਪੀਤਾ ਤੇ ਠਹਿਰਿਆ-ਠਹਿਰਿਆ ਲਗਦਾ ਸੀ।

"ਹਿੰਮਤੀ ਸਿਖਲਾਈ ਲੈ ਰਿਹੈ," ਅਨਾਊਂਸਰ ਨੇ ਆਖਿਆ। ਫੇਰ ਬੋਰੀਯੇ ਨੇ ਪਕਿਆਈ ਨਾਲ ਆਖਿਆ, "ਨਹੀਂ, ਇਹ ਉਹ ਨਹੀਂ ..."

ਫੇਰ ਉਹ ਇਕ ਛੋਟੇ ਜਿਹੇ ਮੌਜੀ ਕੁੱਤੇ ਨੂੰ ਵੇਖ-ਵੇਖ ਹੱਸਦੇ ਰਹੇ। ਕੁੱਤਾ, ਵਡੇ-ਵਡੇ ਹਸਾਉਣੇ ਕੰਨਾਂ ਨੂੰ ਹਿਲਾਂਦਾ, ਟਪੋਸੀਆਂ ਮਾਰਦਾ ਤੇ ਤਮਾਸ਼ੇ ਕਰ-ਕਰ ਵਿਖਾਂਦਾ।

ਚਾਣਚਕ ਹੀ ਲੰਮਾ ਪਤਲਾ ਮੂੰਹ ਫੇਰ ਸਾਹਮਣੇ ਆ ਗਿਆ। ਕੁੱਤਾ ਰਾਕਟ ਦੇ ਅੰਦਰ ਬੈਠਾ ਸੀ ਤੇ ਸਿਰ ਘੁਮਾਂਦਾ ਧੁੱਪ ਦੇ ਲਿਸ਼ਕਾਰੇ ਦਾ ਇਕ ਧੱਬਾ ਵੇਖ ਰਿਹਾ ਸੀ, ਜਿਹੜਾ ਬਾਰੀ ਵਿਚੋਂ ਅੰਦਰ ਕੁਦ ਆਇਆ ਸੀ। ਉਹਦੇ ਮੂੰਹ ਉਤੇ ਇੰਜ ਅਨੰਤ ਵਸਾਹ ਤੇ ਉਤਸੁਕਤਾ ਚਿਤਰੀ ਹੋਈ ਸੀ ਕਿ ਉਹ ਸਿਰਫ਼ ਰੈਗਸ ਹੀ ਹੋ ਸਕਦਾ ਸੀ।

"ਉਹੀਉ ਏ!" ਬੋਰੀਯਾ ਕੁਰਸੀ ਤੋਂ ਟੱਪ ਪਿਆ। "ਉਹੀਉ ਏ! ਚੱਲਣ ਦੀ ਕਰੀਏ ਇੰਸਟੀਚਿਊਟ ਨੂੰ!"

"ਇੰਸਟੀਚਿਊਟ ਨੂੰ ?" ਗੇਨੇ ਨੇ ਪੁਛਿਆ। "ਸਾਨੂੰ ਠੁੱਡੇ ਮਾਰ ਕੇ ਬਾਹਰ ਕਢ ਦੇਣਗੇ।"

"ਫੇਰ ਕੀ ਕਰੀਏ ? ਹਥ 'ਤੇ ਹਥ ਧਰ ਬੈਠੇ ਰਹੀਏ ?"

"ਕੋਈ ਨਾ ਕੋਈ ਤਰੀਕਾ ਸੋਚਣਾ ਚਾਹੀਦਾ ਏ। ਚਲ ਲਿਊਬਾ ਨੂੰ ਬੁਲਾਈਏ!"

ਉਹਨੇ ਬਾਰੀ ਹੇਠ ਰੇਤ ਦੇ ਪੇਟੀ ਵਿਚ ਖੇਡ ਰਹੇ ਇਕ ਛੋਟੇ ਜਿਹੇ ਗੋਭਲੇ ਮੁੰਡੇ ਨੂੰ ਆਖਿਆ, ਉਹ ਜਾ ਕੇ ਲਿਊਬਾ ਨੂੰ ਬੁਲਾ ਲਿਆਵੇ। ਮਾਅਰਕਿਆਂ ਦੀ ਪ੍ਰੇਮਣ ਫਟਾਫਟ ਆਣ ਪੁੱਜੀ।

"ਪਤਾ ਸੀ ਮੈਨੂੰ, ਪਤਾ ਸੀ ਮੈਨੂੰ," ਕਮਰੇ ਵਿਚ ਵੜਦਿਆਂ ਉਹਨੇ ਬੜਬੜ ਕੀਤੀ। "ਮੈਂ ਜਾ ਰਹੀ ਸਾਂ, ਤੇ ਆਪਣੇ ਆਪ ਨੂੰ ਕਹਿ ਰਹੀ ਸਾਂ, 'ਕੁਝ ਨਾ ਕੁਝ ਹੋਣ ਵਾਲਾ ਏ।' ਤੇ ਉਹ ਹੋ ਪਿਆ!"

"ਬਹਿ ਜਾ," ਇਕ ਕੁਰਸੀ ਵਲ ਸੈਣਤ ਕਰਦਿਆਂ, ਬੋਰੀਯੇ ਨੇ ਸਖ਼ਤੀ ਨਾਲ ਆਖਿਆ।

ਲਿਊਬਾ ਮਸਕੀਨ ਹੋ ਬਹਿ ਗਈ।

"ਸੁਣ, ਅਸੀਂ ਅਜ ਸ਼ੁਰੂ ਕਰਦੇ ਹਾਂ। ਤੈਨੂੰ ਪਵੇਗਾ..."

ਖਿਲਰੇ ਵਾਲਾਂ ਵਾਲੇ ਤਿੰਨ ਸਿਰ ਮਹੱਲੇ ਦੇ ਨਕਸ਼ੇ ਉਤੇ ਉੜ੍ਹ ਗਏ।

ਇਕ ਘੰਟਾ ਪਿਛੋਂ, ਲਿਊਬਾ ਦੀ ਲਾਲ ਫ਼ਰਾਕ ਇਹਾਤਿਆਂ ਵਿਚੋਂ ਉਡਦੀ ਵੇਖੀ ਗਈ। ਉਹ ਭੱਜੀ-ਭੱਜੀ ਇਮਾਰਤ ਦੇ ਇਕ ਵਡੇ ਬੂਹੇ ਅੰਦਰ ਜਾ ਵੜੀ ਤੇ ਮਿੰਟ ਪਿਛੋਂ ਛਾਲਾਂ ਮਾਰਦੀ ਬਾਹਰ ਆ ਗਈ। ਉਹਨੇ ਹਥ ਵਿਚ ਬਾਲਟੀ ਚੁਕੀ ਫਿਰਦੀ ਇਕ ਕੁੜੀ ਦੇ ਕੰਨ ਵਿਚ ਕੁਝ ਆਖਿਆ, ਤੇ ਭਜ ਗਈ।

ਉਹ ਬਾਜ਼ਾਰੋਂ ਚੀਜ਼ਾਂ ਖਰੀਦ ਕੇ ਲਿਆਉਣ ਵਾਲਾ ਬੁਗਚਾ ਚੁਕੀ ਲਿਆਂਦੀ ਇਕ ਬੁੱਢੀ ਨੂੰ ਮਿਲੀ। ਲਿਊਬਾ ਉਹਦੇ ਨਾਲ ਗੱਲਾਂ ਕਰਨ ਲਗ ਪਈ, ਏਥੋਂ ਤਕ ਕਿ ਉਹਦਾ ਬੁਗਚਾ ਇਮਾਰਤ ਦੇ ਵੱਡੇ ਬੂਹੇ ਤਕ ਚੁਕ ਲਿਆਈ। ਬੁੱਢੀ ਉਚਾ ਸੁਣਦੀ ਸੀ ਤੇ ਕਿੰਨਾ ਹੀ ਚਿਰ ਉਹਨੂੰ ਸਮਝ ਨਾ ਪੈ ਸਕੀ, ਜੁ ਲਿਊਬਾ ਸਮਝਾਣਾ ਚਾਹੁੰਦੀ ਸੀ। ਪਰ ਜਿੰਨਾ ਚਿਰ ਉਹਦੀ ਗੱਲ ਸਮਝ ਨਾ ਪੈ ਗਈ, ਲਿਊਬਾ ਲੱਗੀ ਹੀ ਰਹੀ, ਤੇ ਫੇਰ ਇਮਾਰਤ ਅੰਦਰ ਜਾ ਵੜੀ।

ਇਕ ਇਮਾਰਤ ਵਿਚ ਲਿਊਬਾ ਨਾਲੋਂ ਲੰਮਾ ਤਗੜਾ ਇਕ ਮੁੰਡਾ ਉਹਨੂੰ ਇਹਾਤੇ ਵਿਚ ਵੜਨ ਨਹੀਂ ਸੀ ਦੇਂਦਾ। ਪਰ ਕੁੜੀ ਨੇ ਉਹਨੂੰ ਕੁਝ ਆਖਿਆ। ਜਿਸ ਪਿਛੋਂ ਮੁੰਡੇ ਨੇ ਬਾਹਵਾਂ ਮਾਰਨੀਆਂ ਬੰਦ ਕਰ ਦਿਤੀਆਂ, ਅੱਡੀਆਂ ਭਾਰ ਬਹਿ ਗਿਆ ਤੇ ਰੇਤ ਉਤੇ ਇਕ ਤਰ੍ਹਾਂ ਦੀ ਵਿਉਂਤ ਬਣਾਣ ਲਗ ਪਿਆ। ਉਹਨਾਂ ਇਹਾਤੇ ਦੁਆਲੇ ਰਲ ਕੇ ਵੇਖਿਆ ਤੇ ਇਮਾਰਤ ਦੇ ਵਖ-ਵਖ ਵਡੇ ਬੂਹਿਆਂ ਅੰਦਰ ਵੜੇ, ਜਿਥੇ ਮੁੰਡੇ ਨੇ ਲਿਊਬਾ ਨੂੰ ਕੁਝ ਬੂਹੇ ਵਿਖਾਏ ਤੇ ਓਥੇ ਲਿਊਬਾ ਨੇ ਪੋਸਟ ਬਾਕਸਾਂ ਵਿਚ ਇਕ-ਇਕ ਲਫ਼ਾਫ਼ਾ ਸੁਟ ਦਿਤਾ।

ਚਿਰਾਕੀ ਸ਼ਾਮ ਤਕ ਲਿਊਬਾ ਦੀ ਲਾਲ ਫ਼ਰਾਕ ਇਹਾਤਿਆਂ ਵਿਚ ਉਡਦੀ ਫਿਰਦੀ ਰਹੀ।

ਉਸ ਦਿਨ ਪੈਲੀ ਦੁਆਲੇ ਬਣੀਆਂ ਇਮਾਰਤਾਂ ਦੇ ਕਿੰਨਿਆਂ ਹੀ ਮੁੰਡਿਆਂ ਕੁੜੀਆਂ ਨੇ ਇਹ ਨੋਟਿਸ ਮਿਲਿਆ :

"ਜੇ ਤੁਸੀਂ ਇਸ ਗੱਲ ਨੂੰ ਅਹਿਮ ਸਮਝਦੇ ਹੋ ਕਿ ਪਹਿਲੋਂ ਚੰਨ ਉਤੇ ਕੌਣ ਪਹੁੰਚੇਗਾ, ਜੇ ਤੁਸੀਂ ਵਿਗਿਆਨ ਤੇ ਕਾਸਮੋਨਾਟਾਂ ਦੇ ਦੋਸਤ ਹੋ, ਤਾਂ ਕਲ੍ਹ ੧੧ ਵਜੇ ਆਪਣੇ ਕੁੱਤੇ ਲੈ ਕੇ 'ਗੁਲਾਬ ਮਾਰਗ' ਪਹੁੰਚ ਜਾਓ। ਓਥੇ ਤੁਹਾਨੂੰ **ਲਿਊਗੇਬੋ** ਦਾ ਅਮਲਾ ਮਿਲੇਗਾ।"



ਗੁਲਾਬ ਮਾਰਗ ਦਾ ਨਾਂ ਇਸ ਕਰ ਕੇ ਪੈ ਗਿਆ ਸੀ ਕਿ ਓਥੇ ਮੁਖ ਕਿਆਰੀ ਵਿਚ ਗੁਲਾਬ ਦਾ ਇਕ ਬਹੁਤ ਹੀ ਵਡਾ ਬੂਟਾ ਲਗਾ ਹੋਇਆ ਸੀ। ਅਗਸਤ ਮਹੀਨੇ ਦੇ ਉਸ ਧੁਪਿਆਲੇ ਦਿਨ ੧੧ ਵਜੇ ਤਕ ਮਾਰਗ ਨਿਤ ਵਾਂਗ ਹੀ ਲਗਦਾ ਸੀ। ਬਾਲ ਆਪਣੀਆਂ ਪਰਾਮਾਂ ਵਿਚ ਚੈਨ ਨਾਲ ਸੁੜਕ ਰਹੇ ਸਨ। ਖਿਡਾਵੀਆਂ ਤੇ ਦਾਦੀਆਂ ਸ਼ਰਾਰਤੀ ਬਚਿਆਂ ਨੂੰ ਗੇਂਦ ਕਿਆਰੀਆਂ ਵਿਚ ਸੁੱਟਣ ਉਤੇ ਝਾੜ ਰਹੀਆਂ ਸਨ। ਪਿਨਸ਼ਨੀਏ ਉਂਘਲਾ ਰਹੇ ਸਨ, ਉਹਨਾਂ ਦੇ ਮੂੰਹ ਅਖ਼ਬਾਰਾਂ ਨਾਲ ਕੱਜੇ ਹੋਏ ਸਨ। ਡੋਮੀਨੋ ਦੇ ਖਿਡਾਰੀ, ਸਭ ਕਾਸੇ ਤੋਂ ਬੇਪਰਵਾਹ ਹੋ ਆਪਣੇ ਪਾਸੇ ਠਾਹ-ਠਾਹ ਮੇਜ਼ ਉਤੇ ਮਾਰ ਰਹੇ ਸਨ।

ਮਾਨੋ ਜਿਵੇਂ ਕਿਸੇ ਭੁਚਾਲ ਦੇ ਝਟਕੇ ਨਾਲ ਇਹ ਝਾਕੀ ਅਸਲੋਂ ਬਦਲ ਕੇ ਰਹਿ ਗਈ। ਪਿਨਸ਼ਨੀਆਂ ਨੇ ਆਪਣੇ ਆਪ ਨੂੰ ਝੂਣਿਆਂ ਤੇ ਤ੍ਰਬਕ ਕੇ ਬੈਂਚਾਂ ਤੋਂ ਉਠ ਖਲੋਤੇ, ਖਿਡਾਵੀਆਂ ਨੇ ਬਚਿਆਂ ਨੂੰ ਝਿੜਕਣਾ ਬੰਦ ਕਰ ਦਿਤਾ, ਤੇ ਡੋਮੀਨੋ ਦੇ ਖਿਡਾਰੀਆਂ ਦੇ ਹਥ ਗੀਟਿਆਂ ਨੂੰ ਫਾਂਹ ਮਾਰਨ ਦੇ ਅੰਦਾਜ਼ ਵਿਚ, ਹਵਾ ਵਿਚ ਹੀ ਜੰਮ ਗਏ। ਜੇ ਬੈਂਚ ਹਿਲਾਏ ਜਾ ਸਕਦੇ ਤਾਂ ਉਹ ਅਨੋਖਾ ਜਲੂਸ ਵਿਖਾਣ ਲਈ ਦੂਜੇ ਪਾਸੇ ਕਰ ਲਏ ਜਾਂਦੇ, ਜਲੂਸ ਜਿਹੜਾ ਮਾਰਗ ਨੂੰ ਰੌਲੇ ਤੇ ਭੌਂ-ਭੌਂ ਨਾਲ ਭਰਦਾ ਮਾਰਚ ਕਰਦਾ ਆ ਰਿਹਾ ਸੀ। ਧੁੰਪ-ਸੰਵਾਲਾਏ ਚਿਹਰਿਆਂ ਵਾਲੇ ਕੋਈ ਵੀਹ ਮੁੰਡੇ ਮਾਣ ਮਹਿਸੂਸ ਕਰਦੇ ਆਮ ਡੱਗ ਕੁਤਿਆਂ, ਹਸਕੀਆਂ, ਬਾਕਸਰਾਂ, ਅਲਸੇਸ਼ੀਅਨ ਤੇ ਏਥੋਂ ਤਕ ਕਿ ਪਤਲੀਆਂ-ਪਤਲੀਆਂ ਟੰਙਾਂ ਉਤੇ ਵਲ ਖਾਂਦੇ ਲਾਡਲੇ ਕੁਤਿਆਂ ਨੂੰ ਸੰਗਲੀਆਂ ਪਾਈ ਲਿਆ ਰਹੇ ਸਨ। ਲਾਲ ਫ਼ਰਾਕ ਵਾਲੀ ਇਕ ਕੁੜੀ ਤੇ ਦੋ ਮੁੰਡੇ ਜਲੂਸ ਦੇ ਅਗੇ-ਅਗੇ ਸਨ। ਕੁੱਤੇ ਸਿਰਫ਼ ਉਹਨਾਂ ਕੋਲ ਹੀ ਨਹੀਂ ਸਨ।

"ਲਗਦੈ, ਜਿਵੇਂ ਕੁਤਿਆਂ ਦੀ ਨੁਮਾਇਸ਼ ਲਾਣ ਲਗੇ ਨੇ," ਇਕ ਬੁੱਢੀ ਨੇ ਆਖਿਆ।

"ਜਾਪਦਾ ਇੰਜ ਹੀ ਏ।"

"ਪਰ ਜੱਜ ਕਿਥੇ ਨੇ?"

"ਉਹ ਤਿੰਨ ਹੀ ਹੋਣਗੇ, ਜਿਹੜੇ ਅੱਗੇ ਨੇ।"

ਵੇਖਣ ਵਾਲਿਆਂ ਨੂੰ ਬਹੁਤੀ ਗ਼ਲਤੀ ਨਹੀਂ ਸੀ ਲਗੀ। ਇਹ ਨਿਰਸੰਦੇਹ ਹੀ **ਲਿਊਗੇਬੋ** — ਲਿਊਬਾ, ਗੇਨੇ ਤੇ ਬੋਰੀਯੇ — ਦਾ ਉਦਮ ਸੀ। ਭੇਤ-ਭਰੇ ਸੱਦਾ-ਪੱਤਰ ਉਹਨਾਂ ਹੀ ਘੱਲੇ ਸਨ। ਇਕੋ ਦਿਨ ਵਿਚ ਸਾਰੇ ਕੁਤਿਆਂ ਵਾਲਿਆਂ ਦੇ ਨਾਂ ਤੇ ਪਤੇ ਲੱਭਣ ਲਈ ਲਿਊਬਾ ਦੀ ਸਾਰੀ ਹੀ ਜੁਗਤ ਕੰਮ ਆ ਗਈ ਸੀ। ਤੇ ਏਥੇ ਉਹ ਸਾਰੇ ਪੁੱਜੇ ਹੋਏ ਸਨ।

**ਲਿਊਗੇਬੋ** ਦੀ ਵਿਉਂਤ ਬਹੁਤ ਹੀ ਸਿੱਧੀ-ਸਾਦੀ ਸੀ। ਗੁਲਾਬ ਮਾਰਗ ਤੋਂ ਉਹ ਪੁਲਾੜੀ ਖੋਜ ਦੇ ਇੰਸਟੀਚਿਊਟ ਜਾਣਗੇ ਤੇ ਕਹਿਣਗੇ: "ਅਸੀਂ ਤੁਹਾਡੇ ਲਈ ਕੁਝ ਕੁੱਤੇ ਲਿਆਏ ਹਾਂ। ਜੇ ਬਾਹਰਲੇ ਪੁਲਾੜ ਦੀ ਖੋਜ ਲਈ ਉਹਨਾਂ ਦੀ ਲੋੜ ਹੋਵੇ, ਅਸੀਂ ਉਹਨਾਂ ਨੂੰ ਤੁਹਾਡੇ ਹਵਾਲੇ ਕਰ ਦਿਆਂਗੇ। ਤੇ ਮਿਹਰਬਾਨੀ ਕਰਕੇ ਸਾਨੂੰ ਰੈਗਸ ਵਿਖਾ ਦਿਓ।"

ਬੋਰੀਯੇ ਨੇ **ਲਿਊਗੇਬੋ** ਪਲਾਨ ਦੇ ਮਹਾਨ ਨਿਸ਼ਾਨੇ ਉਤੇ ਵਿਸਥਾਰ ਨਾਲ ਚਾਨਣਾ ਪਾਇਆ। ਪਰ ਉਹਨੇ ਰੈਗਸ ਦਾ ਨਾਂ ਨਾ ਲਿਆ।

"ਆਪਣੇ ਕੁੱਤੇ ਉਹਨਾਂ ਨੂੰ ਦੇਣ ਲਈ ਤਿਆਰ ਹੋ?" ਉਹਨੇ ਪੁਛਿਆ।

"ਬੇ-ਸ਼ਕ, ਤਿਆਰ ਹਾਂ!" ਪੂਛਲਾਂ ਹਿਲਾ ਰਹੇ ਆਪਣੇ ਕੁਤਿਆਂ ਵਲ ਉਦਾਸੀ ਨਾਲ ਟਕ ਲਾ ਵੇਖਦਿਆਂ ਕੁਤਿਆਂ ਦੇ ਮਾਲਕਾਂ ਨੇ ਜਵਾਬ ਦਿਤਾ।

"ਠੀਕ ਏ। ਅਸੀਂ ਸਭ ਤੋਂ ਵਧੀਆ ਵਾਲੇ ਚੁਣਨੇ ਨੇ। ਅਖ਼ੀਰ, ਉਹਨਾ ਬਾਹਰਲੇ ਪੁਲਾੜ 'ਚ ਉਡਣਾ ਏ।"

ਗੇਨੇ ਨੇ ਉਹਨਾਂ ਦੀ ਕਤਾਰ ਬਣਾਈ, ਲਿਊਬਾ ਨੇ ਕੁਤਿਆਂ ਦੇ ਨਾਂ ਲਿਖੇ ਤੇ, ਬੋਰੀਯੇ ਦੀ ਰਾਇ ਅਨੁਸਾਰ, ਹਰ ਇਕ ਨੂੰ ਇਕ ਜਮ੍ਹਾਂ ਜਾਂ ਨਫ਼ੀ ਦਿਤੀ। ਬੋਰੀਯਾ ਭਵਿੱਖ ਦੀਆਂ ਉਘੀਆਂ ਹਸਤੀਆਂ ਨੂੰ ਡਾਢਾ ਪਰਖ ਰਿਹਾ ਸੀ। ਪਤਾ ਇਹ ਲਗਾ ਕਿ ਉਹਨਾਂ ਵਿਚੋਂ ਅਧਿਆਂ ਦੇ ਨਾਂ ਬ੍ਰਹਿਮੰਡੀ ਸਨ। ਅਗੜ-ਪਿੱਛੜ ਸ਼ੁੱਕਰ, ਮੰਗਲ ਤੇ ਪਲੂਟੋ ਆਏ। ਦੋ ਰਾਕਟ ਸਨ ਤੇ ਏਥੋਂ ਤਕ ਕਿ ਇਕ ਸਪੂਤਨੀਕ ਵੀ। ਸਮੁੱਚੇ ਤੌਰ ਉਤੇ, ਬੋਰੀਯਾ ਮੁਆਇਨੇ 'ਤੇ ਖ਼ੁਸ਼ ਸੀ। ਪਰ ਲੰਮੇ ਵਾਲਾਂ ਵਾਲਾ





ਇਕ ਸਕਾਚ ਟੈਰੀਅਰ ਵੇਖ, ਉਹਨੇ ਨਕ ਸੁੰਗੇੜ ਲਿਆ। ਉਹਨੂੰ ਉਹ ਗੌਣ ਯਾਦ ਸੀ, ਜਿਹੜਾ ਮੁੰਡਿਆਂ ਨੇ ਕੁਤਿਆਂ ਦੀ ਨੁਮਾਇਸ਼ 'ਤੇ ਗੌਂਇਆ ਸੀ, "ਕੁੱਤੇ ਦੀਆਂ ਮੁੱਛਾਂ, ਨਾਲੇ ਦਾੜ੍ਹੀ, ਹਾ-ਹਾ, ਹੀ-ਹੀ..."

"ਕਾਂ-ਡਰਾਵਾ। ਸਾਨੂੰ ਇਸ ਕਿਸਮ ਦੇ ਨਹੀਂ ਚਾਹੀਦੇ," ਮੱਥਾ ਵੱਟ ਬੋਰੀਯੇ ਨੇ ਮਾਲਕਨ ਨੂੰ ਕਿਹਾ। ਉਹ ਪੀਲੇ ਕਪੜਿਆਂ ਵਾਲੀ ਇਕ ਕੁੜੀ ਸੀ।

"ਤੈਨੂੰ ਇਸ ਤਰ੍ਹਾਂ ਕਹਿਣ ਦਾ ਕੋਈ ਹੱਕ ਨਹੀਂ!" ਕੁੜੀ ਕੁਰਲਾਈ। "ਮੇਰਾ ਕੁੱਤਾ ਬਣਿਆ-ਸੰਵਾਰਿਆ ਨਹੀਂ, ਪਰ ਹੈ ਇਹ ਬਹੁਤ ਬਹਾਦਰ। ਇਹ ਵੇਖ!" ਉਹਨੇ ਆਪਣੇ ਨਿੱਕੇ ਜਿਹੇ ਬਟੂਵੇ ਵਿਚੋਂ ਇਕ ਕਾਗ਼ਜ਼ ਕਢਿਆ।

ਹਰ ਕਿਸੇ ਬੋਰੀਯੇ ਦੁਆਲੇ ਝੁਰਮਟ ਪਾ ਲਿਆ। ਉਹਨੇ ਕਾਗ਼ਜ਼ ਖੋਲ੍ਹਿਆ ਤੇ ਪੜ੍ਹਿਆ:

"ਜ਼ਿਲ੍ਹਾ ਮਿਲੀਸ਼ੀਆ ਸਟੇਸ਼ਨ ਓਲਗਾ ਜ਼ਾਤਸੇਪੋਵਾ ਦਾ ਉਹਦੇ ਕੁਤੇ ਵਲੋਂ ਇਕ ਮੁਜਰਮ ਨੂੰ ਫੜਨ ਉਤੇ ਸ਼ੁਕਰਾਨਾ ਅਦਾ ਕਰਦਾ ਹੈ।

ਸਟੇਸ਼ਨ ਦਾ ਮੁਖੀ ਸੋਲੋਵਯੋਵ।"

ਸਰਟੀਫ਼ੀਕੇਟ ਉਤੇ ਮੁਹਰ ਲਗੀ ਹੋਈ ਸੀ।

"ਨਾਂ ਕੀ ਸੂ?" ਅੱਡੀਆਂ ਭਾਰ ਬਹਿੰਦਿਆਂ ਤੇ ਜੱਤਲ ਸੂਰਮੇ ਨੂੰ ਪੋਲੇ-ਪੋਲੇ ਥਾਪੜਦਿਆਂ, ਲਿਊਬਾ ਨੇ ਪੁਛਿਆ।

"ਨਾਂ ਸੂ 'ਵੇਰੋਨਿਕਾ ਦਾ ਵਾਲ'। ਇਕ ਤਾਰਾ-ਲੜੀ ਦਾ ਨਾਂ ਏ। ਛੋਟਾ ਨਾਂ ਸੂ ਵਰੋਨੀ।"

"ਸਾਨੂੰ ਦਸ, ਇਹਨੇ ਚੋਰ ਕਿਵੇਂ ਫੜਿਆ ਸੀ,'" ਗੇਨਾ ਨੇ ਸੁਝਾ ਦਿਤਾ।

"ਮੈਂ ਸੜਕ 'ਤੇ ਜਾ ਰਹੀ ਸਾਂ, ਤੇ ਮੈਂ ਵੇਖਿਆ, ਇਕ ਆਦਮੀ ਆਪਣੇ ਕੋਟ ਥੱਲੇ ਕੁਝ ਲੁਕਾ ਭੱਜਾ ਜਾ ਰਿਹਾ ਸੀ। ਇਕ ਜ਼ਨਾਨੀ ਉਹਦੇ ਪਿਛੇ ਭੱਜੀ, ਉੱਚੀ-ਉੱਚੀ ਬੋਲਦੀ, 'ਫੜੋ ਚੋਰ! ਮੇਰਾ ਬਟੂਵਾ!' ਮੈਂ ਚੁਗਿਰਦੇ ਤਕਿਆ, ਮਿਲੀਸ਼ੀਆ ਦਾ ਸਿਪਾਹੀ ਕੋਈ ਨਹੀਂ ਸੀ ਦਿਸ ਰਿਹਾ। ਨਾ ਕੋਈ ਵਡੀ ਉਮਰ ਵਾਲਾ ਹੀ ਦਿਸ ਰਿਹਾ ਸੀ। ਇਸ ਤੋਂ ਪਹਿਲਾਂ

ਕਿ ਚੋਰ ਗ਼ਾਇਬ ਹੋ ਜਾਂਦਾ, ਮੈਨੂੰ ਕੁਝ ਕਰਨਾ ਪੈਣਾ ਸੀ। ਇਸ ਲਈ ਮੈਂ ਵਰੋਨੀ ਨੂੰ ਆਖਿਆ, 'ਫੜ ਲੈ ਸੂ!' ਤੇ ਉਹਦੀ ਸੰਗਲੀ ਲਾਹ ਦਿਤੀ। ਇਸ ਤੋਂ ਪਹਿਲਾਂ ਕਿ ਮੈਨੂੰ ਪਤਾ ਲਗਦਾ, ਕੀ ਹੋ ਰਿਹਾ ਸੀ, ਚੋਰ ਥੜੇ 'ਤੇ ਪਿਆ ਸੀ, ਤੇ ਮੇਰੇ ਕੁੱਤਾ, ਦੰਦ ਕਢ, ਉਹਦੇ ਉਤੇ ਖਲੋਤਾ ਸੀ, ਇੰਜ ਜਿਵੇਂ ਕਹਿ ਰਿਹਾ ਹੋਵੇ, 'ਹਿੱਲਣ ਦੀ ਜੁਰਅਤ ਨਾ ਕਰੀਂ!' ਮੇਰੇ ਕੁੱਤੇ ਦੇ ਵਡੇ-ਵਡੇ ਦੰਦ ਨੇ, ਚਾਕੂਆਂ ਵਰਗੇ।"

ਕੁੜੀ ਉੜ੍ਹੀ ਤੇ ਉਹਨੇ ਡਰਿਆਂ ਬਿਨਾਂ ਕੁੱਤੇ ਦਾ ਮੂੰਹ ਖੋਲ੍ਹਿਆ। ਲੰਮੇ ਤੇਜ਼ ਦੰਦ ਲਿਸ਼ਕੇ।

"ਵਾਹ-ਵਾਹ!" ਕੋਈ ਆਦਰ-ਭਾਵ ਨਾਲ ਬੋਲ ਉਠਿਆ।

"ਮਾੜਾ ਨਹੀਂ! ਤੇਰਾ ਵਰੋਨੀ ਲੈ ਲਵਾਂਗੇ," ਬੋਰੀਯਾ ਮੰਨ ਗਿਆ। "ਚਲ ਚਲੀਏ!"

ਜਲੂਸ ਜੇਤੂਆਂ ਵਾਂਗ ਸੜਕ ਉਤੇ ਚੱਲਣ ਲਗਾ। ਲੰਘਦੇ ਜਾਂਦਿਆਂ ਦੀਆਂ ਹੈਰਾਨ ਨਜ਼ਰਾਂ ਉਹਦਾ ਪਿੱਛਾ ਕਰ ਰਹੀਆਂ ਸਨ। ਟਰਾਮ ਦੇ ਡਰਾਈਵਰਾਂ ਨੇ ਆਪਣੀਆਂ ਟਰਾਮਾਂ ਹੌਲੀਆਂ ਕਰ ਲਈਆਂ ਤੇ ਓਦੋਂ ਤਕ ਸਬਰ ਨਾਲ ਉਡੀਕਦੇ ਰਹੇ, ਜਦੋਂ ਤਕ ਬਚਿਆਂ ਤੇ ਉਹਨਾਂ ਦੇ ਪਾਲਤੂਆਂ ਨੇ ਸੜਕ ਪਾਰ ਨਾ ਕਰ ਲਈ। ਸੋਡਾ ਵਾਟਰ ਤੇ ਆਈਸ ਕਰੀਮ ਵੇਚਣ ਵਾਲੀਆਂ ਨੂੰ ਆਪਣੇ ਗਾਹਕ ਭੁਲ ਗਏ ਤੇ ਉਹ ਵਰੋਨੀ ਦੀ ਦਾੜ੍ਹੀ ਤੇ ਮੁੱਛਾਂ ਤੋਂ ਹੈਰਾਨ ਹੋ, 'ਓਏ' ਤੇ 'ਵਾਹ' ਕਰਨ ਲਗ ਪਈਆਂ। ਵਰੋਨੀ ਸਗਵੇਂ ਦਾ ਸਗਵਾਂ ਪੀਲੇ ਕਪੜਿਆਂ ਵਾਲੀ ਆਪਣੀ ਮਾਲਕਨ ਨੂੰ ਪਿਛੇ-ਪਿਛੇ ਖਿੱਚੀ ਲਿਜਾ ਰਿਹਾ ਸੀ। ਗੁਲਾਬ ਮਾਰਗ ਤੋਂ ਇੰਸਟੀਚਿਊਟ ਤਕ, ਵਿਗਿਆਨ ਤੇ ਕਾਸਮੋਨਾਟਾਂ ਦੇ ਦੋਸਤਾਂ ਨੂੰ ਕੁਝ ਅਜ਼ਮਾਇਸ਼ਾਂ ਵਿਚੋਂ ਲੰਘਣਾ ਪਿਆ। ਉਹਨਾਂ ਖੁਤਖੁਤੀ-ਮਾਰੇ ਮੁੰਡਿਆਂ ਦੇ ਹੱਲਿਆਂ ਦਾ ਤੇ ਆਪਣੇ ਮਾਣ-ਮੱਤੇ ਸਾਕਾਂ-ਸੰਬੰਧੀਆਂ ਨਾਲ ਲੜਨ ਦੀ ਕੋਸ਼ਿਸ਼ ਕਰ ਰਹੇ ਆਵਾਰਾ ਕੁਤਿਆਂ ਦੇ ਹਮਲਿਆਂ ਦਾ ਸੂਰਮਿਆਂ ਵਾਂਗ ਮੁਕਾਬਲਾ ਕੀਤਾ। ਇਕ ਵਾਰੀ ਇਕ ਨੁਕਰੋਂ ਦੋ ਕੁੱਤੇ ਨਿਕਲ ਆਏ ਤੇ ਇਕ ਅਲਸੇਸ਼ੀਅਨ ਨੂੰ ਛੇੜਨ ਲਗੇ। ਵਡੇ ਸਾਰੇ ਕੁੱਤੇ ਨੂੰ ਗੁੱਸਾ ਚੜ੍ਹ ਗਿਆ ਤੇ ਉਹ ਉਹਨਾਂ ਉਤੇ ਟੁਟ ਪਿਆ। ਜੱਤ ਉਡਣ ਲਗੀ। ਉਹਦੇ ਤੇਜ਼ ਦੰਦਾਂ ਤੋਂ ਮੂਰਖਾਂ ਨੂੰ ਬਚਾਣ ਲਈ ਮੁੰਡੇ ਸਿਰਫ਼ ਇਹ ਕੁਝ ਹੀ ਕਰ ਸਕੇ।

ਪਰ ਸਾਰਾ ਕੁਝ ਠੀਕ-ਠਾਕ ਹੋ ਗਿਆ। ਜਲੂਸ ਇਕ ਵੀ ਜਲੂਸੀਆ ਗੁਆਏ ਬਿਨਾਂ ਮੰਜ਼ਲ ਉਤੇ ਪਹੁੰਚ ਪਿਆ।

ਜੁਟਵੀਂ ਦੋ-ਮੰਜ਼ਲਾ ਇਮਾਰਤ, ਜਿਹਦੇ ਉਤੇ ਰੁਖਾਂ ਨੇ ਛਾਂ ਕੀਤੀ ਹੋਈ ਸੀ, ਉਹਨਾਂ ਨੂੰ ਅਗੋਂ ਚੁੱਪ ਚਾਪ ਮਿਲੀ। ਕੁੱਤੇ ਇਕਦਮ ਘਾਹ ਉਤੇ ਲੇਟ ਗਏ। ਗਰਮੀ ਨਾਲ ਉਹ ਥਕ ਗਏ ਹੋਏ ਸਨ।

ਫਾਟਕ-ਘਰ ਵਿਚੋਂ ਇਕ ਬੁੱਢਾ ਚੌਕੀਦਾਰ ਨਿਕਲਿਆ। ਉਹਨੇ ਚੁਪ-ਚਾਪ ਹੋਏ ਜੱਥੇ ਵਲ ਤਕਿਆ ਤੇ ਸਖ਼ਤੀ ਨਾਲ ਪੁੱਛਣ ਲਗਾ:

"ਕਿਹਨੂੰ ਮਿਲਣਾ ਜੇ?"

"ਮੁਖੀ ਨੂੰ," ਗੇਨੇ ਨੇ ਸਭਨਾਂ ਵਲੋਂ ਜਵਾਬ ਦਿਤਾ।

ਚੌਕੀਦਾਰ ਨੇ ਵਿਅੰਗ ਨਾਲ ਹੂੰ-ਹੂੰ ਕੀਤੀ।

"ਵੇਖੋ ਸਹੀ! ਸਮਝਦੇ ਨੇ ਇਹੋ ਜਿਹੇ ਝੱਲ ਲਈ ਮੈਂ ਸਾਥੀ ਵਿਗਿਆਨੀਆਂ ਦੇ ਕੰਮ 'ਚ ਵਿਘਨ ਪਾਵਾਂਗਾ।"



"ਅਸੀਂ ਏਥੇ ਝੱਲ ਲਈ ਨਹੀਂ ਆਏ। ਅਸੀਂ ਵਿਗਿਆਨ ਦੇ ਦੋਸਤ ਹਾਂ," ਬੋਰੀਏ ਨੇ ਸਮਝਾਉਣ ਦੀ ਕੋਸ਼ਿਸ਼ ਕੀਤੀ।

"ਸਾਨੂੰ ਤੁਹਾਡੇ ਵਿਗਿਆਨ ਦਾ ਸਾਰਾ ਪਤਾ ਏ — ਵਾੜਾਂ ਟਪਣੀਆਂ!" ਚੌਕੀਦਾਰ ਨੇ ਆਖਿਆ।

"ਮੈਨੂੰ ਲਗਦਾ ਏ, ਤੂੰ ਅਖ਼ਬਾਰਾਂ ਨਹੀਂ ਪੜ੍ਹਦਾ," ਗੇਨੇ ਨੇ ਮੜ੍ਹਕ ਨਾਲ ਆਖਿਆ। "ਤੇ ਤੂੰ ਹੈਂ ਚੌਕੀਦਾਰ ਪੁਲਾੜੀ ਖੋਜ ਦੇ ਇੰਸਟੀਚਿਊਟ ਦਾ!"

"ਮੈਨੂੰ ਸਿਖਿਆ ਦੇਣ ਲਗਾ ਏ!" ਬੁੱਢੇ ਨੂੰ ਤਾ ਚੜ੍ਹ ਗਿਆ। "ਵਡਾ ਆਇਆ ਏ! ਆਪ ਪ੍ਰੋਫ਼ੈਸਰ ਮੇਰੇ ਨਾਲ ਹਥ ਮਿਲਾਂਦਾ ਏ, ਮੈਂ ਤੁਹਾਨੂੰ ਆਖ ਦਿਤਾ ਏ, ਅੰਦਰ ਨਹੀਂ ਜਾਣ ਦੇਣਾ। ਤੇ ਇੰਜ ਹੀ ਹੋਵੇਗਾ।"

"ਪਰ ਅਸੀਂ ਏਥੋਂ ਜਾਣ ਨਹੀਂ ਲਗੇ!" ਬਚਿਆਂ ਨੇ ਡੰਡ ਪਾਈ।

ਰੌਲਾ ਸੁਣ ਇਕ ਰੁੱਝਾ-ਰੁੱਝਾ ਲਗਦਾ ਆਦਮੀ ਬਾਹਰ ਨਿਕਲਿਆ। ਦੋਵਾਂ ਪਾਸਿਆਂ ਦੀ ਗੱਲ ਸੁਣ, ਉਹਨੇ ਗੁੱਸੇ ਵਿਚ ਆਏ ਚੌਕੀਦਾਰ ਨੂੰ ਦਸਿਆ ਕਿ ਇਹ ਗੰਭੀਰ ਮਾਮਲਾ ਸੀ ਤੇ ਬਚਿਆਂ ਨੂੰ ਭਜਾਣਾ ਨਹੀਂ ਸੀ ਚਾਹੀਦਾ, ਉਹਨਾਂ ਦਾ ਸ਼ੁਕਰੀਆ ਅਦਾ ਕਰਨਾ ਚਾਹੀਦਾ ਸੀ।

"ਤੁਹਾਨੂੰ ਠੀਕ ਪਤਾ ਹੋਏਗਾ," ਮੱਥਾ ਵੱਟਦਿਆਂ, ਬੁੱਢੇ ਨੇ ਜਵਾਬ ਦਿਤਾ।

"ਚੰਗਾ, ਆਓ ਤੁਹਾਡੇ ਕੁੱਤੇ ਵੇਖੀਏ," ਡਾਕਟਰ ਨੇ ਬਚਿਆਂ ਨੂੰ ਆਖਿਆ, ਤੇ ਨਜ਼ਰਾਂ ਵਿਚ ਨਾ ਆਉਂਦੇ ਛੋਟੇ-ਛੋਟੇ ਆਮ ਕੁੱਤੇ ਚੁਣਨ ਲਗ ਪਿਆ।

"ਇਹ, ਤੇ ਇਹ, ਤੇ ਇਹ ਜਿਹੜਾ ਏਥੇ ਏ," ਉਹਨੇ ਉਹਨਾਂ ਵਲ ਇਸ਼ਾਰਾ ਕੀਤਾ। "ਤੇ ਬੇ-ਸ਼ਕ ਟੈਰੀਅਰ। ਇਹਨੂੰ ਛਡ ਕੇ ਅਫ਼ਸੋਸ ਤੇ ਨਹੀਉਂ ਹੋ ਰਿਹਾ?"

"ਨਹੀਂ, ਬੇ-ਸ਼ਕ ਨਹੀਂ!" ਵਰੋਨੀ ਦੀ ਮਾਲਕਨ ਨੇ ਹਉਕਾ ਭਰਿਆ।

ਭੇਟ ਕੀਤੇ ਗਏ ਕੁੱਤੇ ਲਿਜਾਏ ਗਏ।

"ਤੇ ਅਸੀਂ ?" ਅਲਸੇਸ਼ੀਅਨ ਦੇ ਮਾਲਕਾਂ ਨੂੰ ਤਕਲੀਫ਼ ਹੋ ਰਹੀ ਸੀ।

"ਤੁਹਾਡੇ ਕੁੱਤੇ ਹੋਰਨਾਂ ਕੰਮਾਂ ਲਈ ਚੰਗੇ ਨੇ। ਮਿਸਾਲ ਦੇ ਤੌਰ 'ਤੇ, ਸਾਡੀਆਂ ਸਰਹੱਦਾਂ 'ਤੇ ਸ਼ਾਨਦਾਰ ਕੰਮ ਕਰ ਸਕਦੇ ਨੇ। ਮੰਦੇ ਭਾਗੀਂ, ਉਹ ਸਾਡੇ ਕੰਮ ਲਈ ਠੀਕ ਨਹੀਂ। ਮੈਂ ਚੁਣੇ ਗਏ ਕੁਤਿਆਂ ਦੇ ਮਾਲਕਾਂ ਦੀ ਸੂਚੀ ਬਣਾਂਦਾ ਹਾਂ। ਤੁਸੀਂ ਉਹਨਾਂ ਨੂੰ ਮਿਲਣ ਲਈ ਆ ਸਕਦੇ ਹੋ। ਬਹੁਤ ਬਹੁਤ ਸ਼ੁਕਰੀਆ, ਬਚਿਓ!"

ਚਾਣਚਕ ਹੀ ਇਸ ਤੌਖ਼ਲੇ ਨਾਲ ਕਿ ਇਸ ਤੋਂ ਪਹਿਲਾਂ ਕਿ ਰੈਗਸ ਦਾ ਪਤਾ ਲਗ ਸਕੇ, ਡਾਕਟਰ ਚਲਾ ਜਾਵੇਗਾ, ਬੋਰੀਯੇ ਨੇ ਡਾਕਟਰ ਦੀ ਬਾਂਹ ਨੂੰ ਹੱਥ ਲਾਇਆ।

"ਮੈਨੂੰ ਮੇਰਾ ਕੁੱਤਾ ਨਹੀਂ ਵਿਖਾ ਸਕਦੇ ?"

"ਤੇਰਾ ਕੁੱਤਾ ? ਉਹ ਏਥੇ ਏ, ਇੰਸਟੀਚਿਊਟ 'ਚ ?"

"ਮੇਰਾ ਕੁੱਤਾ ਹੁੰਦਾ ਸੀ, ਰੈਗਸ। ਹੁਣ ਉਹਦਾ ਨਾਂ ਹਿੰਮਤੀ ਏ। ਮੈਂ ਉਹਨੂੰ ਟੈਲੀਵੀਅਨ 'ਤੇ ਪਛਾਣਿਆ ਸੀ।"

"ਪਰ ਹਿੰਮਤੀ ਦਾ ਨਾਂ, ਦੋਸਤਾ, ਝੁੱਟਮਾਰ ਹੁੰਦਾ ਸੀ, ਰੈਗਸ ਨਹੀਂ। ਤੇ ਫੇਰ, ਉਹ ਹੁੰਦਾ ਵੀ ਲਾਵਾਰਸ ਕੁੱਤਾ ਸੀ।"

"ਤਾਂ ਵੀ, ਹੈ ਉਹੀਓ ਹੀ ਏ," ਬੋਰੀਯੇ ਨੇ ਜ਼ੋਰ ਦਿਤਾ। "ਤੁਸੀਂ ਪੜਤਾਲ ਕਰ ਸਕਦੇ ਹੋ। ਮੈਂ ਉਹਦੇ ਵਲ ਤੱਕਾਂਗਾ ਤੇ ਕਹਾਂਗਾ, 'ਰੈਗਸ!' ਤੇ ਉਹ ਇਕਦਮ ਭੱਜਾ ਆਵੇਗਾ। ਵੇਖ ਲੈਣਾ ਤੁਸੀਂ!"

ਡਾਕਟਰ ਚੰਗੇ ਦਿਲ ਵਾਲਾ ਆਦਮੀ ਸੀ ਤੇ ਉਹ ਬੋਰੀਯੇ ਦੇ ਭਾਵ ਸਮਝ ਗਿਆ।

"ਸ਼ਾਇਦ, ਇੰਜ ਹੀ ਹੋਵੇ," ਪਲ ਪਿਛੋਂ ਉਹਨੇ ਆਖਿਆ, "ਸ਼ਾਇਦ ਉਹ ਹੀ ਹੋਵੇ। ਪਰ ਇਸ ਵੇਲੇ ਮੈਂ ਕਰ ਕੁਝ ਨਹੀਂ ਸਕਦਾ। ਹਿੰਮਤੀ ਸ਼ਹਿਰ 'ਚ ਨਹੀਂ।"

"ਸ਼ਹਿਰੋਂ ਬਾਹਰ ਗਿਆ ਹੋਇਆ ਏ।"

"ਛੁੱਟੀ 'ਤੇ। ਚੰਗਾ ਚਲਦਾ ਹਾਂ।" ਤੇ ਉਹ ਜਾਣ ਲਈ ਮੁੜਿਆ।

"ਇਕ ਮਿੰਟ ਠਹਿਰਨਾ, ਇਕ ਮਿੰਟ ਠਹਿਰਨਾ!" ਲਿਊਬਾ ਕਾਹਲੀ-ਕਾਹਲੀ ਅਗੇ ਆਈ।

ਡਾਕਟਰ ਅਟਕ ਗਿਆ। "ਦਸ ਬੀਬੀ, ਕੀ ਕੰਮ ਹੀ ?"

"ਮੈਂ ਤੁਹਾਨੂੰ ਦਸਣਾ ਚਾਹੁੰਦੀ ਸਾਂ, ਇਹ ਰੈਗਸ ਨੂੰ ਪੂਰੇ ਇਕ ਵਰ੍ਹੇ ਤੋਂ ਢੂੰਡ ਰਿਹਾ ਏ। ਪੱਕਾ ਪਤਾ ਜੇ, ਹਿੰਮਤੀ ਦਾ ਨਾਂ ਝੁੱਟਮਾਰ ਹੁੰਦਾ ਸੀ ?"

"ਹਾਂ ਸਾਨੂੰ ਸਾਰਿਆਂ ਨੂੰ ਪਤਾ ਏ।"

ਹੋਰ ਕਹਿਣ ਨੂੰ ਕੁਝ ਨਹੀਂ ਸੀ। ਸਿਰ ਨੀਵਾਂ ਪਾਈ, ਬੋਰੀਯਾ ਪਬ ਨਾਲ ਰੇਤ ਵਿਚ ਅੱਧਾ ਦਾਇਰਾ ਬਣਾ ਰਿਹਾ ਸੀ।

"ਆ ਜਾ," ਗੇਨੇ ਨੇ ਪੋਲੇ ਜਿਹੇ ਉਹਦੇ ਮੋਢੇ ਉਤੇ ਹਥ ਰਖਿਆ। "ਫੇਰ ਆਵਾਂਗੇ ਕਦੀ।"

## ਚੰਨ ਦੁਆਲੇ ਸਫ਼ਰ

### ਬ੍ਰਹਿਮੰਡ ਦੇ ਭਵਿੱਖੀ ਜੇਤੂ ਗੇਨਾਦੀ ਕਾਰਾਤੋਵ, ਸਤਵੀਂ ਜਮਾਤ ਦੇ ਵਿਦਿਆਰਥੀ, ਦੀ ਡਾਇਰੀ ਵਿਚੋਂ

ਮਨੁੱਖ-ਜਾਤੀ ਸਦਾ ਲਈ ਧਰਤੀ ਉਤੇ ਕੈਦ ਨਹੀਂ ਪਈ ਰਹੇਗੀ, ਸਗੋਂ ਚਾਨਣ ਤੇ ਪੁਲਾੜ ਦੀ ਭਾਲ ਵਿਚ, ਪਹਿਲੋਂ ਪਹਿਲ ਸੰਙਦਿਆਂ-ਸੰਙਦਿਆਂ, ਵਾਯੂ-ਮੰਡਲ ਤੋਂ ਅਗੇ ਜਾਵੇਗੀ ਤੇ ਫੇਰ ਸੂਰਜ ਦੁਆਲੇ ਸਮੁੱਚੇ ਪੁਲਾੜ ਉਤੇ ਜਿਤ ਪਾ ਲਵੇਗੀ।

ਕ: ਏ: ਤਸਿਓਲਕੋਵਸਕੀ

**ਸਤੰਬਰ ੧੯੫੯**

ਮੈਂ ਠੀਕ ਸਾਂ। ਬੇ-ਸ਼ਕ ਤਸਿਓਲਕੋਵਸਕੀ ਵੀ ਠੀਕ ਸੀ। ਇਕ ਰਾਕਟ ਚੰਨ ਨੂੰ ਉਡਿਆ ਸੀ। ਉਹ ਲੋਕ ਕਿੰਨੇ ਬੇਥਵੇ ਲਗਦੇ ਹਨ, ਜਿਹੜੇ ਜੂਲੇ ਵਰਨ ਦੇ ਪਿੱਛੇ ਲਗਦੇ ਹਨ ਤੇ ਸੋਚਦੇ ਹਨ ਕਿ ਉਹ ਤੋਪ ਦੇ ਗੋਲੇ ਵਿਚ ਬਾਰਬੀਕੇਨ ਨਾਲ ਉਡ ਸਕਦੇ ਹਨ। ਇਤਿਹਾਸ ਨੇ ਇਹ ਸਾਬਤ ਕਰ ਦਿਤਾ ਹੈ।

ਕਲ੍ਹ ਸਾਡੇ ਫ਼ਲੈਟ ਵਿਚ, ਬੇ-ਲੋੜੇ ਗਵਾਹਾਂ ਤੋਂ ਬਿਨਾਂ, ਅਸੀਂ ਚੰਨ ਵਲ ਪਹਿਲੀ ਉਡਾਣ ਸ਼ੁਰੂ ਕੀਤੀ। ਮੈਂ ਹਫ਼ਤੇ ਤੋਂ ਬਹੁਤਾ ਸਮਾਂ ਤਿਆਰੀਆਂ ਵਿਚ ਲੱਗਾ ਰਿਹਾ। ਸਾਡੀ ਉਡਾਣ ਨੇ ੧੨-੧੪ ਸਤੰਬਰ ਦੇ ਦੂਜੇ ਲੂਨੀਕ ਦੀਆਂ ਗਤੀਆਂ ਨੂੰ ਦੁਹਰਾਇਆ।

ਅਸੀਂ ਜ਼ਿੰਮੇਵਾਰੀਆਂ ਵੰਡ ਦਿਤੀਆਂ। ਬੋਰਿਸ ਵਿਗਿਆਨਕ ਜੰਤਰਾਂ ਤੇ ਰਾਜ-ਚਿੰਨ੍ਹ ਵਾਲਾ ਖੋਲ ਸੀ, ਕਮਾਨ-ਚੌਕੀ ਤੇ ਗਣਿਤ-ਕੇਂਦਰ ਮੇਰੇ ਜ਼ਿੰਮੇ ਸੀ ਤੇ ਲਿਊਬਾ ਮਿਤੀਕਾਰ ਤੇ ਸਟੈਨੋਗਰਾਫ਼ਰ ਸੀ। ਉਹਦੇ ਮਾਰੇ ਝਰੀਟਿਆਂ ਤੋਂ, ਜਿਨ੍ਹਾਂ ਨੂੰ ਵੇਖ ਹੈਰਾਨੀ ਹੁੰਦੀ ਸੀ, ਕਿਵੇਂ ਕੋਈ ਇਕੋ ਵੇਲੇ ਲਿਖ ਵੀ ਸਕਦਾ ਸੀ ਤੇ ਕਾਸਮੋਨਾਟਾਂ ਦੇ ਮਾਮਲੇ ਵਿਚ ਟੰਙ ਵੀ ਅੜਾ ਸਕਦਾ ਸੀ, ਵਰਤਮਾਨ ਰਿਕਾਰਡ ਤਿਆਰ ਕੀਤਾ ਗਿਆ ਹੈ।

ਰਾਕਟ ਛਡੇ ਜਾਣ ਵਾਲੀ ਥਾਂ ਉਤੇ ਟਿਕਿਆ, ਤਿਆਰ ਪਿਆ ਸੀ ਤੇ ਉਡੀਕ ਰਿਹਾ ਸੀ। ਭੋਲੇ ਤਮਾਸ਼ਬੀਨ, ਚੰਨ ਢੂੰਡਦੇ, ਸਿਰ ਘੁਮਾ ਰਹੇ ਸਨ। ਪਰ ਚੰਨ ਕੋਈ ਨਹੀਂ ਸੀ। ਉਹਨਾਂ ਨੂੰ ਸਮਝਾਣਾ ਹੀ ਪਿਆ ਕਿ ਸ਼ੁਰੂ ਕਰਨ ਵੇਲੇ ਚੰਨ ਨੂੰ ਦੁਮੇਲ ਤੋਂ ਪਰ੍ਹਾਂ ਹੋਣਾ ਚਾਹੀਦਾ ਹੈ। ਤਾਂ ਉਡਦਾ ਰਾਕਟ ਉਹਨੂੰ ਦੁਮੇਲ ਦੇ ਸਭ ਤੋਂ ਉਚੇ ਨੁਕਤੇ ਉਤੇ ਜਾ ਮਿਲੇਗਾ, ਤੇ ਰਾਕਟ ਦਾ ਉਤਾਰਾ ਧਰਤੀ ਤੋਂ ਵੇਖਿਆ ਜਾ ਸਕੇਗਾ।

ਅਖ਼ੀਰੀ ਤਿਆਰੀਆਂ ਕੀਤੀਆਂ ਜਾ ਰਹੀਆਂ ਸਨ। ਮਾਹਿਰਾਂ ਨੇ (ਲਿਊਬਾ ਤੇ ਮੈਂ) ਖੋਲ (ਬੋਰੀਯੇ) ਨੂੰ ਜੀਵਾਣੂ-ਰਹਿਤ ਕੀਤਾ। ਲਾਂਘੇ ਵਿਚ ਅਸਾਂ ਉਹਨੂੰ ਬੁਰਸ਼ ਫੇਰਿਆ ਤਾਂ ਜੁ ਉਹ ਆਪਣੇ ਨਾਲ ਚੰਨ ਉਤੇ ਕੋਈ ਜੀਵਾਣੂ ਨਾ ਲੈ ਜਾਵੇ। ਜੇ ਅਸੀਂ ਇੰਜ ਨਾ ਕਰਦੇ, ਬਾਅਦ ਵਿਚ ਕੋਈ ਗ਼ਲਤੀ ਹੋ ਸਕਦੀ ਸੀ ਤੇ ਚੰਨ ਦੇ ਅਸਧਾਰਨ ਹਾਲਾਤ ਵਿਚ ਕੋਈ ਜੀਵਾਣੂ ਵਡਾ ਹੋ ਹਾਥੀ ਬਣ ਸਕਦਾ ਸੀ। ਵਿਗਿਆਨੀਆਂ

ਨੇ ਆਉਣਾ ਸੀ ਤੇ ਫ਼ੈਸਲਾ ਕਰਨਾ ਸੀ ਕਿ ਚੰਨ ਉਤੇ ਹਾਥੀ ਜੁਗਾਂ ਜੁਗਾਂਤਰਾਂ ਤੋਂ ਰਹਿੰਦਾ ਚਲਾ ਆ ਰਿਹਾ ਹੈ ...

ਚਾਣਚਕ ਹੀ ਇਕ ਸੰਕੇਤ ਸੁਣੀਤਾ (ਇਹ ਅਲਾਰਮ ਵਾਲੀ ਘੜੀ ਸੀ)। ਅਸੀਂ ਰਾਕਟ ਵਲ ਭੱਜੇ। ਤਾਂ ਵੀ ਰਾਕਟ ਦਾ ਛਡਿਆ ਜਾਣਾ ਇਕ ਸਕਿੰਟ ਪੱਛੜ ਗਿਆ।

ਹੁਣ ਖੋਲ ਰਾਕਟ ਵਿਚ ਸੀ (ਬੋਰੀਯਾ ਕੁਰਸੀ ਉਤੇ ਧੜੰਮ ਕਰਕੇ ਜਾ ਪਿਆ)। ਧਮਾਕੇ ਦੀ ਗੜ੍ਹਕ ਸੁਣੀਤੀ (ਕੁਰਸੀ ਦੀਆਂ ਲੱਤਾਂ ਹੇਠ ਕਾਰਤੂਸੀ ਪਲੀਤੇ) ਤੇ ਰਾਕਟ ਦੇ ਛੱਡੇ ਜਾਣ ਵਾਲੀ ਥਾਂ ਧੂੰਏ ਵਿਚ ਵਲ੍ਹੇਟੀ ਗਈ। ਰਾਕਟ ਨੇ ਲੋੜੀਂਦੀ ਰਫ਼ਤਾਰ ਫੜ ਲਈ ਤੇ ਇੰਜਨ ਉਹਨੂੰ ਵਾਯੂ-ਮੰਡਲ ਵਿਚੋਂ ਕਢ ਲੈ ਗਏ। ਮੈਂ ਕੁਰਸੀ ਨੂੰ ਝਾੜੂ ਨਾਲ ਧੱਕ ਦਿਤਾ ਤੇ ਇਕ ਹੋਰ ਕਮਰੇ ਵਿਚ ਠੇਲ ਦਿਤਾ, (ਭਾਵ, ਪੁਲਾੜ ਵਿਚ)।

"ਦੂਜੀ ਬ੍ਰਹਿਮੰਡੀ ਰਫ਼ਤਾਰ ਮਹਿਸੂਸ ਹੋਈ ਆ?" ਮੈਂ ਰੇਡੀਉ ਰਾਹੀਂ ਬੋਰੀਯੇ ਤੋਂ ਪੁਛਿਆ।

"ਨਹੀਂ," ਉਹਨੇ ਆਖਿਆ।

ਸਾਨੂੰ ਤਾਕਤ ਵਧਾਣੀ ਪਈ, ਭਾਵ ਉਹਨੂੰ ਫੇਰ ਧਕਣਾ ਪਿਆ, ਪਹਿਲਾਂ ਤੋਂ ਜ਼ੋਰ ਨਾਲ।

"ਹੁਣ ਮਹਿਸੂਸ ਹੋਈ ਏ," ਬੋਰੀਯੇ ਨੇ ਗੁੱਸੇ ਨਾਲ ਆਖਿਆ, ਪਰ ਉਹ ਕੁਦ ਨਾ ਪਿਆ, ਕਿਉਂਕਿ ਉਹ ਪੁਲਾੜ ਵਿਚ ਪਹੁੰਚਿਆ ਹੋਇਆ ਸੀ।

ਪੱਕ ਕਰਨ ਲਈ, ਮੈਂ ਫੇਰ ਪੁਛਿਆ। ਬੋਰੀਯੇ ਨੇ ਆਖਿਆ, ਜਿਵੇਂ ਕਿ ਮਹਾਨ ਨਿਊਟਨ ਨੇ ਭਵਿੱਖ-ਬਾਣੀ ਕੀਤੀ ਸੀ, ਉਹ ੬.੯ ਮੀਲ ਫ਼ੀ ਸਕਿੰਟ ਦੀ ਰਫ਼ਤਾਰ ਉਤੇ ਉਡ ਰਿਹਾ ਸੀ। ਵਿਗਿਆਨ ਕਿੱਡੀ ਮਹਾਨ ਸ਼ਕਤੀ ਹੈ! ਸਤਾਰ੍ਹਵੀਂ ਸਦੀ ਵਿਚ ਨਿਊਟਨ ਨੇ ਧਰਤ-ਖਿੱਚ ਦਾ ਨਿਯਮ ਲੱਭਾ ਤੇ ਠੰਡੇ ਦਮਾਗ ਨਾਲ ਉਸ ਰਫ਼ਤਾਰ ਦਾ ਹਿਸਾਬ ਆਇਆ, ਜਿਸ ਉਤੇ ਉਡ ਧਰਤੀ ਤੋਂ ਪੱਲਾ ਛੁਡਾਇਆ ਜਾ ਸਕਦਾ ਸੀ। ਇਹ ਦੂਜੀ ਬ੍ਰਹਿਮੰਡੀ ਰਫ਼ਤਾਰ ਸੀ। ਸਾਡਾ ਖੋਲ ਉਸ ਰਫ਼ਤਾਰ ਉਤੇ ਉਡਿਆ ਸੀ।

"ਚੰਨ ਤਕ ਫ਼ਾਸਲਾ ਕਿੰਨਾ ਏ?" ਮੈਂ ਬੋਰੀਯੇ ਤੋਂ ਪੁਛਿਆ। ਪਰ ਲਿਊਬਾ ਨੇ ਟੰਙ ਅੜਾਈ ਤੇ ਜਾਣਕਾਰੀ ਦਿਤੀ, ਜਿਹੜੀ ਉਹਨੂੰ ਜ਼ਬਾਨੀ ਚੇਤੇ ਸੀ।

"ਚੰਨ ਧਰਤੀ ਦੁਆਲੇ ਲਗਭਗ ਗੋਲ ਪਰਕਰਮਾ-ਪੰਧ ਉਤੇ ਚਲਦੈ। ਧਰਤੀ ਤੋਂ ਉਹਦਾ ਸਭ ਤੋਂ ਦੂਰ ਵਾਲਾ ਫ਼ਾਸਲਾ, ਪਰਕਰਮਾ-ਪੰਧ ਦੀ ਸਭ ਤੋਂ ਉਚੀ ਥਾਂ, ੨,੫੨,੫੪੨ ਮੀਲ ਏ, ਤੇ ਸਭ ਤੋਂ ਨੇੜੇ ਵਾਲਾ ਫ਼ਾਸਲਾ, ਜਾਂ ਪਰਕਰਮਾ-ਪੰਧ ਦੀ ਸਭ ਤੋਂ ਨੀਵੀਂ ਥਾਂ, ੨,੨੧,੩੨੪ ਮੀਲ ਏ।"

ਮੈਂ ਆਰਾਮ ਨਾਲ ਪੁਛਦਾ ਗਿਆ, "ਪਰ ਅਸੀਂ ਚੰਨ ਵਲ ਸਿੱਧੀ ਲੀਕ 'ਤੇ ਨਹੀਂ, ਗਾਜਰ-ਕਾਟ 'ਤੇ, ਕੌਂਸ 'ਤੇ, ਉਡ ਰਹੇ ਹਾਂ। ਅਲੈਕਟ੍ਰਾਨਿਕ ਕਮਪਿਊਟਰ ਮੈਨੂੰ ਦਸਦੇ ਨੇ, ਸਾਡੇ ਰਾਕਟ ਨੇ ਜਿਹੜਾ ਫ਼ਾਸਲਾ ਤੈਅ ਕਰਨਾ ਏ, ਉਹ ੨,੩੦,੩੯੧ ਮੀਲ ਏ।"

"ਹੁਣ ਪਤਾ ਲਗਾ ਏ," ਬੋਰਿਸ ਪੁਲਾੜ ਵਿਚੋਂ ਬੋਲਿਆ। "ਇਹਦਾ ਮਤਲਬ ਏ, ਮੈਂ ੨੪,੮੪੦ ਮੀਲ ਫ਼ੀ ਘੰਟੇ ਦੀ ਰਫ਼ਤਾਰ 'ਤੇ ੨,੩੦,੩੯੧ ਮੀਲ ਉਡਣਾ ਏ..."

"ਸਖ਼ਤ ਗ਼ਲਤੀ ਕਰ ਰਿਹਾ ਏਂ?" ਮੈਂ ਆਖਿਆ। "ਧਰਤ-ਖਿੱਚ ਦਾ ਕੀ ਕਰੇਂਗਾ? ਭੁਲ ਗਿਆ ਏਂ ਉਹਨੂੰ? ਹਰ ਪਲ ਰਾਕਟ ਦੀ ਰਫ਼ਤਾਰ ਘਟਦੀ ਜਾ ਰਹੀ ਏ।"

ਇਹ ਵਿਖਾਣ ਲਈ ਮੈਂ ਬੋਰੀਯੇ ਦੀ ਕੁਰਸੀ ਨਾਲ ਬੰਨ੍ਹੀ ਰੱਸੀ ਨੂੰ ਖਿੱਚੀ ਮਾਰੀ ਤੇ ਉਹਨੂੰ ਥੋੜਾ ਜਿਹਾ ਪਿਛੇ ਖਿਚ ਲਿਆਂਦਾ। ਫੇਰ ਮੈਂ ਆਪਣੀ ਡਾਇਰੀ ਫੜੀ ਤੇ ਆਪਣੇ ਹੈਰਾਨ ਹੋਏ ਪਏ ਦਰਸ਼ਕਾਂ ਨੂੰ ਦਸਿਆ, ਸਹੀ ਗਣਿਤ-ਅਨੁਮਾਨ ਲਾਉਣ ਦਾ ਮਤਲਬ ਕੀ ਹੁੰਦਾ ਹੈ।

"ਮਿਸਾਲ ਵਜੋਂ," ਮੈਂ ਪੁਛਿਆ, "ਸਾਡੇ ਲਈ ਸਿਫ਼ਰ ਇਸ਼ਾਰੀਆ ਦੋ ਦਾ ਕੀ ਮਤਲਬ ਏ? ਫ਼ਰਜ਼ ਕਰ, ਬੋਰੀਯੇ, ਜੇ ਜਿਸ ਪਲ ਇੰਜਨ ਬੰਦ ਕੀਤੇ ਗਏ, ਤੇਰੀ ਰਫ਼ਤਾਰ ੬.੯ ਮੀਲ ਫ਼ੀ ਸਕਿੰਟ ਨਹੀਂ, ੬.੮ ਮੀਲ ਫ਼ੀ ਸਕਿੰਟ ਹੁੰਦੀ। ਕੀ ਤੂੰ ਚੰਨ ਤਕ ਪਹੁੰਚ ਜਾਂਦਾ? ਉਡਾਰੀ-ਪੰਧ ਦੇ ਅਨੁਮਾਨ ਦਸਦੇ ਨੇ, ਇਕ-ਸਕਿੰਟ ਪਿਛੇ ਇਕ ਇਕ ਗਜ਼ ਦੀ ਗ਼ਲਤੀ ਨਾਲ ੧੫੫ ਮੀਲ ਕੁਰਾਹੇ ਪੈ ਜਾਈਦਾ ਏ । ਇਸ ਤਰ੍ਹਾਂ, ਸਕਿੰਟ ਪਿਛੇ ੦.੧ ਮੀਲ ਜਾਂ ਸਕਿੰਟ ਪਿਛੇ ੨੧੮ ਗਜ਼ਾਂ ਦੀ ਗ਼ਲਤੀ ਨਾਲ ੨੧੮ × ੧੫੫ ਜਾਂ ੩੩,੭੯੦ ਮੀਲ ਬਣਦੇ ਨੇ। ੩੩,੭੯੦ ਮੀਲਾਂ ਦੀ ਗ਼ਲਤੀ। ਚੰਨ ਦਾ ਦੁਸਾਰ ਸਿਰਫ਼ ਇਕ ਹਜ਼ਾਰ ਮੀਲ ਏ। ਦੂਜੇ ਲਫ਼ਜ਼ਾਂ 'ਚ, ਭਾਵੇਂ ਤੁਹਾਡਾ ਨਿਸ਼ਾਨਾ ਕਿੱਡਾ ਵੀ ਸਹੀ ਕਿਉਂ ਨਾ ਹੋਵੇ, ਇਹੋ ਜਹੀ ਗ਼ਲਤੀ ਨਾਲ ਤੁਸੀਂ ਚੰਨ 'ਤੇ ਕਦੀ ਨਹੀਂ ਪਹੁੰਚੋਗੇ। ਨਾਲੇ ਸਾਨੂੰ ਚੇਤੇ ਰਖਣਾ ਚਾਹੀਦੈ, ਚੱਲਣ 'ਚ ਸਾਡੀ ਇਕ ਸਕਿੰਟ ਦੀ ਢਿਲ ਨਾਲ ਅਸੀਂ ਆਪਣੇ ਰਾਹ ਤੋਂ ੧੨.੪ ਮੀਲ ਉਕ ਜਾਂਦੇ ਹਾਂ। ਪਰ ਇਹ ਕੋਈ ਏਡੀ ਡਾਢੀ ਗੱਲ ਨਹੀਂ!"

"ਕਮਾਲ ਏ," ਲਿਊਬਾ ਨੇ ਆਖਿਆ, ਪਰ ਬੋਰੀਯਾ ਰੌਲਾ ਪਾਣ ਲਗ ਪਿਆ, ਉਹ ਕੁਰਸੀ ਉਤੇ ਬੈਠਾ-ਬੈਠਾ ਅਕ ਗਿਆ ਸੀ: ਖੋਲ, ਉਹ ਕਹਿਣ ਲਗਾ, ਚੰਨ ਵਲ ਚਲ ਰਿਹਾ ਹੋਣਾ ਚਾਹੀਦਾ ਹੈ, ਪਰ ਅਜੇ ਚੰਨ ਕੋਈ ਨਹੀਂ ਸੀ।

ਪਰ ਮੈਂ ਹਰ ਚੀਜ਼ ਸੋਚੀ ਹੋਈ ਸੀ। ਉਸ ਥਾਂ ਤੋਂ ਉਠਿਆਂ ਬਿਨਾਂ, ਜਿਥੇ ਮੈਂ ਬੈਠਾ ਹੋਇਆ ਸਾਂ, ਮੈਂ ਇਕ ਰੱਸੀ ਖਿੱਚੀ। ਤੇ ਬੋਰਯੇ ਦੇ ਸੱਜੇ ਹਥ ਕੰਧ ਉਤੇ ਚੰਨ ਦਾ ਇਕ ਨਕਸ਼ਾ ਖੁਲ੍ਹ ਗਿਆ। ਉਹਦੇ ਉਤੇ ਦੰਦਰੀ ਲੀਕ ਨਾਲ ਸਮੁੰਦਰਾਂ ਦੇ ਕੰਢੇ, ਡੂੰਘੀਆਂ ਤ੍ਰੇੜਾਂ ਦੀਆਂ ਤੈਹਾਂ ਵਾਲੇ ਕੋਲ ਮੋਖੇ, ਪੂਰਾ ਚੰਨ ਉਦਾਸ ਮਾਰੂਥਲ ਵਰਗਾ ਲਗਦਾ, ਭੇਤ-ਭਰਿਆ ਚੰਨ, ਵਾਹਿਆ ਹੋਇਆ ਸੀ।

ਕੰਧ ਉਤੇ ਮੇਲ ਦਰਸਾਂਦਾ ਚੜ੍ਹਾਈ-ਪੰਧ ਚਾਕ ਨਾਲ ਫ਼ਰਸ਼ ਉਤੇ ਵਾਹਿਆ ਪਿਆ ਸੀ। ਚੰਨ ਤੇ ਕੁਰਸੀ ਨੂੰ ਇਕੋ ਵੇਲੇ ਮੇਲ ਵਾਲੀ ਥਾਂ ਉਤੇ ਹੋਣਾ ਚਾਹੀਦਾ ਸੀ। ਮੈ ਬੋਰੀਯੇ ਵਾਲੀ ਕੁਰਸੀ ਨੂੰ ਏਧਰ-ਓਧਰ ਕਰਦਾ ਰਿਹਾ। ਵਿਚ-ਵਿਚ ਉਹ ਉਡਾਣ ਦੇ ਸਮੇਂ ਦੀ ਰਿਪੋਰਟ ਦੇਂਦਾ ਤੇ ਲਿਊਬਾ ਉਹਦੀ ਗਤੀ ਦੇ ਗਰਾਫ਼ ਨੂੰ ਅਖ਼ਬਾਰ ਨਾਲ ਮੇਲਦੀ। "੨੧.੦੦ ਵਜੇ। ੧੨ ਸਤੰਬਰ," ਬੋਰੀਯਾ ਬੋਲਿਆ। "ਮਸਨੂਈ ਪੂਛਦਾਰ ਤਾਰਾ ਵੇਖਣ ਲਈ ਤਿਆਰ ਹੋ ਜਾ!" ਮੈਂ ਹੁਕਮ ਦਿਤਾ।

ਬੋਰੀਏ ਨੇ ਇਕ ਪਿਰਚ ਵਿਚ ਕੁਝ ਮੈਗਨੇਸ਼ੀਅਮ ਬਾਲਿਆ, ਤੇ ਮੈਂ ਪੁਲਾੜ ਵਿਚ ਲੋ ਕਰਦਾ ਇਕ ਕਮਾਲ ਦਾ ਲਿਸ਼ਕਾਰਾ ਵੇਖਿਆ। ਸਾਡੇ ਵਲੋਂ ਮਸਨੂਈ ਪੂਛਦਾਰ ਦੀਆਂ ਘੋਖਾਂ ਨੇ ਪ੍ਰੋੜ੍ਹਤਾ ਕਰ ਦਿਤੀ ਕਿ ਰਾਕਟ ਠੀਕ ਰਾਹ ਉਤੇ ਸੀ।

ਬੋਰੀਯੇ ਦੇ ਨੇੜੇ ਹੁੰਦੇ ਜਾਣ ਨਾਲ ਚੰਨ ਵਡਾ ਹੁੰਦਾ ਗਿਆ। ਤੇ ਉਹਦੇ ਪਿਛੇ ਵਲ ਧਰਤੀ ਘਟਦੀ-ਘਟਦੀ ਛੋਟਾ ਜਿਹਾ ਗੋਲਾ ਬਣਦੀ ਗਈ। ਬੋਰੀਯਾ ਲਗਭਗ ਕੰਧ ਨਾਲ ਲੱਗਾ ਹੋਇਆ ਸੀ ਤੇ ਨਕਸ਼ਾ ਉਹਦੇ ਨੇੜੇ ਆ ਗਿਆ ਸੀ... ਫ਼ਰਸ਼ ਉਤੇ ਇਕ ਲੀਕ ਸੀ, ਜਿਸ ਉਤੇ ਲਿਖਿਆ ਹੋਇਆ ਸੀ:

"੦੦.੦੨.੨੪ ਘੰਟੇ। ੧੪ ਸਤੰਬਰ। ਚੰਨ ਉਤੇ ਉਤਾਰਾ।"

ਬੋਰੀਯਾ ਕੁਰਸੀ ਤੋਂ ਟਪਿਆ ਤੇ ਉਹਨੇ ਮੋਟੇ ਕਾਗਜ ਦਾ ਬਣਿਆ ਚਿੰਨ੍ਹ ਚੰਨ ਦੇ ਤਲ ਉਤੇ ਦੇ ਮਾਰਿਆ। ਸ਼ਾਂਤੀ ਦੇ ਸਾਗਰ ਦੇ ਇਲਾਕੇ ਵਿਚ ਚੰਨ ਉਤੇ ਉਤਾਰਾ ਸਫਲ ਰਿਹਾ ਸੀ, ਜੇ ਟੁੱਟੀ ਹੋਈ ਪਿਰਚ ਨੂੰ ਧਿਆਨ ਵਿਚ ਨਾ ਰਖਿਆ ਜਾਵੇ: ਬੋਰ੍ਹੀਯੇ ਨੂੰ ਉਹਦਾ ਉਕਾ ਚੇਤਾ ਹੀ ਨਹੀਂ ਸੀ ਰਿਹਾ।

ਹੁਣ ਮੈਂ ਮਹਿਸੂਸ ਕਰਦਾ ਹਾਂ, ਓਦੋਂ ਮੈਂ ਕਿੱਡੀ ਮੂਰਖਤਾ ਤੋਂ ਕੰਮ ਲਿਆ ਸੀ, ਜਦੋਂ ਮੈਂ ਕੋਈ ਮੁਢਲੇ ਅਨੁਮਾਨ ਲਾਏ ਬਿਨਾਂ ਪੈਲੀ ਵਿਚੋਂ ਚੁਲ੍ਹੇ ਦੀ ਪਾਈਪ ਛਡ ਦਿਤੀ ਸੀ। ਬੇ-ਸ਼ਕ ਹੀ ਇਹਦਾ ਨਤੀਜਾ ਦੁਖਾਂਤਕ ਨਿਕਲਿਆ। ਇੰਜ ਜਿਵੇਂ ਘਟ ਕੈਲੋਰੀ ਵਾਲਾ ਬਾਲਣ, ਜਿਹੜਾ ਮੈਂ ਵਰਤਿਆ, ਮਿਸਾਈਲ ਨੂੰ ਪਹਿਲੀ ਬ੍ਰਹਿਮੰਡੀ ਰਫ਼ਤਾਰ ਦੇ ਸਕਦਾ ਹੋਵੇ! ਇਹ ਗ਼ਲਤੀ ਸੀ। ਹੁਣ ਮੇਰੇ ਲਈ ਪ੍ਰਤੱਖ ਹੋ ਗਿਆ ਹੈ ਕਿ ਪਹਿਲੋਂ ਸਿਧਾਂਤਕ ਤਿਆਰੀ ਕੀਤੀ ਜਾਣੀ ਚਾਹੀਦੀ ਹੈ।




**ਨਵੰਬਰ ੧੯੫੯**

ਮੈਂ ਦੁਨੀਆਂ ਦੇ ਪਹਿਲੇ ਅੰਤਰ-ਗ੍ਰਹਿ ਸਵੈਕਾਰ ਸਟੇਸ਼ਨ ਦੀ ਉਡਾਣ ਦਾ ਮੁਤਾਲਿਆ ਕਰਦਾ ਰਿਹਾ ਹਾਂ। ਸਟੇਸ਼ਨ ਨੇ ੭ ਅਕਤੂਬਰ ਨੂੰ ਚੰਨ ਦੇ ਗੁਝੇ ਪਾਸੇ ਦੀਆਂ ਫ਼ੋਟੋ ਲਾਹੀਆਂ। ਮੈਂ "ਦੁਨੀਆਂ ਦਾ ਪਹਿਲਾ" ਕਿੰਨੀ ਹੀ ਵਾਰੀ ਲਿਖ ਚੁਕਾ ਹਾਂ, ਤੇ ਲਿਖ-ਲਿਖ ਅੱਕਣ ਦੀ ਥਾਂ, ਇਹ ਮੈਨੂੰ ਨਿਤ ਵਧੇਰੇ ਦਿਲਚਸਪ ਲੱਗਣ ਲਗ ਪਿਆ ਹੈ।

'ਲੂਨੀਕ ਤੀਜਾ' ਹੁਣ ਚੰਨ ਦੁਆਲੇ ਚੱਕਰ ਲਾ ਚੁਕਾ ਹੈ ਤੇ ਧਰਤੀ ਉਤੇ ਪਰਤ ਆਇਆ ਹੈ। ਉਹਨੇ ੬, ੨੧,੦੦੦ ਮੀਲ ਲੰਮਾ ਪੰਧ ਮਾਰਿਆ। ਜਦੋਂ ਇਹ ਚੰਨ ਤੋਂ ੪੦, ੩੬੫ ਮੀਲ ਦੂਰ ਸੀ, ਲੈਨਜ਼ ਉਤੋਂ ਢੱਕਣ ਲਾਹ ਦਿਤਾ

ਗਿਆ, ਤੇ ਕੈਮਰਾ ਚਾਲ੍ਹੀ ਮਿੰਟ ਕੰਮ ਕਰਦਾ ਰਿਹਾ। ਨਿਰਭਾਰਤਾ ਦੀ ਹਾਲਤ ਵਿਚ ਇੰਜ ਕੰਮ ਕਰਨਾ ਚਾਹੀਦਾ ਹੈ।

ਰਾਕਟ ਅੰਦਰਲੇ ਸਵੈਕਾਰ ਜੰਤਰਾਂ ਨੇ ੪੧ ਇੰਚ ਲੰਮੇ ਸਲਿੰਡਰ ਵਿਚ ਕੰਮ ਕਰਦਿਆਂ ਫ਼ਿਲਮ ਨੂੰ ਧੋਤਾ ਤੇ ਸੁਕਾਇਆ। ਇਹੋ ਜਿਹੇ ਸਲਿੰਡਰ ਵਿਚ ਨਿਰ ਸੰਦੇਹ ਹੀ ਮੈਂ ਵੀ ਫ਼ਿਲਮ ਧੋ ਸਕਦਾ ਹਾਂ, ਭਾਵੇਂ ਮੈਂ ਲੰਮਾ ੬੩ ਇੰਚ ਹਾਂ, ਪਰ ਮੈਂ ਧੁਆਈ ਉਸ ਤੋਂ ਬਹੁਤ ਖ਼ਰਾਬ ਕਰਨੀ ਸੀ। ਸਾਡੇ ਟੱਬ ਤਕ ਵਿਚ ਵੀ, ਜਿਹੜਾ ੯੮ ਇੰਚ ਲੰਮਾ ਹੈ, ਜਦੋਂ ਮੈਂ ਫ਼ਿਲਮ ਧੋਂਦਾ ਹਾਂ, ਜਾਂ ਤਾਂ ਮੈਥੋਂ ਫ਼ਿਲਮ ਖ਼ਰਾਬ ਹੋ ਜਾਂਦੀ ਹੈ ਤੇ ਜਾਂ ਛਾਪੇ।

ਠੀਕ ਹੈ ਕਿ ਚੰਨ ਦੇ ਗੁੱਝੇ ਪਾਸੇ ਦੇ ਪਿਛੋਕੜ ਵਿਚ ਬੋਰੀਯੇ, ਲਿਊਬਾ ਤੇ ਮੇਰੀ ਤਸਵੀਰ ਚੰਗੀ ਆਈ। ਇਹ ਫ਼ੋਟੋਗਰਾਫ਼ੀ ਦੇ ਕੁਲ ਨਿਯਮਾਂ ਅਨੁਸਾਰ ਤਿਆਰ ਕੀਤੀ ਗਈ ਸੀ, ਆਟੋਮੈਟਿਕ ਸ਼ਟਰ ਨਾਲ, ਤੇ ਐਨ ਘੜੀ ਮੁਤਾਬਿਕ ਧੋਤੀ ਤੇ ਛਾਪੀ ਗਈ! ਅਸੀਂ ਚੰਨ ਦਾ ਨਵਾਂ ਨਕਸ਼ਾ ਰਲ ਕੇ ਬਣਾਇਆ। ਮੈਂ ਤ੍ਰੇੜਾਂ ਵਾਹੀਆਂ ਤੇ ਉਹਨਾਂ ਵਿਚ ਤਸਿਓਲਕੋਵਸਕੀ, ਜੂਲਿਊ ਕਿਊਰੀ ਤੇ ਲੋਮੋਨੋਸੋਵ ਨਾਂ ਦੇ ਮੋਖੇ ਤੇ 'ਸੋਵੀਅਤ ਪਹਾੜ' ਵਿਖਾਏ। ਲਿਊਬਾ ਨੇ 'ਮਾਸਕੋ ਸਾਗਰ' ਤੇ 'ਸੁਫ਼ਨਿਆਂ ਦੇ ਸਾਗਰ' ਵਿਚ ਹਰਾ ਰੰਗ ਭਰਿਆ, ਤੇ ਬੋਰੀਯੇ ਨੇ ਪਠਾਰਾਂ ਵਿਚ ਪੀਲੇ ਰੰਗ ਭਰੇ। ਉਹਨੂੰ ਚੋਖਾ ਕੰਮ ਕਰਨਾ ਪਿਆ, ਕਿਉਂ ਜੁ ਚੰਨ ਦੇ ਇਸ ਪਾਸੇ ਪਠਾਰਾਂ ਦਾ ਰਕਬਾ ਸਾਗਰਾਂ ਨਾਲੋਂ ਜ਼ਿਆਦਾ ਹੈ। ਸਾਗਰਾਂ ਵਿਚ ਪਾਣੀ ਦੀ ਥਾਂ ਧੂੜ ਹੈ। ਉਹ ਵਡੇ ਮਹਾਂਸਾਗਰ ਤੇ ਬ੍ਰਹਿਮੰਡੀ ਪਸਾਰੇ ਵਾਲੇ ਜੰਗਲ ਕਿੱਥੇ ਹਨ, ਜਿਹੜੇ ਜੂਲੇ ਵਰਨ ਨੇ ਏਡੇ ਕਲਪਣਾ-ਰੰਗੇ ਢੰਗ ਨਾਲ ਬਿਆਨ ਕੀਤੇ ਸਨ ? ਇਸ ਤਰ੍ਹਾਂ ਦੇ ਬਿਆਨਾਂ ਉਤੇ ਬੋਰੀਯੇ ਵਰਗਾ ਦ੍ਰਿਸ਼-ਪ੍ਰੇਮੀ ਹੀ ਵਿਸ਼ਵਾਸ ਕਰ ਸਕਦਾ ਸੀ।

ਸੋਚੋ, ਜੇ ਮੈਂ ਆਪਣਾ ਨਕਸ਼ਾ ਲੈ ਸੌ ਜਾਂ ਦੋ ਸੌ ਵਰ੍ਹੇ ਪਿਛੇ ਜਾਵਾਂ, ਤਾਂ ਕੀ ਹੋਵੇ! ਤਾਰਾ-ਵਿਗਿਆਨੀਆਂ ਨੇ ਸੋਚਣਾ ਸੀ, ਮੈਂ ਚੰਨ ਤੋਂ ਆਇਆ ਸਾਂ!

### ਅਪ੍ਰੈਲ ੧੯੬੦

ਸਕੂਲ ਵਿਚ ਅਸੀਂ ਇਕ ਰੇਡੀਊ ਪ੍ਰੋਗਰਾਮ ਸ਼ੁਰੂ ਕੀਤਾ ਹੈ। ਸਾਡੀ ਜਮਾਤ ਨੇ ਬੋਰੀਯੇ, ਲਿਊਬਾ ਤੇ ਮੈਨੂੰ ਰਿਪੋਰਟ ਤਿਆਰ ਕਰਨ ਲਈ ਨੀਅਤ ਕੀਤਾ। ਪਰ ਅਸੀਂ ਜਮਾਤ ਅਗੇ ਕੀ ਰਿਪੋਰਟ ਰਖਦੇ ? ਅਸੀਂ ਬਾਹਰਲੇ ਪੁਲਾੜ ਤੋਂ ਸਾਰੀਆਂ ਨਵੀਆਂ ਲਭਤਾਂ ਬਾਰੇ ਇਕ ਪ੍ਰੋਗਰਾਮ ਪੇਸ਼ ਕਰਨ ਦਾ ਮਤਾ ਪਕਾਇਆ।

ਕੋਈ ਦੋ ਮਹੀਨੇ ਅਸੀਂ ਇਲਾਕੇ ਦੀ ਲਾਇਬ੍ਰੇਰੀ ਵਿਚ ਕੰਮ ਕਰਦੇ ਰਹੇ। ਓਥੇ ਕੰਮ ਕਰਨ ਦਾ ਬੜਾ ਸੁਆਦ ਆਇਆ। ਹਰ ਕਿਸੇ ਕੋਲ ਲੈਂਪ ਵਾਲਾ ਆਪੋ-ਆਪਣਾ ਮੇਜ਼ ਹੁੰਦਾ ਹੈ। ਅਸੀਂ ਰਿਸਾਲੇ 'ਗਿਆਨ ਸ਼ਕਤੀ ਹੈ' ਤੇ 'ਬਾਲਕਾਂ ਲਈ ਕਲ-ਵਿਦਿਆ', ਅਖ਼ਬਾਰਾਂ ਤੇ ਵਿਗਿਆਨ-ਪੱਤਰ 'ਪ੍ਰਕਿਰਤੀ' ਪੜ੍ਹੇ। ਏਥੇ ਹੀ ਬਸ ਨਹੀਂ, ਮੈਂ ਆਪਣੇ ਪਿਤਾ ਜੀ ਤੋਂ ਕੁਝ ਵਿਸ਼ੇਸ਼ ਸਾਹਿਤ ਲਿਆ ਤੇ ਪੜ੍ਹਿਆ। ਬਰਾਡਕਾਸਟ ੨੦ ਅਪ੍ਰੈਲ ਲਈ ਨੀਅਤ ਕੀਤਾ ਗਿਆ। ਅਸੀਂ ਇਤਿਹਾਸ ਦੇ ਸਾਕਿਆਂ, ਤਸਵੀਰਾਂ ਤੇ ਨਕਸ਼ਿਆਂ ਨਾਲ ਭਰੀ

ਨੋਟਬੁਕ ਨਾਲ ਤਿਆਰ ਸਾਂ। ਅਸੀਂ ੯੯ ਫ਼ੀ ਸਦੀ ਕੰਮ ਮੁਕਾ ਲਿਆ ਸੀ, ਤੇ ਸਿਰਫ਼ ਲਿਖਣਾ ਤੇ ਰੀਹਰਸਲ ਕਰਨਾ ਰਹਿ ਗਿਆ ਸੀ।

ਫੇਰ ਸਾਰਾ ਕੁਝ ਧਰਿਆ-ਧਰਾਇਆ ਰਹਿ ਗਿਆ।

ਅਸੀਂ ਆਪਣੇ ਆਪ ਨੂੰ ਇਕ ਕਮਰੇ ਵਿਚ ਬੰਦ ਕਰ ਲਿਆ ਤੇ ਲਿਖਣ ਦੀ ਥਾਂ ਆਪੋ ਵਿਚ ਸ਼ੈਲੀ ਬਾਰੇ ਝਗੜਨ ਲਗ ਪਏ। ਕੁਝ ਚਿਰ ਪਿਛੋਂ ਸਾਡੀ ਸੁਲਾਹ ਹੋ ਗਈ, ਪਰ ਲਿਊਬਾ ਹਵਾ ਬਾਰੇ ਲਿਖੀ ਆਪਣੀ ਕਵਿਤਾ ਪੜ੍ਹਨ ਲਗ ਪਈ। ਮੈਂ ਉਹਨੂੰ ਆਖਿਆ, ਉਹ ਉਂਜ ਕਰੇ, ਜਿਵੇਂ ਸਾਡੀ ਜਮਾਤ ਦਾ ਕਪਤਾਨ, ਲੇਵ ਪੋਮੇਰਾਨਚੀਕ, ਕਰਦਾ ਹੁੰਦਾ ਸੀ: ਜਦੋਂ ਰੱਦੀ ਕਾਗਜ਼ ਇੱਕਠੇ ਕਰਨ ਲਗਦਾ, ਲੋੜੋਂ ਬਹੁਤੇ ਜੋਸ਼ ਕਰਕੇ ਉਹ ਆਪਣੀਆਂ ਚੰਗੀਆਂ-ਚੋਖੀਆਂ ਕਵਿਤਾਵਾਂ ਵੀ ਵਿਚ ਰਖ ਦੇਂਦਾ। ਲਿਊਬਾ ਰੋਣ ਲਗ ਪਈ। ਬੋਰੀਯੇ ਨੇ ਮੇਜ਼ ਉਤੇ ਹਥ ਮਾਰਿਆ ਤੇ ਕੁਦਰਤ ਦੇ ਸੁਹਣੇ ਬਿਆਨਾਂ ਦੀ ਮੰਗ ਕੀਤੀ: ਉਹ ਚਾਹੁੰਦਾ ਸੀ, ਵਿਚ ਬੁਲਬਲਾਂ, ਸਤਰੰਗੀਆਂ, ਆਦਿ ਵੀ ਹੋਣ। ਮੈਂ ਇਹ ਬਰਦਾਸ਼ਤ ਨਾ ਕਰ ਸਕਿਆ ਤੇ ਉਹਨੂੰ ਦੋ-ਚਾਰ ਜੜ ਦਿੱਤੀਆਂ। ਜਵਾਬ ਵਿਚ ਉਹਨੇ ਮੈਨੂੰ ਜੜੀਆਂ। ਅਸੀਂ ਚੁਪ-ਚਾਪ ਲੜਦੇ ਰਹੇ, ਤਾਂ ਜੁ ਕਿਸੇ ਦਾ ਧਿਆਨ ਨਾ ਪਵੇ। ਜਦੋਂ ਸਾਡੀ ਸੁਲਾਹ ਹੋ ਚੁਕੀ ਸੀ, ਪਿਤਾ ਜੀ ਘਰ ਆਏ ਤੇ ਉਹਨਾਂ ਸਾਨੂੰ ਬਾਹਰ ਕਢ ਦਿਤਾ।

ਮੈਂ ਇਹ ਸਤਰਾਂ ਇੱਕਲਿਆਂ ਲਿਖ ਰਿਹਾ ਹਾਂ ਤੇ ਬਹੁਤ ਹੀ ਉਦਾਸ ਮਹਿਸੂਸ ਕਰ ਰਿਹਾ ਹਾਂ। ਹੁਣ ਅਸੀਂ ਕਰੀਏ ਤਾਂ ਕੀ ਕਰੀਏ ? . .

ਇਸ ਲਿਖਤ ਨਾਲ ਡਾਇਰੀ ਬੰਦ ਹੋ ਗਈ...

## ਸਪੂਤਨੀਕ ਬੁਲਾ ਰਿਹਾ ਹੈ

ਸਾਰੀ ਰਾਤ ਗੇਨਾ ਪਲਸੇਟੇ ਮਾਰਦਾ ਰਿਹਾ। ਸੁਫ਼ਨੇ ਵਿਚ ਲਾਲ-ਪੀਲਾ ਹੋਇਆ ਪੋਮੇਰਾਨਚੀਕ ਕੂਕ ਰਿਹਾ ਸੀ, "ਨਹੀਂ ਜੇ ਹੋਇਆ ? ਪਤਾ ਸੀ ਮੈਨੂੰ! ਬਾਹਰਲੇ ਪੁਲਾੜ ਦੀ ਰਿਪੋਰਟ ਲਈ ਸਾਨੂੰ ਕਿਸੇ ਹੋਰ ਨੂੰ ਨੀਅਤ ਕਰਨਾ ਪਵੇਗਾ! ਤੁਹਾਨੂੰ ਸਫ਼ਾਈ ਦੀ ਨਿਗਰਾਨੀ ਵਾਲੀ ਟੋਲੀ 'ਚ ਹੋਣਾ ਚਾਹੀਦਾ ਏ। ਇਹ ਲੌ ਇਹਦੇ ਬਿੱਲੇ!"

ਗੇਨਾ ਸਹਿਮ ਗਿਆ।

ਸਵੇਰ ਸਾਰ ਹੀ ਉਹ ਬਿਸਤਰੇ ਵਿਚੋਂ ਕੁਦ ਖਲੋਤਾ ਤੇ ਨੰਗੇ ਪੈਰੀਂ ਡੈਸਕ ਵਲ ਭੱਜਿਆ ਤੇ ਇਹ ਵੇਖ ਹੈਰਾਨ ਰਹਿ ਗਿਆ, ਉਹਦੇ ਸਾਹਮਣੇ ਪੂਰੇ ਦਾ ਪੂਰਾ ਲੇਖ ਪਿਆ ਸੀ। ਉਹ ਸਫ਼ਾਈ ਨਾਲ ਟਾਇਪ ਕੀਤਾ ਪਿਆ ਸੀ, ਉਹਦਾ ਹਾਸ਼ੀਆ ਛਡਿਆ ਹੋਇਆ ਸੀ ਤੇ ਉਹ ਨੁੱਕਰ ਉਤੇ ਕਲਿਪ ਨਾਲ ਜੜਿਆ ਪਿਆ ਸੀ। ਲੇਖ ਦਾ ਨਾਂ ਸੀ "ਸਪੂਤਨੀਕ ਬੁਲਾ ਰਿਹਾ ਹੈ।"

ਗੇਨਕੇ ਨੇ ਇਕਦਮ ਬੁਝ ਲਿਆ, ਹੋਇਆ ਕੀ ਸੀ। ਖਖਿਆਂਦਾ, ਉਹ ਕੌਚ ਵਲ ਭਜਿਆ, ਜਿਥੇ ਉਹਦੇ ਪਿਤਾ ਜੀ ਸੁੱਤੇ ਹੋਏ ਸਨ। ਇਕ-ਇਕ ਪੈਰ ਰਖਦਿਆਂ ਉਹ ਚਹਿਕ ਕੇ ਕਹਿਣ ਲਗਾ:

"ਮਾਪਿਆਂ ਨੂੰ ਆਪਣੇ ਬਚਿਆਂ ਦਾ ਘਰ ਦਾ ਕੰਮ ਕਰਨ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ।"

ਗੇਨੇ ਦੇ ਪਿਤਾ ਨੇ ਇਕ ਅੱਖ ਖੋਲ੍ਹੀ ਤੇ ਨੀਂਦਰਾਈ ਆਵਾਜ਼ ਵਿਚ ਕਿਹਾ, "ਬੇ-ਸ਼ਕ ਨਹੀਂ ਹੋਣੀ ਚਾਹੀਦੀ! ਇਹ ਤੁਹਾਡਾ ਕੰਮ ਏ। ਮੈਂ ਸਿਰਫ਼ ਤੁਹਾਡੇ ਵਿਚਾਰ ਹੀ ਲਿਖੇ ਨੇ। ਨਾਲੇ, ਤੈਨੂੰ ਆਪ ਚੰਗੀ ਤਰ੍ਹਾਂ ਪਤਾ ਏ, ਮੈਥੋਂ ਕਵਿਤਾ ਨਹੀਂ ਲਿਖੀ ਜਾਂਦੀ। ਤੇ ਹਵਾ ਵਾਲੀ ਕਵਿਤਾ ਬਹੁਤ ਸੁਹਣੀ ਏ। ਜਾ ਹੁਣ, ਬੇਟਾ!"

ਤੇ ਉਹ ਫੇਰ ਸੌਂ ਗਿਆ। ਗੇਨਕਾ ਹਵਾ ਵਾਂਗ ਉਡਿਆ।

ਉਹ ਭੱਜਾ-ਭੱਜਾ ਜਮਾਤ ਵਿਚ ਵੜਿਆ, ਜਦੋਂ ਮੋਟਾ, ਲਾਲ ਪੀਲਾ ਹੋਇਆ ਪੋਮੇਰਾਨਚੀਕ ਲਿਊਬਾ ਤੇ ਬੋਰੀਯੇ ਨੂੰ ਝਾੜ ਰਿਹਾ ਸੀ।

"ਸ਼ੇਖੀਖੋਰੀਓ!" ਉਹਨੇ ਉਹਨਾਂ ਉਤੇ ਅਲਜ਼ਾਮ ਲਾਇਆ। ਤੁਹਾਡੇ 'ਤੇ ਕਿਸੇ ਗੱਲ ਦਾ ਅਤਬਾਰ ਨਹੀਂ ਕੀਤਾ ਜਾ ਸਕਦਾ। ਮੈਂ ਸਵਾਲ ਨੂੰ ਗਰੁੱਪ ਕੌਂਸਲ ਸਾਹਮਣੇ ਰੱਖਾਂਗਾ।"

"ਉਹ, ਪੋਮੇਰਾਨਚੀਕ, ਸੁਣਾ!" ਗੇਨਾ ਕੂਕਿਆ ਤੇ ਖੁਸ਼ੀ-ਖੁਸ਼ੀ ਵਿਚ ਉਹਨੇ ਜਮਾਤ ਦੇ ਕਪਤਾਨ ਦੇ ਨੱਕ ਉਤੇ ਇਕ ਠੋਕ ਦਿਤੀ। "ਇਹ ਲੈ!" ਉਹਨੇ ਲੇਖ ਨੂੰ ਹਿਲਾਇਆ। "ਤਿਆਰ ਏ!"

"ਅਸ਼ਕੇ!" ਲਿਊਬਾ ਤੇ ਬੋਰੀਆ ਰਲ ਕੇ ਕੂਕ ਉਠੇ ਤੇ ਬੌਂਦਲੇ ਪਏ ਪੋਮੇਰਾਨਚੀਕ ਨੂੰ ਓਥੇ ਹੀ ਛਡ, ਗੇਨੇ ਪਿਛੇ-ਪਿਛੇ ਛਾਲਾਂ ਮਾਰਦੇ ਲਾਂਘੇ ਵਿਚ ਜਾ ਵੜੇ।

"ਗੱਲ ਏ," ਸਾਹੋ ਸਾਹੀ ਹੁੰਦਿਆਂ ਗੇਨੇ ਨੇ ਸਮਝਾਇਆ। "ਮੈਂ ਸੋਚਦਿਆਂ ਉਠਿਆ, ਸਾਡੇ ਵਾਲਾ ਕੰਮ ਹੋ ਗਿਐ, ਪੋਮੇਰਾਨਚੀਕ ਸਾਡਾ ਬੁਰਾ ਹਾਲ ਕਰੇਗਾ, ਤੇ ਕੰਧ-ਅਖ਼ਬਾਰ 'ਚ ਸਾਡਾ ਕਾਰਟੂਨ ਬਣੇਗਾ। ਫੇਰ, ਮੇਜ਼ 'ਤੇ ਮੈਂ ਇਹ ਲੇਖ ਵੇਖਿਆ..."

ਜਦੋਂ ਅੱਧੀ ਛੁੱਟੀ ਸ਼ੁਰੂ ਹੋਈ, ਦੋਸਤ ਰੇਡੀਊ ਕੇਂਦਰ ਵਲ ਹੋ ਪਏ। ਉਹਨਾਂ ਨੂੰ ਬੂਹਾ ਕਿੰਨਾ ਚਿਰ ਭੰਨਣਾ ਪਿਆ, ਕਿਉਂ ਜੁ ਵਡੇ ਮੁੰਡਿਆਂ ਨੇ ਉਹਨੂੰ ਇੰਜ ਬੰਦ ਕੀਤਾ ਹੋਇਆ ਸੀ ਕਿ ਕੋਈ ਆ ਉਹਨਾਂ ਦੇ ਕੰਮ ਵਿਚ ਵਿਘਨ ਨਾ ਪਾਵੇ। ਪਰ ਜਿਵੇਂ ਹੀ ਉਹਨਾਂ ਨੂੰ ਪੁਲਾੜੀ ਬਰਾਡਕਾਸਟ ਦਾ ਪਤਾ ਲਗਾ, ਉਹਨਾਂ ਉਹਨਾਂ ਨੂੰ ਅੰਦਰ ਆਉਣ ਦਿਤਾ। ਉਹਨਾਂ ਉਹਨਾਂ ਨੂੰ ਮੇਜ਼ਾਂ ਅਗੇ ਬਿਠਾ ਦਿਤਾ ਤੇ ਲਿਊਬਾ ਦੇ ਨੱਕ ਥੱਲੇ ਇਕ ਘੜੀ ਰਖ ਦਿਤੀ ਤੇ ਆਖਿਆ, "ਇਹਨੂੰ ਵੇਖਦੀ ਰਹੀਂ। ਪੰਦਰ੍ਹਾਂ ਮਿੰਟ ਤੁਹਾਡੇ।" ਲਿਊਬਾ ਨੇ ਚੁਪ-ਚਾਪ ਸਿਰ ਹਿਲਾਇਆ ਤੇ ਆਪਣੀਆਂ ਹੈਰਾਨ ਅੱਖਾਂ ਘੜੀ ਉਤੇ ਜੜ ਦਿਤੀਆਂ।

"ਕੌਣ ਸ਼ੁਰੂ ਕਰੇਗਾ," ਇਨਚਾਰਜ ਮੁੰਡੇ ਨੇ ਖਰਜਦਾਰ ਆਵਾਜ਼ ਵਿਚ ਪੁਛਿਆ।

"ਉਹ ਕਰੇਗਾ," ਬੋਰੀਯੇ ਨੇ ਗੇਨੇ ਵਲ ਇਸ਼ਾਰਾ ਕੀਤੀ। "ਤੇ ਫੇਰ ਅਸੀਂ ਵਾਰੋ ਵਾਰੀ ਕਰਾਂਗੇ।"

ਮੁੰਡੇ ਨੇ ਮਾਇਕਰੋਫ਼ੋਨ ਚਲਾ ਦਿਤਾ ਤਾਂ ਬਰਾਡਕਾਸਟ ਸ਼ੁਰੂ ਹੋ ਗਿਆ। ਗੇਨਾ ਪੜ੍ਹਨ ਲਗ ਪਿਆ। ਜ਼ੋਰ ਨਾਲ ਉਹਦੀ ਆਵਾਜ਼ ਫਟ ਰਹੀ ਸੀ:

**ਸਪੂਤਨੀਕ ਬੁਲਾ ਰਿਹਾ ਹੈ!**
**ਸਪੂਤਨੀਕ ਬੁਲਾ ਰਿਹਾ ਹੈ!**
**ਸੋਵੀਅਤ ਸਪੂਤਨੀਕ ਤੀਜਾ ਧਰਤੀ ਨੂੰ ਬੁਲਾ ਰਿਹਾ ਹੈ!**


ਸੁਣੋ, ਸੁਣੋ! ਮੈਂ ਤੁਹਾਨੂੰ ਧਰਤੀ ਬਾਰੇ, ਆਕਾਸ਼ ਬਾਰੇ, ਤਾਰਿਆਂ ਬਾਰੇ, ਦੱਸਾਂਗਾ। ਸੁਣੋ, ਸੁਭਾਗੇ ਲੋਕੋ! ਤੁਸੀਂ ਸਕੂਲ ਦੇ ਬਚਿਆਂ ਦੀ ਪਹਿਲੀ ਪੀੜ੍ਹੀ ਹੋ, ਜਿਹਨੂੰ ਆਪਣੇ ਗ੍ਰਹਿ ਦੇ ਬਹੁਤ ਸਾਰੇ ਭੇਤਾਂ ਦਾ ਪਤਾ ਲਗ ਰਿਹਾ ਹੈ।

ਸੂਰਜ ਨੂੰ ਜਾਣਦੇ ਹੋ? ਬੇ-ਸ਼ਕ ਤੁਸੀਂ ਜਾਣਦੇ ਹੋ। ਇਹ ਹਰ ਰੋਜ਼ ਚਮਕਦਾ ਹੈ!

ਪ੍ਰਾਚੀਨ ਸਮਿਆਂ ਵਿਚ, ਮਿਸਰੀ ਸੂਰਜ ਦੀ ਪੂਜਾ ਕਰਦੇ ਹੁੰਦੇ ਸਨ। ਉਹ ਤਪ ਚਿੱਟੇ ਹੋਏ ਦੇਵਤਾ ਰਾ ਨੂੰ ਕਹਿਰ ਵਿਚ ਆਇਆ ਵੇਖ ਕੰਬਦੇ ਸਨ, ਇਸ ਲਈ ਕਿ ਉਹਨਾਂ ਦੇ ਦੁਆਲੇ ਥਲ ਸਨ। ਇਕੋ ਇਕ ਆਦਮੀ ਜਿਹੜਾ ਦੇਵਤੇ ਦੇ ਮੂੰਹ ਵਲ ਵੇਖ ਸਕਦਾ ਸੀ, ਉਹ ਸੀ ਫ਼ਰਊਨ ਕਿਉਂ ਜੁ ਉਹਦੇ ਕੋਲ ਕਾਲੇ ਲੈਨਜ਼ ਵਾਲੀਆਂ ਦੁਰ-ਲਭ ਤੇ ਕੀਮਤੀ ਐਨਕਾਂ ਸਨ। ਪਰ ਉਹਨੂੰ ਵੀ ਚਿਤ-ਚੇਤਾ ਨਹੀਂ ਸੀ, ਉਹਨੂੰ ਦੇਵਤੇ ਰਾ ਦੀਆਂ ਭਿਆਨਕ ਕਿਰਨਾਂ ਤੋਂ, ਸੂਰਜ ਦੀ ਵਾਫ਼ਰ ਸਖ਼ਾਵਤ ਤੋਂ, ਕਾਲੀਆਂ ਐਨਕਾਂ ਨਹੀਂ, ਅਰਦਾਸਾਂ ਨਹੀਂ, ਨੀਲਾ ਅਸਮਾਨ ਬਚਾ ਰਿਹਾ ਸੀ, ਵਾਯੂ-ਮੰਡਲ ਬਚਾ ਰਿਹਾ ਸੀ। ਪਰ, ਤੁਹਾਨੂੰ ਇਸ ਸਭ ਕਾਸੇ ਦਾ ਪਤਾ ਹੈ — ਸੂਰਜ-ਦੇਵਤੇ ਤੇ ਪ੍ਰਾਚੀਨ ਯੂਨਾਨੀਆਂ ਦਾ, ਜਿਨ੍ਹਾਂ ਸਾਨੂੰ ਵਾਯੂ-ਮੰਡਲ ਦਾ ਸੰਕੇਤ ਦਿਤਾ, ਤੇ ਇਹ ਸਚਾਈ ਦਾ ਪਤਾ ਹੈ ਕਿ ਇਹ ਸਾਡੀ ਧਰਤੀ ਲਈ ਉਹ ਕੁਝ ਹੈ, ਜੁ ਪੌਦ-ਘਰ ਲਈ ਸ਼ੀਸ਼ਾ...

ਜਿਸ ਵਰ੍ਹੇ ਮੈਂ ਚਲਿਆ, ਵਾਯੂ-ਮੰਡਲ ਅਸ਼ਾਂਤ ਸੀ। ਵਿਗਿਆਨੀਆਂ ਨੇ ਉਹਦਾ ਵਰਤਾਰਾ ਵਿਚਾਰਨ ਲਈ ਗੋਲ-ਮੇਜ਼ ਇਕਤੱਤ੍ਰਾ ਕੀਤੀ।

"ਪਿਆਰੇ ਸਾਥੀਓ," ਇਕ ਨੇ ਆਖਿਆ, "ਹਾਲਤ ਤੌਖ਼ਲੇ ਵਾਲੀ ਹੈ। ਸਮੁੱਚੇ ਗ੍ਰਹਿ ਉਤੇ ਭੈੜੇ, ਝਖੜੀਲੇ ਮੌਸਮ ਦਾ ਦੌਰ-ਦੌਰਾ ਹੈ। ਮਨੁੱਖੀ ਨਸਲ ਉਤੇ ਕੁਦਰਤੀ ਆਫ਼ਤਾਂ ਟੁੱਟ ਪਈਆਂ ਹਨ। ਮੈਂ ਤੱਥ ਤੁਹਾਡੇ ਅੱਗੇ ਰਖਦਾ ਹਾਂ। ੧੯੫੬ ਵਿਚ ਦੁਨੀਆਂ ਵਿਚ ਇਕ ਸੌ ਵਡੀਆਂ-ਵਡੀਆਂ ਕੁਦਰਤੀ ਤਬਾਹੀਆਂ ਆਈਆਂ। ਹਿੰਦੁਸਤਾਨ ਵਿਚ ਹਜ਼ਾਰਾਂ ਪਿੰਡੀਂ ਹੜ੍ਹ ਦਾ ਪਾਣੀ ਵੜ ਆਇਆ, ਫ਼ਸਲਾਂ ਤਬਾਹ ਹੋ ਗਈਆਂ, ਤੇ ਦਸ





ਲਖ ਲੋਕਾਂ ਕੋਲ ਅੰਨ ਤੇ ਓਹਲਾ ਨਾ ਰਿਹਾ। ਮੀਂਹ ਤੇ ਕੰਢੇ ਤੋੜ ਨਿਕਲੇ ਦਰਿਆਵਾਂ ਨੇ ਈਰਾਨ ਤੇ ਅਫ਼ਗਾਨਿਸਤਾਨ ਜਿਹੇ ਸੁੱਕੇ ਦੇਸਾਂ ਵਿਚ ਹੜ੍ਹ ਲੈ ਆਂਦਾ ਹੈ। ਤੇ ਪਛਮੀ ਯੋਰਪ ਵਿਚ, ਚਾਣਚਕ ਹੀ ਡਾਢੇ ਤੋਂ ਡਾਢਾ ਕੱਕਰ ਆ ਪਿਆ ਤੇ ਹਜ਼ਾਰਾਂ ਲੋਕ ਪਾਲੇ ਦੇ ਸ਼ਿਕਾਰ ਹੋਏ।"

ਇਕ ਹੋਰ ਵਿਗਿਆਨੀ ਨੇ ਤਬਾਹੀਆਂ ਦੀ ਸੂਚੀ ਜਾਰੀ ਰਖੀ।

"੧੯੫੭ ਦੀਆਂ ਤਬਾਹੀਆਂ ਇਸ ਤੋਂ ਵੀ ਡਾਢੀਆਂ ਸਨ। ਅਵਾਈਆਂ ਉਡੀਆਂ, ਧਰਤੀ ਨੂੰ ਕੁਝ ਵਾਪਰ ਗਿਆ ਹੈ ਤੇ ਕਿਸੇ ਗੱਲੇ ਪੌਣ-ਪਾਣੀ ਬਦਲ ਗਿਆ ਹੈ। ਮਾਸਕੋ ਵਿਚ, ਬਸੰਤ ਫ਼ਰਵਰੀ ਵਿਚ ਆ ਗਈ, ਤੇ ਤਾਸ਼ਕੰਦ ਤੇ ਅਲਮਾ-ਆਤਾ ਵਿਚ ਬਰਫ਼ ਪਈ। ਕਾਲੇ ਸਾਗਰ ਵਿਚ ਝੱਖੜ ਆਇਆ ਤੇ ਦਸ ਦਰਜੇ ਦੀ ਹਵਾ ਚੱਲੀ, ਜਿਸ ਪਿਛੋਂ ਚੋਖੀ ਬਰਫ਼ ਪਈ। ਓਸੇ ਹੀ ਵੇਲੇ, ਆਸਟਰੇਲੀਆ ਤੇ ਊਰਾਗੁਏ ਵਿਚ ਆਮ ਨਾਲੋਂ ਬਹੁਤੀ ਗਰਮੀ ਪੈ ਰਹੀ ਸੀ ਤੇ ਜੰਗਲ ਤੇ ਮੈਦਾਨ ਤਪਸ਼ ਨਾਲ ਭੁੱਜ ਰਹੇ ਸਨ ..."

ਤੀਜਾ ਵਿਗਿਆਨੀ ਬੋਲਣ ਲਗਾ :

"ਮੈਂ ਤੁਹਾਨੂੰ ਦੱਸਦਾ ਹਾਂ, ਉਸ ਤੋਂ ਬਾਅਦ ਵਾਲੇ ਵਰ੍ਹੇ ਕੀ ਹੋਇਆ। ਲੰਕਾ ਵਿਚ ਹੜ੍ਹ ਆਏ। ਅਮਰੀਕਾ ਵਿਚ ਅਸਾਧਾਰਨ ਹਦ ਤਕ ਤੁੰਦ ਬਰਫ਼ੀਲੇ ਝੱਖੜ ਆਏ। ਮਾਸਕੋ ਵਿਚ ਮਈ ਮਹੀਨੇ ਦੀ ਗਰਮੀ ਤੋਂ ਪਿਛੋਂ ਡਾਢੇ ਸਖ਼ਤ ਗਰਜ ਵਾਲੇ ਝਖੱੜ ਆਏ ਤੇ ਨਾਲ-ਨਾਲ ਹੀ ਅੱਗਾਂ ਲਗੀਆਂ। ਜਾਪਾਨ ਵਿਚ ਅਜਿਹਾ ਸੋਕਾ ਪਿਆ ਕਿ ਓਥੇ ਪਾਣੀ ਦਾ ਰਾਸ਼ਨ ਕਰਨਾ ਪੈ ਗਿਆ।"

ਅਗਲਾ ਵਿਗਿਆਨੀ ਸੂਰਜ ਬਾਰੇ ਬੋਲਿਆ।

"ਸਾਥੀਓ, ਇਹ ਸਖ਼ਤ ਸੂਰਜੀ ਸਰਗਰਮੀ ਦਾ ਸਮਾਂ ਹੈ। ਅੱਗ-ਚਿੱਟਾ ਸਿਤਾਰਾ ਉਬਾਲੇ ਖਾ ਰਿਹਾ ਹੈ। ਦੈਂਤ ਆਕਾਰ ਧਮਾਕੇ ਲਖੂਖਾ ਦਰਜੇ ਤਕ ਤਪੀਆਂ ਗੈਸਾਂ ਨੂੰ ਪੁਲਾੜ ਵਿਚ ਸੁੱਟ ਰਹੇ ਹਨ। ਤੁਹਾਨੂੰ, ਨਿਰ ਸੰਦੇਹ ਹੀ, ਪਤਾ ਹੈ, ਸ਼ਕਤੀ ਦੇ ਇਹਨਾਂ ਕਿਣਕਿਆਂ ਨੂੰ ਕਾਰਪੂਸਕਲ ਕਹਿੰਦੇ ਹਨ। ਉਹ ਇਕ ਸਕਿੰਟ ਵਿਚ ਇਕ ਹਜ਼ਾਰ ਮੀਲ ਦੀ ਰਫ਼ਤਾਰ ਨਾਲ ਧਰਤੀ ਵਲ ਭਜਦੇ ਹਨ ਤੇ ਧਰਤੀ ਦੇ ਵਾਯੂ-ਮੰਡਲ ਨੂੰ ਵਿੰਨ੍ਹ ਦੇਂਦੇ ਹਨ। ਸੂਰਜ ਉਤੇ ਇਹ ਭੜਮੱਚ ਹਰ ਗਿਆਰਾਂ ਵਰ੍ਹਿਆਂ ਪਿਛੋਂ ਮੱਚਦੇ ਹਨ। ਇਹ ਹੈ ਜੁ ਕੁਝ ਪਿਛੇ ਜਿਹੇ ਹੋਇਆ।

"ਕੋਈ ਸ਼ਕ ਨਹੀਂ ਕਿ ਕੁਦਰਤੀ ਤਬਾਹੀਆਂ ਪਹਿਲੋਂ ਵੀ ਹੁੰਦੀਆਂ ਰਹੀਆਂ ਹਨ। ਪਰ ਉਹਨੀਂ ਦਿਨੀਂ ਲੋਕਾਂ ਕੋਲ ਤਾਰ, ਰੇਡੀਊ ਤੇ ਹਵਾਈ ਜਹਾਜ਼ ਨਹੀਂ ਸੀ ਹੁੰਦੇ, ਉਹਨਾਂ ਨੂੰ ਖ਼ਬਰ ਨਹੀਂ ਸੀ ਹੁੰਦੀ, ਦੁਨੀਆਂ

ਭਰ ਵਿਚ ਕੀ ਵਾਪਰ ਰਿਹਾ ਸੀ। ਅਸੀਂ ਇਹਨਾਂ ਬਦਨਸੀਬੀਆਂ ਨੂੰ ਗਿਣਨ ਤੇ ਉਹਨਾਂ ਦਾ ਕਾਰਨ ਲੱਭਣ ਲਈ ਪਹਿਲੀ ਵਾਰ ਇਕੱਠੇ ਹੋਏ ਹਾਂ। ਸਾਡਾ ਸ਼ੱਕ ਸੂਰਜ ਉਤੇ ਹੈ। ਸਾਡੀ ਰਾਇ ਵਿਚ, ਇਹ ਉਹਨਾਂ ਦੈਂਤ-ਆਕਾਰ ਹਵਾਈ ਰੌਆਂ ਉਤੇ ਅਸਰ ਪਾਂਦਾ ਹੈ, ਜਿਨ੍ਹਾਂ ਤੋਂ ਅਚਣਚੇਤੇ ਝਖੱੜ ਤੇ ਮੀਂਹ, ਗਰਮੀ ਤੇ ਕੱਕਰ ਉਪਜਦਾ ਹੈ। ਸਪੂਤਨੀਕ ਸਾਨੂੰ ਦੱਸੇਗਾ ਕਿ ਉਹ ਗੱਲ ਠੀਕ ਹੈ, ਜਿਸਦਾ ਸਾਨੂੰ ਸ਼ਕ ਹੈ..."

ਇਹ ਸੀ ਜੁ ਵਿਗਿਆਨੀ ਨੇ ਆਖਿਆ, ਜਦੋਂ ਮੈਨੂੰ ਛਡਿਆ ਗਿਆ। ਇਹ ਹੈ, ਜੁ ਮੈਂ, ਸਪੂਤਨੀਕ ਤੀਜੇ, ਨੇ ਤਕਿਆ।

ਸੂਰਜ ਤੋਂ ਇਕ ਸੂਰਜੀ ਹਵਾ ਵਗ ਰਹੀ ਸੀ। ਉਹ ਉਡ ਰਹੀ ਸੀ, ਅੰਗਿਆਰ ਵਾਂਗ ਤਪੀ ਹੋਈ ਤੇ ਤੇਜ਼, ਉਹ ਉਡ ਰਹੀ ਸੀ ਤੇ ਇਕ ਗੀਤ ਗੌਂ ਰਹੀ ਸੀ:

ਹੋਸ਼ਿਆਰ, ਪੁਲਾੜ-ਧੂੜੋ, ਸਾਫ਼ ਕਰੋ ਰਾਹ!
ਤੂੰ ਮੰਗਲ, ਤੂੰ ਸ਼ੁੱਕਰ, ਅਗੋਂ ਹਟ ਜਾ!
ਜੁ ਆਵੇ ਅਗਾਂਹ, ਉਹਦੀ ਕਰਾਂ ਮੈਂ ਕੇਰੀ,
ਚੈਮਪੀਅਨ ਮੈਂ, ਕਰਨ ਤਾਰੇ ਸਿਫ਼ਤ ਮੇਰੀ!
ਬੁੱਢੀਏ ਨੀ ਧਰਤੀਏ, ਤੂੰ ਨੀ ਹਾਲੇ
ਨਿੱਕਾ ਜਿਹਾ ਖਿੱਧੂ, ਤਾਰਿਆਂ ਦੇ ਵਿਚਾਲੇ।
ਤੇਰੇ ਨਾਲ ਟੱਕਰ, ਮੇਰੀ ਹੋ ਕੇ ਰਹਿਣੀ
ਥਾਂ ਤੇ ਸਮੇਂ ਵਿਚ ਕਿਤੇ ਹੋ ਏ ਪੈਣੀ।
ਤੈਨੂੰ ਫੂਕ ਦੇਣੈਂ, ਤੇਰਾ ਕੁਝ ਨਹੀਂ ਰਹਿਣਾ
ਤੇਰੀ ਸਵਾਹ ਨੇ, ਪੁਲਾੜੀਂ ਹੈ ਵਹਿਣਾ।
ਆਸ ਨਾ ਰਖੀਂ, ਮੈਂ ਤਰਸ ਨਹੀਉਂ ਕਰਨਾ,
ਨਾ ਤੇਰੀ ਮੈਂ, ਮਨੁੱਖ-ਜਾਤੀ ਨੂੰ ਜਰਨਾ।
ਮੈਂ ਉੱਡਾਂ, ਮੇਰੀ ਰਫ਼ਤਾਰ ਹੌਲ ਪਾਵੇ
ਮੇਰੇ ਪਿਛੇ-ਪਿਛੇ, ਧੂੜ ਵਲ ਖਾਵੇ।
ਮੈਂ ਹਵਾ ਸੂਰਜੀ, ਜੰਮਪਲ ਅੱਗ ਦੀ
ਮੇਰੇ ਜਿਹੀ ਡਾਢੀ, ਨਾ ਹਵਾ ਜਗ ਦੀ।

ਮੈਂ, ਸਪੂਤਨੀਕ ਤੀਜਾ, ਸਹਿਮ ਗਿਆ। ਜੇ ਭਲਾ ਵਾਯੂ-ਮੰਡਲ ਇਹਨੂੰ ਸਹਾਰ ਨਾ ਸਕਿਆ? ਸੂਰਜ ਦਾ ਗਰਮ ਸਾਹ ਧਰਤੀ ਦੀ ਹਰ ਜਿਊਂਦੀ ਚੀਜ਼ ਨੂੰ ਫੂਕ ਛੱਡੇਗਾ।

ਪਰ ਧਰਤੀ ਨੂੰ, ਸਾਡੇ ਪੱਕੇ, ਗੋਲ ਗ੍ਰਹਿ ਨੂੰ, ਜਿਹੜੇ ਸਾਢੇ ਚਾਰ ਅਰਬ ਵਰ੍ਹਿਆਂ ਤੋਂ ਜਿਊਂਦਾ ਚਲਿਆ ਆ ਰਿਹਾ ਹੈ, ਇਹਨਾਂ ਗੱਲਾਂ ਦਾ ਕੁਝ ਤਜਰਬਾ ਹੈ ਤੇ ਉਹਨੇ ਘੁਮੰਡ ਵਾਲੀ ਹਵਾ ਨੂੰ ਆਪਣਾ ਜ਼ੋਰ ਵਿਖਾਇਆ। ਉਹਨੇ ਸੂਰਜੀ ਹਵਾ ਦੇ ਰਾਹ ਵਿਚ ਇਕ ਅਦਿਸਵੀਂ ਰੋਕ ਪਾ ਦਿਤੀ ਤੇ ਖ਼ਤਰਨਾਕ ਰਾਹੀ

ਨੂੰ ਆਪਣੇ ਚੁੰਬਕ ਜਾਲ ਵਿਚ ਕੈਦ ਕਰ ਲਿਆ। ਤੇਜ਼ ਉਡ ਰਹੇ ਕਾਰਪੂਸਕਲ ਫੜ ਲਏ ਗਏ ਤੇ ਤਾੜ ਦਿਤੇ ਗਏ।


ਧਰਤੀ ਦੁਆਲੇ ਖ਼ਤਰਨਾਕ ਅਦਿਸਵੇਂ ਕਿਣਕਿਆਂ ਦੇ ਦੋ ਦਿਓਕਦ ਚੱਕਰ ਹਨ। ਉਹ ਇਕ ਦੂਜੇ ਨਾਲ ਰਲੇ ਹੋਏ ਹਨ ਇੰਜ ਜਿਵੇਂ ਉਹ ਦੋ ਬੰਦ ਹੋਣ, ਇਕ ਵਡਾ ਤੇ ਇਕ ਛੋਟਾ। ਤੇ ਅਧ-ਵਿਚਕਾਰ ਸਾਡੀ ਧਰਤੀ ਹੈ। ਵਡਾ ਚੱਕਰ ਮੇਰੇ ਉਤੇ ਲਮਕਿਆ ਹੋਇਆ ਹੈ ਤੇ ਪੁਲਾੜ ਦੀ ਅਸਲੋਂ ਦਹਿਲੀਜ਼ ਉਤੇ। ਮੈਂ ਉਡ ਕੇ ਨਿੱਕੇ ਚੱਕਰ ਵਿਚ ਆ ਗਿਆ ਹਾਂ। ਮੈਂ ਦਸਣਾ ਚਾਹੁੰਦਾ ਹਾਂ, ਇਹ ਬਹੁਤਾ ਸੁਖਾਵਾਂ ਨਹੀਂ ਸੀ। ਖਤ੍ਰਨਾਕ ਕਿਰਨਾਹਟ ਨਾਲ ਮੱਥਾ ਕੌਣ ਲਾਣਾ ਚਾਹੁੰਦਾ ਹੈ?

ਪਰ ਮੇਰੇ ਪਿਛੋਂ ਪੁਲਾੜ ਵਿਚ ਮਨੁੱਖਾਂ ਨੇ ਆਉਣਾ ਹੈ, ਮਸ਼ੀਨੀ ਮਨੁੱਖਾਂ ਨੇ ਨਹੀਂ। ਉਹਨਾਂ ਲਈ ਕਿਰਨਾਂ ਬਹੁਤੀਆਂ ਖ਼ਤਰਨਾਕ ਹਨ। ਮੈਂ ਉਹਨਾਂ ਲਈ ਤਾਰਿਆਂ ਦਾ ਰਾਹ ਲਭਣਾ ਹੈ।

ਮੈਂ ਧਿਆਨ ਨਾਲ ਤੇ ਅਡੋਲ ਹੋ ਕਿਰਨਾਹਟ ਦੇ ਇਹਨਾਂ ਦੋਵਾਂ ਚਕਰਾਂ ਦੀ ਘੋਖ ਕੀਤੀ, ਜਿਨ੍ਹਾਂ ਨੂੰ ਮੇਰੇ ਤੋਂ ਛੋਟੇ ਸਪੂਤਨੀਕਾਂ ਨੇ ਲਭਿਆ ਸੀ। ਮੈਂ ਆਪਣੇ ਆਪ ਨੂੰ ਆਪਣੀ ਲੇਬਾਰਟਰੀ ਵਿਚ ਬੈਠਾ ਕੋਈ ਵਿਗਿਆਨੀ ਮਹਿਸੂਸ ਕਰ ਰਿਹਾ ਸਾਂ। ਮੈਂ ਵੇਖਿਆ ਤੇ ਲਿਖ ਲਿਆ ਤੇ ਆਪਣੀ ਜਾਣਕਾਰੀ ਧਰਤੀ ਨੂੰ ਘਲ ਦਿਤੀ। ਮੈਨੂੰ ਪਤਾ ਸੀ, ਮੇਰੇ ਸੰਕੇਤ ਕਈ ਸੌ ਕੇਂਦਰਾਂ, ਨਿਰੀਖਕਾਂ ਤੇ ਸ਼ੌਕੀਆ ਤਾਰੇ-ਵਿਗਿਆਨੀਆਂ ਨੂੰ ਪਹੁੰਚ ਰਹੇ ਸਨ, ਭਾਵੇਂ ਮੈਂ ਉਹਨਾਂ ਨੂੰ ਕਿਸੇ ਵੀ ਪਾਸਿਉਂ ਨਾ ਘਲ ਰਿਹਾ ਹੋਵਾਂ। ਜੁ ਕੁਝ ਮੈਂ ਕਿਹਾ, ਲੋਕਾਂ ਨੇ ਲਿਖ ਲਿਆ, ਆਪਣਾ ਲਿਖਿਆ ਲਫ਼ਾਫ਼ਿਆਂ ਵਿਚ ਪਾਇਆ ਤੇ ਉਹਨੂੰ "ਮਾਸਕੋ-ਕੋਸਮੋਸ" ਲਿਖ ਕੇ ਡਾਕ ਵਿਚ ਪਾ ਦਿਤਾ। ਜਾਂ ਉਹ ਤਾਰ ਦੇਣ ਦੀ ਮਸ਼ੀਨ ਅਗੇ ਬਹਿ ਗਏ ਤੇ ਉਹਨਾਂ "ਮਾਸਕੋ-ਕੋਸਮੋਸ" ਟਾਈਪ ਕਰ ਦਿਤਾ।

ਮੈਂ ਇਹ ਤਾੜਨਾ ਘੱਲੀ: ਕਾਸਮਿਕ ਕਿਰਨਾਂ ਖ਼ਤਰਨਾਕ ਹਨ। ਕਾਸਮੋਨਾਟੋ, ਇਹਨਾਂ ਅਦਿੱਸ ਗੋਲੀਆਂ ਤੋਂ ਖ਼ਬਰਦਾਰ ਰਹੋ। ਹਰ ਕਿਣਕਾ ਮਨੁੱਖੀ ਸਰੀਰ ਦੇ ੧੫ ਹਜ਼ਾਰ ਸੈਲ ਤਬਾਹ ਕਰ ਦੇਂਦਾ ਹੈ। ਇਹ ਬਹੁਤੇ ਨਹੀਂ, ਕਿਉਂ ਜੁ ਮਨੁੱਖ ਕੋਲ ਹਜ਼ਾਰਾਂ ਅਰਬ ਸੈਲ ਹੁੰਦੇ ਹਨ। ਪਰ ਫੇਰ ਵੀ, ਇਸ ਵੈਰੀ ਤੋਂ ਖ਼ਬਰਦਾਰ ਰਹੋ, ਆਪਣੀ ਰਖਿਆ ਦਾ ਕੋਈ ਢੰਗ ਲਭੋ। ਬਕਤਰਬੰਦ ਕੈਬਿਨ ਈਜਾਦ ਕਰੋ! ਖਤਰੇ ਵਾਲੇ ਚੱਕਰਾਂ ਵਿਚ ਨਾ ਉਡੋ!..

ਕਾਸਮਿਕ ਕਿਣਕੇ ਦੋਵਾਂ ਚਕਰਾਂ ਵਿਚ ਤੇਜ਼ ਤੇਜ਼ ਗੇੜ ਲਾ ਰਹੇ ਸਨ ਤੇ ਨਿਕਲ ਨਹੀਂ ਸਨ ਸਕਦੇ, ਕਿਉਂ ਜੁ ਉਹ ਚੁੰਬਕ ਜਾਲ ਵਿਚ ਫਸੇ ਹੋਏ ਸਨ। ਪਰ ਸਭ ਤੋਂ ਤੇਜ਼ ਤੇ ਤਕੜੀਆਂ ਕਿਰਨਾਂ ਨਿਕਲ ਗਈਆਂ, ਉਡਦੀਆਂ ਵਾਯੂ-ਮੰਡਲ ਵਿਚ ਆਣ ਵੜੀਆਂ, ਉਹਨਾਂ ਉਹਨੂੰ ਤਪਾ ਦਿਤਾ ਤੇ ਧਰਤੀ ਉਤੇ ਵਡੀਆਂ ਹਲਚਲਾਂ ਨੂੰ ਜਨਮ ਦਿਤਾ। ਮੈਨੂੰ ਫੇਰ ਵਿਗਿਆਨੀ ਦੀ ਸਖ਼ਤ ਆਵਾਜ਼ ਸੁਣੀਤੀ:




"ਤਬਾਹੀਆਂ ਦੀ ਗਿਣਤੀ ਘਟ ਕੇ ਅੱਧੀ ਰਹਿ ਗਈ ਹੈ। ਪਰ ਪਿਛਲੇ ਵਰ੍ਹੇ, ੧੯੫੯, ਵਿਚ ਉਹ

ਸਭ ਤੋਂ ਵਧ ਦੁਖਾਂਤਕ ਸਨ। ਬਰਾਜ਼ੀਲ ਵਿਚ ਕਰੋੜਾਂ ਲੋਕ ਸੋਕੇ ਦਾ ਸ਼ਿਕਾਰ ਹੋਏ। ਪੰਜ ਤੂਫ਼ਾਨਾਂ ਤੇ ਉਹਨਾਂ ਪਿਛੋਂ ਆਏ ਹੜ੍ਹਾਂ ਨੇ ਮਡਗਾਸਕਰ ਦੇ ਟਾਪੂ ਨੂੰ ਵੀਰਾਨ ਕਰ ਦਿਤਾ। ਸਮੁੰਦਰੀ ਤੂਫ਼ਾਨ ਜਾਪਾਨ ਵਿਚ ਝੁਲਦੇ ਰਹੇ। ਔਖਾ ਵਰ੍ਹਾ ਮੈਕਸੀਕੋ ਉਤੇ ਇਕ ਝੱਖੜ ਤੇ ਯੋਰਪ ਤੇ ਅਮਰੀਕਾ ਦੇ ਸਮੁੰਦਰੀ ਕੰਢਿਆਂ ਉਤੇ ਤੂਫਾਨਾਂ ਨਾਲ ਮੁਕਿਆ।"



ਹੇਠਾਂ ਲੋਕ ਸਪੂਤਨੀਕ ਦੀ ਆਵਾਜ਼ ਉਡੀਕ ਰਹੇ ਸਨ, ਤੇ ਮੈਂ ਕੰਮ ਕਰਦਾ ਗਿਆ, ਕਰਦਾ ਗਿਆ ਤੇ ਕਰਦਾ ਗਿਆ, ਤਾਂ ਜੁ ਵਿਗਿਆਨੀ ਮੇਰੇ ਸੰਕੇਤਾਂ ਨੂੰ ਹਿੰਦਸਿਆਂ ਦੀ ਸ਼ਕਲ ਵਿਚ ਰਿਕਾਰਡ ਕਰ ਅਲੈਕਟ੍ਰਾਨਿਕ ਕਮਪਿਊਟਰਾਂ ਨੂੰ ਮਸਲੇ ਹਲ ਕਰਨ ਲਈ ਤੇ ਇਸ ਤਰ੍ਹਾਂ ਬ੍ਰਹਿਮੰਡ ਦੇ ਭੇਤਾਂ ਉਤੋਂ ਪਰਦਾ ਚੁੱਕਣ ਲਈ ਚਲਾ ਸਕਣ।

ਮੈਂ ਪੁਲਾੜੀ ਲੇਬਾਰਟਰੀ ਹਾਂ। ਮੈਂ ਮਨੁੱਖ ਲਈ ਰਾਹ ਦੀ ਭਾਲ ਕੀਤੀ ਹੈ। ਮੈਨੂੰ ਖੁਸ਼ੀ ਹੈ, ਮੈਂ ਅਜਿਹੇ ਸਮੇਂ ਹੁੰਦਾ ਸਾਂ, ਜਦੋਂ ਮਨੁੱਖ ਪੁਲਾੜੀ ਸਫ਼ਰ ਲਈ ਤਿਆਰ ਹੋ ਰਿਹਾ ਸੀ। ਉਹਨੇ ਪੁਲਾੜੀ ਜਹਾਜ਼ ਬਣਾ ਲਏ ਸਨ ਤੇ ਆਪਣੇ ਸਭ ਤੋਂ ਨੇੜੇ ਵਾਲੇ ਗਵਾਂਢੀ, ਚੰਨ, ਉਤੇ ਰਾਕਟ ਘੱਲੇ ਸਨ ਤੇ ਹੁਣ ਭੇਤ-ਭਰੇ ਨੀਲੇ ਤੇ ਸਾਵੇ ਗ੍ਰਹਿਆਂ ਵਾਲੇ ਦੁਰਾਡੇ ਸਿਤਾਰਿਆਂ ਵਲ ਉਡਾਣਾਂ ਦੇ ਸੁਫ਼ਨੇ ਲੈ ਰਿਹਾ ਸੀ, ਅਜਿਹੇ ਬਲਵਾਨ ਬਾਲਣ ਦੇ ਸੁਫ਼ਨੇ ਲੈ ਰਿਹਾ ਸੀ, ਜਿਹੜਾ ਉਹਨੂੰ ਰੌਸ਼ਨੀ ਦੀ ਰਫਤਾਰ ਦੇ ਨੇੜੇ-ਤੇੜੇ ਦੀ ਰਫ਼ਤਾਰ ਦੇ ਸਕੇ, ਤਾਂ ਜੁ ਉਹ ਉਹਨਾਂ ਸਿਤਾਰਿਆਂ ਤਕ ਪਹੁੰਚ ਸਕੇ। ਮਨੁੱਖ ਤਕੜਾ ਹੋਣਾ ਚਾਹੁੰਦਾ ਸੀ ਤੇ ਉਹਦਾ ਖ਼ਿਆਲ ਸੀ ਕਿ ਇਕ ਵਾਰੀ ਜਦੋਂ ਉਹਨੇ ਪੁਲਾੜ ਉਤੇ ਜਿੱਤ ਪਾ ਲਈ, ਉਹ ਦਿਓ ਬਣ ਜਾਵੇਗਾ। ਫੇਰ ਉਹ ਧਰਤੀ ਦੁਆਲੇ ਮਹਾਨ ਸਪੂਤਨੀਕ ਭੇਜ ਸਕੇਗਾ ਤੇ ਉਹ ਅੰਤਰ-ਗ੍ਰਹਿ ਸਟੇਸ਼ਨਾਂ ਦਾ ਕੰਮ ਦੇਵੇਗਾ। ਚੰਨ ਉਤੇ ਉਹ ਦੂਜੀਆਂ ਦੁਨੀਆਵਾਂ ਤਕ ਉਡਾਣਾਂ ਲਈ ਕਾਸਮੋਡਰੋਮ ਉਸਾਰੇਗਾ, ਤੇ ਕਿਤੇ ਬਹੁਤ ਦੂਰ, ਕਿਸੇ ਓਪਰੇ ਸਿਤਾਰੇ ਦੇ ਗ੍ਰਹਿ ਤੋਂ, ਉਹਨੂੰ ਸਥਾਨਕ ਸੂਰਜ ਤੋਂ ਉਹ ਸ਼ਕਤੀ ਮਿਲ ਜਵੇਗੀ, ਜਿਹੜੀ ਉਹਨੂੰ ਧਰਤੀ ਉਤੇ ਵਾਪਸੀ ਲਈ ਖੰਭ ਲਾ ਦੇਵੇਗੀ। ਮੈਨੂੰ ਯਕੀਨ ਹੈ, ਇੰਜ ਹੀ ਹੋਵੇਗਾ। ਧਰਤੀ ਸਾਰੇ ਬ੍ਰਹਿਮੰਡ ਦਾ ਪੜੁੱਲ ਬਣ ਜਾਵੇਗੀ...

ਉਹ ਦਿਨ ਹੋਰ ਨੇੜੇ ਆ ਗਿਆ, ਜਦੋਂ ਮੈਂ ਭਸਮ ਹੋ ਜਾਣਾ ਸੀ, ਕਿਉਂ ਜੁ ਮੈਂ ਹਰ ਗੇੜੇ ਨਾਲ ਧਰਤੀ ਦੇ ਹੋਰ ਨੇੜੇ ਹੁੰਦਾ ਜਾ ਰਿਹਾ ਸਾਂ। ਭਾਵੇਂ ਵਿਗਿਆਨੀਆਂ ਵਲੋਂ ਅਗਾਉਂ ਦੱਸੀ ਗਈ ਮੇਰੀ ਜ਼ਿੰਦਗੀ ਦੀ ਮਿਆਦ ਮੁਕ ਚੁਕੀ ਸੀ, ਮੈਂ ਖੁਲ੍ਹ ਦੇ ਇਹਸਾਸ ਦਾ ਖੀਵਾ ਹੋਇਆ, ਉਡਦਾ ਹੀ ਜਾ ਰਿਹਾ ਸਾਂ।

"ਇੰਜ ਕਿਵੇਂ ਹੋ ਗਿਆ?" ਵਿਗਿਆਨੀ ਹੈਰਾਨ ਹੋ ਰਹੇ ਸਨ। "ਕੀ ਸਾਡੇ ਕਮਪਿਊਟਰਾਂ ਤੋਂ ਗਲਤੀ ਹੋ ਗਈ ਏ?"

ਨਹੀਂ, ਅਲੈਕਟ੍ਰਾਨਿਕ ਕਮਪਿਊਟਰਾਂ ਤੋਂ ਗ਼ਲਤੀ ਕੋਈ ਨਹੀਂ ਸੀ ਹੋਈ। ਉਹਨਾਂ ਪਾਏ ਗਏ ਸਵਾਲ

ਨੂੰ ਸਹੀ-ਸਹੀ ਹਲ ਕਰ ਦਿਤਾ ਸੀ। ਇਹ ਬਸ ਵਿਗਿਆਨੀਆਂ ਲਈ ਹੈਰਾਨ ਹੋਣ ਵਾਲੀ ਇਕ ਹੋਰ ਗੱਲ ਸੀ। ਇਹ ਉਹਨਾਂ ਨੂੰ ਮੇਰੇ ਵਡੇ ਭਰਾਵਾਂ, ਲੂਨੀਕਾਂ, ਨੇ ਦੱਸੀ।

ਇਹਨਾਂ ਰਾਕਟਾਂ ਨੇ ਦੁਨੀਆਂ ਨੂੰ ਉਸ ਨਾਲੋਂ ਕਿਤੇ ਵਡੀ ਉਚਾਈ ਤੋਂ ਤਕਿਆ, ਜਿਥੋਂ ਤਕ ਮੈਨੂੰ ਜਾਣ ਦਿਤਾ ਗਿਆ ਸੀ, ਤੇ ਉਹਨਾਂ ਵੇਖਿਆ, ਧਰਤੀ ਸਾਹ ਲੈਂਦੀ ਹੈ। ਠੀਕ ਹੈ, ਧਰਤੀ ਸਾਹ ਲੈਂਦੀ ਹੈ। ਜਿਸ ਵੇਲੇ ਮੈਂ ਚਲਿਆ ਸਾਂ, ਸੂਰਜੀ ਹਵਾ ਨੇ ਵਾਯੂ-ਮੰਡਲ ਨੂੰ ਤਪਾ ਦਿਤਾ ਸੀ ਤੇ ਉਹ ਉਭਰ ਆਈ ਸੀ, ਇੰਜ ਜਿਵੇਂ ਧਰਤੀ ਨੇ ਡੂੰਘਾ ਸਾਹ ਲਿਆ ਹੋਵੇ। ਅਜੇ ਜਦੋਂ ਮੈਂ ਕੰਮ ਕਰ ਰਿਹਾ ਸਾਂ, ਧਰਤੀ ਦਾ ਹੁਵਾਈ ਖੋਲ ਠੰਡਾ ਹੋ ਗਿਆ ਤੇ ਸੁੰਗੜ ਗਿਆ, ਉਵੇਂ ਜਿਵੇਂ ਸਾਹ ਬਾਹਰ ਕੱਢਣ ਵੇਲੇ ਬੰਦੇ ਦੀ ਛਾਤੀ ਸੁੰਗੜ ਜਾਂਦੀ ਹੈ। ਤੇ ਮੈਂ ਪਿੱਛੇ ਉਡਦਾ ਰਿਹਾ। ਮੈਂ ਜਿਊਂਦਾ ਰਿਹਾ। ਮੈਨੂੰ ਕੰਮ ਦਾ ਇਕ ਹੋਰ ਵਰ੍ਹਾ ਬਖ਼ਸ਼ ਦਿਤਾ ਗਿਆ।

ਸਕੂਲੀ ਬਚਿਆਂ ਦੀਆਂ ਸਭਨਾਂ ਪੀੜ੍ਹੀਆਂ ਵਿਚੋਂ ਸਭ ਤੋਂ ਸੁਭਾਗੀ ਪੀੜ੍ਹੀ ਵਾਲਿਓ, ਪਤਾ ਜੇ, ਧਰਤੀ ਨੇ ਸਿਰ ਉਤੇ ਮੁਕਟ ਪਾਇਆ ਹੋਇਆ ਹੈ? ਇਹ ਦੁਨੀਆਂ ਦਾ ਸਭ ਤੋਂ ਸੁਹਣਾ ਤੇ ਕੀਮਤੀ ਮੁਕਟ ਹੈ — ਇਸ ਲਈ ਕਿ ਇਹ ਵਾਯੂ-ਮੰਡਲ ਦਾ ਜਿੰਦ-ਬਖ਼ਸ਼ਦਾ ਮੁਕਟ ਹੈ। ਤੇ ਹੁਣ ਮੈਂ ਤੁਹਾਨੂੰ ਇਹਦਾ ਆਕਾਰ ਦਸ ਸਕਦਾ ਹਾਂ, ਜਿਹੜਾ ਏਨੇ ਚਿਰ ਤੋਂ ਸਮੁੱਚੀ ਮਨੁੱਖ-ਜਾਤੀ ਲਈ ਭੇਤ ਬਣਿਆ ਰਿਹਾ ਹੈ: ਇਹ ੧੨,੪੨੦ ਮੀਲ ਮੋਟਾ ਹੈ। ਇਹ ਨਿਗੂਣੀ ਜਹੀ ਉਚਾਈ ਨਹੀਂ। ਮੁਕਟ ਦੇ ਥੱਲੇ ਦਾ ਨਿਰ ਸੰਦੇਹ ਹੀ ਤੁਹਾਨੂੰ ਪਤਾ ਹੈ। ਇਹ ਹਵਾ ਦਾ ਬਣਿਆ ਹੋਇਆ ਹੈ। ਸ਼ੱਕੀ ਜਵਾਹਰੀ ਵਾਂਗ, ਮੈਂ ਨਮੂਨੇ ਭਰੇ, ਤੇ ਮੈਨੂੰ ਸਿਰਫ਼ ਹਾਈਡਰੋਜਨ ਹੀ ਲੱਭੀ। ਸਭ ਤੋਂ ਹੌਲੀ ਗੈਸ ਦਾ ਮੁਕਟ ਵਿਚ ਦੌਰ-ਦੌਰਾ ਹੈ। ਇਹ ਆਈ ਕਿਥੋਂ? ਸੂਰਜ ਦੀਆਂ ਕਿਰਨਾਂ ਨੇ ਇਹਨੂੰ ਪਾਣੀ ਵਿਚੋਂ ਉਪਜਾਇਆ। ਗੈਸ ਨਾਲ ਭਰੇ ਅਮੁੱਕ ਭੁਕਾਨਿਆਂ ਵਾਂਗ, ਅਣੂ-ਅਣੂ ਕਰ ਕੇ, ਹਾਈਡਰੋਜਨ ਹਜ਼ਾਰਹਾ ਮੀਲਾਂ ਤਕ ਪਹੁੰਚ ਜਾਂਦੀ ਹੈ ਤੇ ਧਰਤੀ ਨੂੰ ਕਿਸੇ ਹੌਲੇ ਪਾਰ-ਦਰਸ਼ਕ ਮੁਕਟ ਵਾਂਗ ਵਲ ਲੈਂਦੀ ਹੈ। ਤੇ ਇਸ ਤੋਂ ਪਾਰ ਬ੍ਰਹਿਮੰਡ ਹੈ, ਅੰਤਰ-ਗ੍ਰਹਿ ਪੁਲਾੜ।

ਖ਼ੁਸ਼ਨਸੀਬੋ, ਹੁਣ ਸਮਝ ਲਗੀ ਜੇ, ਤੁਸੀਂ ਕਿਸ ਤਰ੍ਹਾਂ ਦੇ ਅਦਿੱਸ ਟੋਪ ਹੇਠਾਂ ਰਹਿੰਦੇ ਹੋ? ਬ੍ਰਹਿਮੰਡ ਵਿਚ ਆਪਣੀ ਥਾਂ ਮਹਿਸੂਸ ਹੋਈ ਜੇ?

ਹੁਣ ਮੈਂ ਆਪਣੇ ਇਹਨਾਂ ਪਰਭਾਵਾਂ ਦੀ, ਜਿਹੜੇ ਮੇਰੇ ਉਤੇ ਦੁਨੀਆਂ ਦੁਆਲੇ ਹਜ਼ਾਰਹਾ ਗੇੜਿਆਂ ਦੇ ਦੌਰਾਨ ਪਏ, ਰਿਪੋਰਟ ਖ਼ਤਮ ਕਰਾਂਗਾ। ਮੇਰਾ ਪੰਧ ਲੰਮਾ ਸੀ, ਮੰਗਲ ਸਿਤਾਰੇ ਤਕ ਅਠ ਪੰਧਾਂ ਜਿੰਨਾ ਲੰਮਾ, ਜਾਂ ਸ਼ੁੱਕਰ ਸਿਤਾਰੇ ਤਕ ਗਿਆਰਾਂ ਗੁਣਾਂ ਫ਼ਾਸਲੇ ਜਿੰਨਾ। ਮੇਰੇ ਬੋਲ ਰੇਡੀਊ ਤੁਹਾਡੇ ਤਕ ਪਹੁੰਚਾਵੇਗਾ।

ਕੁਝ ਦਿਨਾਂ ਵਿਚ ਮੈਂ ਵਾਯੂ-ਮੰਡਲ ਦੀਆਂ ਸੰਘਣੀਆਂ ਤੈਹਾਂ ਵਿਚ ਉਤਰ ਆਵਾਂਗਾ, ਤੇ ਆਖ਼ਰੀ ਕੌਸ ਵਾਹਵਾਂਗਾ। ਅਜਿਹੀ ਹੋਣੀ ਦਾ ਮੈਨੂੰ ਉਕਾ ਕੋਈ ਅਫ਼ਸੋਸ ਨਹੀਂ। ਮੈਨੂੰ ਪਤਾ ਹੈ, ਛੇਤੀ ਹੀ ਰੁਪਹਿਲੀ ਪੁਲਾੜੀ ਜਹਾਜ਼ ਆਪਣੇ ਘਰ, ਆਪਣੀ ਧਰਤੀ ਨੂੰ ਪਰਤ ਰਹੇ ਹੋਣਗੇ। ਫੇਰ ਕਾਸਮੋਨਾਟ ਮੈਨੂੰ ਮਿਹਰ ਨਾਲ ਯਾਦ ਕਰਨਗੇ ਤੇ ਸਿਆਣੇ, ਹਿੰਮਤੀ ਲੋਕਾਂ ਦਾ ਸ਼ੁਕਰੀਆ ਅਦਾ ਕਰਨਗੇ, ਜਿਨ੍ਹਾਂ ਮੈਨੂੰ ਸਿਰਜਿਆ।

ਅਲਵਿਦਾ! ਇਹ ਸਪੂਤਨੀਕ ਤੀਜਾ ਵਿਦਾ ਲੈ ਰਿਹਾ ਹੈ! ਇਹ ਸਪੂਤਨੀਕ ਤੀਜਾ ਵਿਦਾ ਲੈ ਰਿਹਾ ਹੈ!..

ਜਦੋਂ ਲਿਊਬਾ ਨੇ ਪੜ੍ਹਨਾ ਮੁਕਾ ਲਿਆ (ਅਖ਼ੀਰਲਾ ਹਿੱਸਾ ਉਹਨੇ ਪੜ੍ਹਿਆ ਸੀ), ਉਹਨੂੰ ਮਹਿਸੂਸ ਹੋਇਆ, ਜਿਵੇਂ ਉਹਦੀ ਜੀਭ ਲੱਕੜ ਦੀ ਹੋ ਗਈ ਹੋਵੇ। ਉਹਨੇ ਇਸ਼ਾਰਾ ਕੀਤਾ: ਕੁਝ ਪੀਣ ਨੂੰ ਦਿਓ, ਛੇਤੀ!

ਮਨੀਟਰਾਂ ਨੇ ਉਹਨੂੰ ਪਾਣੀ ਦਾ ਇਕ ਗਲਾਸ ਦਿਤਾ ਤੇ ਆਖਿਆ:

"ਲੈਕਚਰ ਨੇ ਪੰਤਾਲੀ ਮਿੰਟ ਲਏ ਨੇ।"

"ਉਫ਼, ਸਬਕ ਦਾ ਕੀ ਬਣਿਆ ਏ? ਅਸੀਂ ਨਾ ਚਲਦੇ ਮਾਇਕਰੋਫ਼ੋਨ 'ਚ ਬੋਲਦੇ ਰਹੇ ਹਾਂ?"

ਗੇਨੇ ਨੇ ਬੂਹਾ ਚੁਪੱਟ ਖੋਲ੍ਹ ਦਿਤਾ ਤੇ ਸੁਖ ਦਾ ਸਾਹ ਲਿਆ। ਹਾਲ ਬਚਿਆਂ ਨਾਲ ਭਰਿਆ ਹੋਇਆ ਸੀ, ਉਵੇਂ, ਜਿਵੇਂ ਘੰਟੀ ਪਿਛੋਂ ਵਾਲੇ ਵਕਫ਼ੇ ਵੇਲੇ ਹੁੰਦਾ ਹੈ। ਇਹਦਾ ਮਤਲਬ ਸੀ, ਉਹਨਾਂ ਸੁਣ ਲਿਆ ਸੀ!

ਅਠਵੀਂ ਜਮਾਤ ਦਾ ਖਰੂਵੇ ਵਾਲਾਂ ਵਾਲਾ ਇਕ ਮੁੰਡਾ ਭੱਜਾ-ਭੱਜਾ ਬੋਰੀਯੇ ਕੋਲ ਆਇਆ ਤੇ ਕਹਿਣ ਲਗਾ:

"ਤੁਸੀਂ ਸਾਓ, ਜੁ ਏਨਾ ਚਿਰ ਲੁਤਰ-ਲੁਤਰ ਕਰਦੇ ਰਹੇ? ਚੰਗੇ ਰਹੇ ਹੋ! ਸਾਡਾ ਜਿਓਮੈਟਰੀ ਦਾ ਇਮਤਹਾਨ ਰਹਿ ਗਿਆ। ਤੇ ਪੁਲਾੜ ਬਾਰੇ ਤੁਹਾਡਾ ਹਿੱਸਾ ਕੋਈ ਚੀਜ਼ ਸੀ। ਓਥੇ ਉਡਣ ਨੂੰ ਜੀ ਕਰ ਪੈਂਦਾ ਏ।"

ਓਸੇ ਹੀ ਪਲ ਜਿਓਮੈਟਰੀ ਦੀ ਅਧਿਆਪਕਾ ਆ ਨਿਕਲੀ।

"ਜਿਓਮੈਟਰੀ ਤੋਂ ਬਿਨਾਂ, ਸੂਖੋਵ, ਤੂੰ ਪੁਲਾੜ 'ਚ ਨਹੀਂ ਉਡਣ ਲਗਾ।"

ਉਹ ਝਈ ਲੈ ਕੇ ਬੋਲੀ ਤੇ ਗੁੱਸੇ ਨਾਲ ਚਲੀ ਗਈ। ਤੇ ਉਸੇ ਹੀ ਵੇਲੇ ਪੋਮੇਰਾਨਚੀਕ ਨੇ ਆ ਗੇਨੇ ਨੂੰ ਘੇਰਿਆ:

"ਜੁ ਤੂੰ ਹਵਾ ਬਾਰੇ ਕਿਹਾ ਸੀ, ਮੈਨੂੰ ਚੰਗਾ ਲਗਾ ਏ! ਹਾਂ, ਤੇ ਹਵਾ ਬਾਰੇ ਮੈਂ ਵੀ ਕੁਝ ਲਿਖਿਆ ਹੋਇਆ ਏ। ਠਹਿਰ ਖਾਂ ਜ਼ਰਾ," ਪੋਮੇਰਾਨਚੀਕ ਨੇ ਆਪਣੇ ਮੱਥੇ ਉਤੇ ਹਥ ਮਾਰਿਆ, "ਹਾਂ, ਠੀਕ:

ਤੂੰ ਤਕੜੀ, ਤੂੰ ਤਿੱਖੀ, ਹਵਾਏ, ਨੀ ਹਵਾਏ,
ਜੁ ਢੀਠ ਜਿਹੇ ਬੱਦਲ, ਤੂੰ ਨਾਲ ਉਡਾਏ।
ਤੂੰ ਗੜਾ ਲਿਆਵੇਂ, ਤੂੰ ਮੀਹੇ ਲਿਆਵੇਂ
ਬਾਰੀ ਦੀ ਸਿੱਲੇ, ਧੋਸੇ ਵਜਾਵੇਂ।"

"ਖੋਤਾ ਨਾ ਹੋਏ ਤਾਂ!" ਗੇਨੇ ਨੇ ਉਹਨੂੰ ਰੋਕ ਦਿਤਾ। "ਅਸੀਂ ਕਿਸੇ ਹੋਰ ਹਵਾ ਦੀ ਗੱਲ ਕਰ ਰਹੇ ਸਾਂ, ਪੁਲਾੜੀ ਹਵਾ ਦੀ। ਤੇਰੇ ਕੱਖ ਵੀ ਪੱਲੇ ਨਹੀਂ ਪਿਆ। ਕਵੀ ਬਣਿਆ ਫਿਰਦਾ ਏ!"

ਪੋਮੇਰਾਨਚੀਕ ਨੂੰ ਗੱਲ ਸੁਣ ਗੁੱਸਾ ਲਗਾ। ਇਹ ਭੁਲਦਿਆਂ ਕਿ ਉਹ ਜਮਾਤ ਦਾ ਕਪਤਾਨ ਸੀ ਤੇ ਜ਼ਾਬਤੇ ਲਈ ਜ਼ਿੰਮੇਵਾਰ ਸੀ, ਉਹ ਗੇਨੇ ਉਤੇ ਮੁੱਕੇ ਚਲਾਣ ਲਗ ਪਿਆ। ਉਹਨਾਂ ਨੂੰ ਸਾਹ ਚੜ੍ਹ ਗਿਆ ਉਹ ਇਕ ਦੂਜੇ ਨੂੰ ਕੰਧ ਵਲ ਧੱਕਣ ਲਗ ਪਏ, ਕੁਝ ਇਸ ਤਰ੍ਹਾਂ, ਜਿਵੇਂ ਸਾਰਾ ਕੁਝ ਮਖ਼ੌਲ ਨਾਲ ਕਰ ਰਹੇ ਹੋਣ।

ਇਕ ਬਟਨ ਪਹਿਲੋਂ ਗੇਨੇ ਦੀ ਜੈਕਟ ਨਾਲੋਂ ਉਡ ਲਥਿਆ ਤੇ ਫੇਰ ਪੋਮੇਰਾਨਚੀਕ ਦੀ ਜੈਕਟ ਨਾਲੋਂ। ਜਦੋਂ ਤੀਜਾ ਲਥਿਆ, ਉਹਨਾਂ ਨੂੰ ਅਧਿਆਪਕਾ ਦੇ ਕਮਰੇ ਵਿਚ ਲਿਜਾਇਆ ਗਿਆ।

"ਸ਼ਾਂਤ ਹੋ ਜਾਓ, ਮੁੰਡਿਓ," ਹਿਸਾਬ ਦੀ ਅਧਿਆਪਕ ਨੇ ਅਡੋਲ ਆਵਾਜ਼ ਵਿਚ ਆਖਿਆ ਤੇ ਉਹਨਾਂ ਨੂੰ ਦੀਵਾਨ ਵਲ ਸੈਣਤ ਕੀਤੀ।

ਦੋਵੇਂ ਮੁੰਡੇ ਮਸਕੀਨ ਹੋ ਬਹਿ ਗਏ।

ਜਦੋਂ ਉਹ ਅਧਿਆਪਕਾਂ ਦੇ ਕਮਰੇ ਵਿਚੋਂ ਨਿਕਲੇ, ਗੇਨਕਾ ਖੁਸਰ ਫੁਸਰ ਕਰਨ ਲਗਾ:

"ਸੂਰਜੀ ਹਵਾ ਵਾਲੇ ਉਹ ਸ਼ੇਅਰ ਲਿਊਬਾ ਦੇ ਲਿਖੇ ਹੋਏ ਨੇ। ਇੰਜ ਲਿਖਣਾ ਚਾਹੀਦਾ ਏ!"

ਇਸ ਵਾਰੀ ਪੋਮੇਰਾਨਚੀਕ ਨੂੰ ਯਾਦ ਰਿਹਾ, ਉਹ ਕਪਤਾਨ ਸੀ, ਤੇ ਉਹਨੇ ਸਿਰਫ਼ ਹੂਰਾ ਵੱਟ ਕੇ ਹੀ ਵਿਖਾਇਆ।

ਜਦੋਂ ਸਕੂਲ ਬੰਦ ਹੋ ਰਿਹਾ ਸੀ, ਰੇਡੀਊ ਕੇਂਦਰ ਦਾ ਮਾਨੀਟਰ ਲਿਊਬਾ, ਗੇਨੇ ਤੇ ਬੋਰੀਯੇ ਮਗਰ ਭੱਜਾ ਆਇਆ।

"ਛੇਤੀ ਕਰੋ, ਤੁਹਾਨੂੰ ਮਿਲਣ ਲਈ ਇਕ ਪ੍ਰਤੀਨਿਧ-ਮੰਡਲ ਆਇਆ ਏ।"

ਗੇਨਾ ਘਾਬਰ ਗਿਆ।

"ਪ੍ਰਤੀਨਿਧ-ਮੰਡਲ? ਮੇਰੇ ਬਟਨ ਟੁੱਟ ਗਏ ਹੋਏ ਨੇ।" ਉਹਨੇ ਆਪਣਾ ਗਲਮਾ ਵਿਖਾਇਆ।

"ਕੋਈ ਗੱਲ ਨਹੀਂ, ਉਹਨਾਂ ਨੂੰ ਨਹੀਂ ਦਿੱਸਣ ਲਗਾ," ਮਾਨੀਟਰ ਨੇ ਉਹਨਾਂ ਨੂੰ ਯਕੀਨ ਦਵਾਇਆ।

ਰੇਡੀਊ ਵਾਲੇ ਕਮਰੇ ਵਿਚ ਪ੍ਰਸੰਸਕ ਅੱਖਾਂ ਦੇ ਅਠ ਜੋੜੇ ਸਨ। ਅੱਠਾਂ ਪ੍ਰਤੀਨਿਧਾਂ ਨੇ ਦਸਿਆ, ਉਹ ੧-ਏ, ੧-ਬੀ, ੧-ਸੀ, ਤੇ ੧-ਡੀ ਦੇ ਪ੍ਰਤੀਨਿਧ ਸਨ ਤੇ ਉਹਨਾਂ ਲੀਕਾਂ ਵਾਲੇ ਕਾਗਜ਼ ਦਾ ਇਕ ਸਫ਼ਾ ਫੜਾਇਆ।

"ਇਹ ਕੀ ਏ?" ਮੁਖ ਮਾਨੀਟਰ ਨੇ ਪੁਛਿਆ।

"ਇਹ ਸੂਚੀ ਏ," ਪ੍ਰਤੀਨਿਧ ਇਕ ਆਵਾਜ਼ ਵਿਚ ਬੋਲੇ।

"ਕਾਹਦੀ ਸੂਚੀ?"

"ਰੇਡੀਊ-ਪੱਤਰ, 'ਸਪੂਤਨੀਕ' ਲਈ।"

"ਚੰਗਾ, ਦੇ ਦਿਓ!"

ਮਾਨੀਟਰ ਨੇ ਉਚੀ-ਉਚੀ ਪੜ੍ਹਿਆ,

"੧. ਨਾਤਾਸ਼ਾ ਬੀਲੋਵਾ

੨. ਆਲੀਕ ਪੇਤਰੋਵ

੩. ਨੀਨਾ ਖ਼ਿਤਰੋਵਾ

੪. ਕੋਸਤੀਯਾ ਸਮਿਰਨੋਵ

੫. ਯੋਜ਼ੀਕ ਕੋਵਾਲਸਕੀ।

ਇਹਨਾਂ ਬਚਿਆਂ ਦਾ ਜਨਮ ੪ ਅਕਤੂਬਰ ਨੂੰ ਹੋਇਆ ਸੀ। ਪਹਿਲੇ ਸਪੂਤਨੀਕ ਦਾ ਜਨਮ ਵੀ

੪ ਅਕਤੂਬਰ ਨੂੰ ਹੋਇਆ ਸੀ। ਅਸੀਂ ਬੇਨਤੀ ਕਰਦੇ ਹਾਂ ਕਿ 'ਸਪੂਤਨੀਕ' ਦੇ ਅਗਲੇ ਬਰਾਡਕਾਸਟ ਵਿਚ ਇਹ ਸੂਚੀ ਸ਼ਾਮਲ ਕਰ ਲਈ ਜਾਏ।"

"ਠੀਕ ਏ!" ਮਾਨੀਟਰ ਨੇ ਗੰਭੀਰਤਾ ਨਾਲ ਆਖਿਆ। "ਅਸੀਂ ਇਹਨੂੰ ਆਪਣੇ ਅਗਲੇ 'ਸਪੂਤਨੀਕ' ਵਿਚ ਸ਼ਾਮਲ ਕਰ ਲਵਾਂਗੇ।"

ਪਹਿਲੇ ਜਮਾਤ ਵਾਲੇ ਜੇਤੂ ਚਾਲ ਵਿਚ ਬਾਹਰ ਨਿਕਲ ਗਏ।

ਲਿਊਬਾ ਨੇ ਬੋਰੀਯੇ ਦੀਆਂ ਪਸਲੀਆਂ ਵਿਚ ਅਰਕ ਮਾਰੀ, ਬੋਰੀਯੇ ਨੇ ਗੇਨੇ ਨੂੰ ਅਰਕ ਮਾਰੀ, ਤੇ ਤਿੰਨਾਂ ਦੇ ਤਿੰਨਾਂ ਦਾ ਹਾਸਾ ਛੁਟ ਪਿਆ। ਉਹਨਾਂ ਨੂੰ ਦੱਸੇ ਜਾਣ ਦੀ ਲੋੜ ਨਹੀਂ ਸੀ ਕਿ ਬਰਾਡਕਾਸਟ ਸਫਲ ਰਿਹਾ ਸੀ।

## ਬੋਰੀਯੇ ਨੇ ਇੰਟਰਵਿਊ ਦਿਤੀ

ਅਖ਼ੀਰ ਉਹ ਸਵੇਰ ਆਉਂਦੀ ਹੈ, ਜਦੋਂ ਤਾਰਿਆਂ ਉਤੇ ਨੀਝਾਂ ਲਾਣ ਵਾਲਾ ਹੈਰਾਨੀ ਤੇ ਖੁਸ਼ੀ ਨਾਲ ਜਾਗਦਾ ਹੈ। "ਸਚੀ ਮੁਚੀ ਹੋ ਗਿਆ ਏ?" ਉਹ ਪੁਛਦਾ ਹੈ, ਜਿਵੇਂ ਉਹਨੂੰ ਸ਼ਕ ਹੋ ਰਿਹਾ ਹੋਵੇ ਕਿ ਉਹ ਦਿਨ, ਜਿਹਦੇ ਉਹ ਸੁਫ਼ਨੇ ਲੈਂਦਾ ਰਿਹਾ ਹੋਵੇ, ਚੜ੍ਹ ਆਇਆ ਹੋਵੇ ਤੇ ਅਮਨ-ਚੈਨ ਨਾਲ ਚਮਕ ਰਿਹਾ ਹੋਵੇ।

ਤਾਰਿਆਂ ਉਤੇ ਨੀਝਾਂ ਲਾਣ ਵਾਲਾ ਭਾਵੇਂ ਉਹ ਜਵਾਨ ਸੀ ਜਾਂ ਬੁੱਢਾ, ਤਜਰਬੇਕਾਰ ਤੇ ਹੰਢਿਆ-ਵਰਤਿਆ ਸੀ ਜਾਂ ਲਿਸ਼ਕਵੀਆਂ ਅੱਖਾਂ ਵਾਲਾ ਕੋਈ ਮੁੰਡਾ, ਮਈ ੧੯੬੦ ਦੀ ਉਸ ਅਮਨ-ਭਰੀ ਸਵੇਰ ਨੂੰ, ਜਦੋਂ ਉਹਨੇ ਜਹਾਜ਼ ਦੀ ਖ਼ਬਰ ਸੁਣੀ, ਉਹਦਾ ਦਿਲ ਖੁਸ਼ੀ ਨਾਲ ਧੜਕ ਰਿਹਾ ਸੀ।

ਇਹ ਕੋਈ ਸਮੁੰਦਰੀ ਜਹਾਜ਼ ਨਹੀਂ ਸੀ, ਜੰਗੀ ਬੇੜੇ ਦਾ ਜਹਾਜ਼ ਨਹੀਂ ਸੀ, ਕੋਈ ਹਵਾਈ ਜਹਾਜ਼ ਨਹੀਂ ਸੀ, ਜਿਨ੍ਹੇ ਸਾਡੇ ਸੁਫ਼ਨੇ-ਸਾਜ਼ ਨੂੰ ਖੁਸ਼ੀ ਨਾਲ ਭਰ ਦਿਤਾ, ਸਗੋਂ ਇਕ ਨਵਾਂ ਜੰਮਿਆ ਪੁਲਾੜੀ ਜਹਾਜ਼ ਸੀ। ਉਹ ਧਰਤੀ ਦੁਆਲੇ ਉਡ ਰਿਹਾ ਸੀ। ਤੇ ਸੁਫ਼ਨੇ-ਸਾਜ਼ ਨੇ ਮਤਾ ਪਕਾਇਆ: "ਪੁਲਾੜੀ ਜਹਾਜ਼ ਬਣਾ ਲਿਆ ਗਿਆ ਏ, ਤੇ ਇਹਦਾ ਮਤਲਬ ਏ, ਛੇਤੀ ਹੀ ਇਹਦੇ 'ਚ ਸਵਾਰੀ ਵੀ ਹੋਵੇਗੀ। ਇਹ ਹੋਰ ਤਰ੍ਹਾਂ ਨਹੀਂ ਹੋ ਸਕਦਾ!"

ਤੇ ਫੇਰ ਪੁਲਾੜੀ ਜਹਾਜ਼ ਦੀ ਤੇਜ਼ੀ ਨਾਲ ਦੁਨੀਆਂ ਭਰ ਵਿਚ ਖਬਰ ਪਹੁੰਚ ਗਈ। ਭਾਵੇਂ ਇਹ ਅੰਗਰੇਜ਼ੀ, ਜਰਮਨ, ਜਾਂ ਫ਼ਰਾਂਸੀਸੀ ਵਿਚ ਸੁਣਾਈ ਗਈ, ਉਹ ਲਗਦੀ ਰੂਸੀ ਸੀ। ਹਰ ਕਿਸੇ ਨੂੰ ਜਿਸ ਉਹ ਦੱਸੀ, ਪਤਾ ਸੀ, ਸਿਰ ਉਤੇ ਛੋਟਾ ਜਿਹਾ ਗੇਂਦ ਨਹੀਂ, ਇਕ ਪੂਰਾ ਕਮਰਾ, ਹਵਾਦਾਰ, ਨਿੱਘਾ ਤੇ ਆਰਾਮਦਾਇਕ ਕਮਰਾ, ਉਡ ਰਿਹਾ ਸੀ। ਤੇ ਉਹਦੇ ਦੁਆਲੇ ਬਾਹਰਲਾ ਪੁਲਾੜ ਸੀ, ਲਗ ਭਗ ਸਖਣਾ, ਤੇ ਜਿਥੇ ਗੈਸਾਂ ਦਾ ਦਬਾ ਵਿਓਕਦ ਸਪੂਤਨੀਕ ਦੇ ਅੰਦਰ ਨਾਲੋਂ ਸੌ ਅਰਬ ਗੁਣਾਂ ਘਟ ਸੀ। ਬੰਦਾ ਸੋਚਣ ਨਾਲ ਹੀ ਠਠੰਬਰ ਜਾਂਦਾ ਸੀ। ਜੇ ਭਲਾ ਕਮਰੇ ਦੀਆਂ ਕੰਧਾਂ ਬੋਝ ਨਾ ਝਲ ਸਕੀਆਂ ਤੇ ਕੈਪਸੂਲ ਫਟ ਪਿਆ?

ਪਰ ਜਹਾਜ਼ ਇਕ ਪਿਛੋਂ ਦੂਜਾ ਚੱਕਰ ਕਢਦਾ ਗਿਆ, ਤੇ ਕੈਬਿਨ ਪਹਿਲਾਂ ਵਾਂਗ ਹੀ ਨਿੱਘੀ ਤੇ ਹਵਾਦਾਰ ਸੀ, ਐਨ ਘਰ ਵਾਂਗ।

ਜੇ ਏਡਾ ਪਾਇਦਾਰ ਕਮਰਾ ਹੈ, ਤਾਂ ਉਹਦੇ ਵਿਚ ਕੋਈ ਨਾ ਕੋਈ ਵੱਸਣ ਵਾਲਾ ਵੀ ਹੋਵੇਗਾ!

ਅਸਮਾਨ ਦੇ ਸਭ ਤੋਂ ਚਮਕੀਲੇ ਸਿਤਾਰੇ ਨੂੰ ਵੇਖਣ ਲਈ ਸੁਫ਼ਨੇ-ਸਾਜ਼ ਤੋਂ ਘੁਸਮੁਸਾ ਹੋਣ ਦੀ ਉਡੀਕ ਨਹੀਂ ਸੀ ਕੀਤੀ ਜਾ ਰਹੀ। ਉਹਨੂੰ ਕਿਸੇ ਕਿਸਮ ਦੀ ਦੂਰਬੀਨ ਦੀ ਲੋੜ ਨਹੀਂ ਸੀ; ਉਹ ਜਹਾਜ਼ ਨੂੰ ਨੰਗੀ ਅਖ ਨਾਲ ਵੇਖ ਸਕਦਾ ਸੀ! ਉਹ ਉਡੀਕਦਾ ਰਿਹਾ, ਤੇ ਉਡੀਕਦਾ ਰਿਹਾ ਤੇ ਇਕਦਮ ਹੀ ਉਦਾਸ ਮਹਿਸੂਸ ਕਰਨ ਲਗ ਪਿਆ।

ਹਰੀਆਂ ਲਹਿਰਾਂ ਦਾ ਘਮਸਾਣ
ਤਾਰੇ ਜਦ ਅਸਮਾਣ ਲਿਸ਼ਕਾਣ
ਹਨੇਰ-ਮੁਨ੍ਹੇਰ ਜਹਾਜ਼ ਇਕ ਜਾਵੇ
ਵੀਰਾਨੀ ਵਿਚ ਰਾਹ ਬਣਾਵੇ।

ਕੀ ਕਵੀ ਨੂੰ ਜਹਾਜ਼ ਦਾ ਖ਼ਿਆਲ ਆ ਰਿਹਾ ਸੀ। ਨਹੀਂ, ਬੇ-ਸ਼ਕ ਨਹੀਂ! ਤਾਂ ਫੇਰ ਸੁਫ਼ਨੇ-ਸਾਜ਼ ਉਦਾਸੀ ਕਿਉਂ ਮਹਿਸੂਸ ਕਰਨ ਲਗ ਪਿਆ? ਗੱਲ ਇਹ ਹੈ ਕਿ ਹਜ਼ਾਰਾਂ ਲੋਕ ਰਾਤ ਦੇ ਅਸਮਾਨ ਵਲ ਵੇਖ ਰਹੇ ਸਨ, ਤੇ ਹਜ਼ਾਰਾਂ ਹੋਰਨਾਂ ਦਾ ਜੀ ਖ਼ਰਾਬ ਹੋ ਰਿਹਾ ਸੀ, ਕਿਉਂ ਜੁ ਪੁਲਾੜੀ ਜਹਾਜ਼ ਉਹਨਾਂ ਦੇ ਦੇਸ ਉਤੋਂ ਦਿਨ ਵੇਲੇ ਲੰਘ ਰਿਹਾ ਸੀ, ਜਦੋਂ ਉਹ ਦਿਸ ਨਹੀਂ ਸੀ ਸਕਦਾ।

ਤੋਪ-ਠਿਕਾਨੇ ਮੱਲਾਹ ਨਾ ਕੋਈ
ਪਤਵਾਰੇ ਕਪਤਾਨ ਨਾ ਕੋਈ...

ਕਪਤਾਨ ਕੋਈ ਨਹੀਂ... ਕਪਤਾਨ ਤੋਂ ਬਿਨਾਂ ਜਹਾਜ਼... ਖਾਲੀ ਜਹਾਜ਼, ਮਨੁੱਖ ਦੀ ਥਾਂ ਮਾਲ ਵਾਲਾ... ਪਰ ਕੀ ਕਪਤਾਨ ਦੀ ਲੋੜ ਹੈ? ਅਸੀਂ ਆਪਣੀ ਜ਼ਿੰਦਗੀ ਨੂੰ ਖ਼ਤਰੇ ਵਿਚ ਕਿਉਂ ਪਾਈਏ? ਕੀ ਆਗਿਆਕਾਰ ਮਸ਼ੀਨੀ ਬੰਦੇ ਭੇਜਣਾ ਚੰਗਾ ਨਾ ਹੁੰਦਾ? ਇਸ ਲਈ ਕਿ ਪੁਲਾੜ ਵਿਚ ਖ਼ਤਰਨਾਕ ਕਿਰਨਾਹਟ ਹੈ। ਓਥੇ ਗੋਲੀਆਂ ਨਾਲੋਂ ਸੌ ਗੁਣਾਂ ਤੇਜ਼ ਰਫ਼ਤਾਰ ਉਤੇ ਤਾਰਿਆਂ ਦੇ ਟੋਟੇ ਉਡਦੇ ਹਨ। ਭਾਵੇਂ ਉਹ ਨਿਕ-ਮੁਨਿਕੇ ਕਿਣਕੇ ਹੀ ਹੋਣ, ਉਹਨਾਂ ਨਾਲ ਟੱਕਰ ਖਾਣੀ ਖਤਰਨਾਕ ਹੈ, ਕਿਉਂ ਜੁ ਉਹ ਕੈਪਸੂਲ ਦੀਆਂ ਕੰਧਾਂ ਵਿੰਨ੍ਹ ਸਕਦੇ ਹਨ। ਮਨੁੱਖ ਉਹਨਾਂ ਅੱਗੇ ਕੁਝ ਨਹੀਂ ਕਰ ਸਕਦਾ। ਉਹਦੇ ਖ਼ਤਰੇ ਦਾ ਅਨੁਮਾਨ ਲਾਂਦਿਆਂ ਲਾਂਦਿਆਂ ਇਕ-ਅਧ ਸਕਿੰਟ ਲੰਘ ਜਾਵੇਗਾ, ਜਿਸ ਦੇ ਦੌਰਾਨ ਜਹਾਜ਼ ਕਿੰਨੇ ਹੀ ਮੀਲ ਉਡ ਜਾਵੇਗਾ। ਇਸ ਲਈ, ਕੀ ਅਲੈਕਟ੍ਰਾਨਿਕ ਦਮਾਗ਼ ਉਤੇ ਭਰੋਸਾ ਕਰਨਾ ਚੰਗੇਰਾ ਨਹੀਂ?

ਹਾਂ, ਚੰਗਾ ਇਹ ਹੀ ਹੈ ਕਿ ਕਮਪਿਊਟਰਾਂ ਉਤੇ ਭਰੋਸਾ ਕੀਤਾ ਜਾਵੇ। ਉਹ ਰਾਕਟ ਨੂੰ ਰਾਹ ਵਿਖਾਣਗੇ, ਖ਼ਤਰਿਆਂ ਤੋਂ ਹਟ ਕੇ ਲੰਘਣਗੇ ਤੇ, ਜਦੋਂ ਲੋੜ ਪਵੇ, ਪੁਲਾੜੀ ਜਹਾਜ਼ ਦਾ ਰਾਹ ਬਦਲ ਦੇਣਗੇ।

ਪਰ ਪੁਲਾੜੀ ਜਹਾਜ਼ ਦਾ ਕਮਾਂਡਰ ਤਾਂ ਹੋਣਾ ਹੀ ਚਾਹੀਦਾ ਹੈ। ਕੀ ਚੰਨ ਦੇ ਸਾਗਰਾਂ ਦੀ ਖੋਜ ਉਹ ਕਰੇਗਾ ਤੇ ਮੰਗਲ ਸਿਤਾਰੇ ਦੇ ਭੇਤ ਉਹ ਖੋਲ੍ਹੇਗਾ? ਕੀ ਰਾਕਟ ਨੂੰ ਰਾਹ ਵਿਚ ਉਹ ਖਲ੍ਹਾਰੇਗਾ, ਤਾਂ ਜੁ ਕਿਸੇ ਅਣਜਾਤੇ ਗ੍ਰਹਿ ਦੀ ਪਹੁੰਚ ਦੀ ਉਡੀਕ ਕੀਤੀ ਜਾ ਸਕੇ? ਉਹ ਆਗਿਆਕਾਰ ਮਸ਼ੀਨੀ ਬੰਦਿਆਂ ਦੀ ਕਮਾਨ ਕਰੇਗਾ! ਮਸ਼ੀਨੀ ਬੰਦੇ ਸਿਰਫ਼ ਨੇਵੀਗੇਟਰ ਹਨ; ਕਮਾਂਡਰ ਮਨੁੱਖ ਹੋਵੇਗਾ!

ਪੁਲਾੜੀ ਜਹਾਜ਼ ਦੀ ਉਡੀਕ ਕਰਦਿਆਂ ਤੇ ਦੁਰਾਡੇ ਤਾਰਿਆਂ ਦੇ ਸਫ਼ਰ ਚਿਤਾਰਦਿਆਂ ਤਾਰਿਆਂ ਨੂੰ ਨੀਝਾਂ ਲਾਣ ਵਾਲੇ ਲਗ ਭਗ ਇਹਨਾਂ ਲੀਹਾਂ ਉਤੇ ਸੋਚ ਰਹੇ ਸਨ।

ਉਹਨਾਂ ਵਿਚ ਪੁਲਾੜੀ ਜਹਾਜ਼ ਦਾ ਇਕ ਸਚੀ ਮੁਚੀ ਦਾ ਕਮਾਂਡਰ ਸੀ। ਦੂਜਿਆਂ ਵਾਂਗ, ਉਹ ਵੀ ਅਸਮਾਨ ਉਤੇ ਨੀਝ ਲਾ ਰਿਹਾ ਸੀ ਤੇ ਉਹਦਾ ਦਿਲ ਪੁਲਾੜੀ ਜਹਾਜ਼ ਵਿਚ ਹੋਣ ਨੂੰ ਬਹੁਤ ਹੀ ਕਰਦਾ ਸੀ। ਪਰ ਇਹ ਸੰਭਵ ਨਹੀਂ ਸੀ। ਕਿਉਂ ਜੁ ਅਜੇ ਤਕ ਇਕ ਵੀ ਪੁਲਾੜੀ ਜਹਾਜ਼ ਉਤਰਿਆ ਨਹੀਂ ਸੀ, ਤੇ ਡਾਕਟਰਾਂ ਨੂੰ ਅਜੇ ਪੁਲਾੜ ਤੋਂ ਸਹੀ-ਸਲਾਮਤੀ ਨਾਲ ਫੇਰ ਦਾਖ਼ਲੇ ਦੀ ਸੰਭਾਵਨਾ ਦਾ ਯਕੀਨ ਨਹੀਂ ਸੀ ਆਇਆ। ਇਹ ਸ਼ਰਮ ਵਾਲੀ ਗੱਲ ਸੀ: ਬ੍ਰਹਿਮੰਡ ਦਾ ਬੂਹਾ ਤਾਂ ਲਭ ਲਿਆ ਗਿਆ ਸੀ, ਪਰ ਅਜੇ ਕੁੰਜੀ ਕਿਸੇ ਕੋਲ ਵੀ ਨਹੀਂ ਸੀ।

ਅਖ਼ੀਰੀ ਕਦਮ ਦੀਆਂ ਔਖਿਆਈਆਂ ਹਰ ਕੋਈ ਸਮਝਦਾ ਸੀ ਤੇ ਘਟਨਾਵਾਂ ਦੇ ਵਿਕਸਣ ਦੀ ਉਡੀਕ ਕਰ ਰਿਹਾ ਸੀ...

ਛੇਤੀ ਹੀ ਤਾਰ ਤੋਂ ਰਿਪੋਰਟ ਆਈ:

"ਸੋਵੀਅਤ ਯੂਨੀਅਨ ਵਿਚ ਭੌ-ਭੌਤਕ ਰਾਕਟਾਂ ਦੀ ਸਹਾਇਤਾ ਨਾਲ ਵਾਯੂ-ਮੰਡਲ ਦੀਆਂ ਉਪਰਲੀਆਂ ਤੈਹਾਂ ਦੀ ਖੋਜ ਜਾਰੀ ਹੈ...

"ਖੋਜ ਦੇ ਪ੍ਰੋਗਰਾਮ ਅਨੁਸਾਰ, ਜੂਨ ੧੯੬੦ ਨੂੰ ਇਕ-ਮੰਜ਼ਲਾ ਰਾਕਟਾਂ ਦੀ ਲੜੀ ਦਾ ਇਕ ਹੋਰ ਰਾਕਟ ਛਡਿਆ ਗਿਆ।

"ਛਡਿਆ ਜਾਣਾ ਸਫਲ ਰਿਹਾ। ਰਾਕਟ ੬, ੮੨, ੨੪੦ ਫ਼ੁਟ ਦੀ ਉਚਾਈ ਤਕ ਪਹੁੰਚਿਆ...

"ਰਾਕਟ ਅੰਦਰਲੇ ਜਨੌਰ ਚੰਗੀ ਹਾਲਤ ਵਿਚ ਉਤਾਰ ਲਏ ਗਏ।

"ਹਿੰਮਤੀ ਨਾਂ ਦੇ ਕੁੱਤੇ ਨੇ ਪੁਲਾੜ ਵਿਚ ਆਪਣੀ ਪੰਜਵੀਂ ਉਡਾਣ ਮੁਕੰਮਲ ਕੀਤੀ..."

ਇਹ ਅਡੋਲ ਲਹਿਜੇ ਵਾਲਾ ਬਿਆਨ ਕੁਝ ਬੇਸਬਰੇ ਪਤਰ-ਪ੍ਰੇਰਕਾਂ ਨੂੰ ਸਵੇਰ ਸਾਰ ਇੰਸਟੀਚਿਊਟ ਦੇ ਬੂਹੇ ਵਲ ਖਿਚ ਲਿਆਇਆ। ਹਮੇਸ਼ਾ ਵਾਂਗ ਹੀ, ਉਹਨਾਂ ਨੂੰ ਕਾਹਲ ਪਈ ਹੋਈ ਸੀ। ਪਰ ਦਿਲਚਸਪੀ ਦੇ ਵਿਸ਼ਿਆਂ ਨੇ ਕੁਝ ਢਿੱਲ ਕਰ ਦਿਤੀ; ਇਮਾਰਤ ਵਿਚ ਕਿਤੇ ਡਾਕਟਰ ਉਹਨਾਂ ਦਾ ਮੁਆਇਨਾ ਕਰ ਰਹੇ ਸਨ।

ਪੱਤਰ-ਪ੍ਰੇਰਕਾਂ ਨੇ ਵਡੇ ਫਾਟਕ ਕੋਲ ਭੀੜ ਪਾ ਲਈ ਤੇ ਪਿਛੇਤੇ ਅਪੜਨ ਵਾਲਿਆਂ ਨੂੰ ਮਖ਼ੌਲ ਕਰਨ ਲਗ ਪਏ।

ਖਿਲਰੇ ਵਾਲਾਂ ਵਾਲਾ ਇਕ ਹਫ਼ਿਆ ਹੋਇਆ ਜਣਾ ਮੋਢੇ ਉਤੇ ਟੇਪ ਰਿਕਾਰਡਰ ਸੁੱਟੀ ਭੱਜਾ ਆਇਆ।

"ਚਲੇ ਗਏ ਨੇ?" ਉਹਨੇ ਫ਼ਿਕਰ ਨਾਲ ਪੁਛਿਆ।

"ਤੈਨੂੰ ਮਿਲਿਆਂ ਬਿਨਾਂ ਨਹੀਂ ਸਨ ਜਾ ਸਕਦੇ!" ਕਿਸੇ ਨੇ ਮਜ਼ਾਕੀਆ ਅੰਦਾਜ਼ ਵਿਚ ਆਖਿਆ। "ਛੇਤੀ ਕਰ ਤੇ ਆਪਣਾ ਮਾਇਕਰੋਫ਼ੋਨ ਕਢ ਲੈ। ਬਰਾਡਕਾਸਟ ਸ਼ੁਰੂ ਹੋਣ ਵਾਲਾ ਏ! ਹੈਲੋ, ਹੈਲੋ," ਉਹਨੇ ਅਨਾਉਂਸਰ ਦੀ ਆਵਾਜ਼ ਵਿਚ ਆਖਿਆ, "ਪਿਆਰੇ ਸਾਥੀ ਸਰੋਤਿਓ, ਅਸੀਂ ਪੁਲਾੜੀ ਖੋਜ ਦੇ ਇੰਸਟੀਚਿਊਟ ਦੇ ਇਹਾਤੇ ਵਿਚ ਹਾਂ। ਮੈਂ ਤੁਹਾਡੀ ਸੰਸਾਰ-ਪ੍ਰਸਿਧ ਕਾਸਮੋਨਾਟ ਨਾਲ ਪਛਾਣ ਕਰਾਉਂਦਾ ਹਾਂ ਤੇ ਉਹਨੂੰ

ਬੇਨਤੀ ਕਰਦਾ ਹਾਂ, ਉਹ ਕੁਝ ਲਫ਼ਜ਼ ਆਪਣੀ ਸਿਹਤ ਬਾਰੇ ਆਖੇ। ਕਰਚ-ਕਰਚ ਕਰਨ ਦੀ ਆਵਾਜ਼ ਆ ਰਹੀ ਜੇ? ਸਾਡਾ ਕਾਸਮੋਨਾਟ 'ਸਿਤਾਰਾ' ਨਾਂ ਦਾ ਖਰਗੋਸ਼ ਏ। ਉਹ ਜੋਸ਼ ਨਾਲ ਗੋਭੀ ਦਾ ਆਪਣਾ ਨਾਸ਼ਤਾ ਖਾ ਰਿਹਾ ਏ। ਨਤੀਜੇ ਦੇ ਤੌਰ 'ਤੇ, ਉਹਦੀ ਸਿਹਤ ਸ਼ਾਨਦਾਰ ਏ!"

ਰੇਡੀਉ ਦੇ ਪੱਤਰ-ਪ੍ਰੇਰਕ ਨੇ ਉਹਦੀ ਤਕਰੀਰ ਨੂੰ ਪ੍ਰਸੰਸਾ ਨਾਲ ਸੁਣਿਆ, ਬਾਕੀਆਂ ਦੇ ਨਾਲ ਰਲ ਕੇ ਹਸਿਆ ਤੇ ਕਹਿਣ ਲਗਾ;

"ਤੈਨੂੰ ਕੀ ਪਤਾ ਏ, ਗੋਭੀ ਨਾਲ ਕਰਚ-ਕਰਚ ਕਿਵੇਂ ਹੁੰਦੀ ਏ? ਮੈਂ ਇਹ ਮਾਇਕਰੋਫ਼ੋਨ ਲੈ ਹਵਾ ਦਾ ਚਾਂਗਰਨਾ ਰਿਕਾਰਡ ਕਰਨ ਲਈ ਸ਼ਾਂਤ ਮਹਾਂਸਾਗਰ ਗਿਆ ਸਾਂ। ਤੇਰਾ ਗੂੰਗਾ ਅਖ਼ਬਾਰ ਹਵਾ ਦਾ ਜ਼ੋਰ ਕਿਵੇਂ ਪ੍ਰਗਟ ਕਰ ਸਕਦਾ ਏ?!"

ਇਹ ਹਕੀਕਤ ਸੀ। ਸਾਰੇ ਦੇਸ ਨੇ ਸ਼ਾਂਤ ਮਹਾਂਸਾਗਰ ਵਿਚ ਮਚੇ ਹੋਏ ਤੂਫ਼ਾਨ ਨੂੰ ਰੇਡੀਉ ਤੋਂ ਸੁਣਿਆ ਸੀ ਤੇ ਇਹ ਵੀ ਸੁਣਿਆ ਸੀ ਕਿ ਤੂਫ਼ਾਨ ਵੇਲੇ ਜਹਾਜ਼ ਦਾ ਅਮਲਾ ਕਿਵੇਂ ਕੰਮ ਕਰ ਰਿਹਾ ਸੀ। ਲਹਿਰਾਂ ਦੀ ਕਾੜ-ਕਾੜ, ਹਵਾ ਦੀਆਂ ਚਾਂਗਰਾਂ, ਇੰਜਨਾਂ ਦੀ ਹੌਸਲਾ ਦੇਂਦੀ ਘਰਰ-ਘਰਰ ਤੇ ਅੰਸ਼ਾਂ ਨਾਲ ਲੜਾਈ ਦੀਆਂ ਸਭਨਾਂ ਸੱਚੀਆਂ ਆਵਾਜ਼ਾਂ ਨੇ ਸਰੋਤਿਆਂ ਦੇ ਦਿਲੀਂ ਬਹਾਦਰ ਮੱਲਾਹਾਂ ਲਈ ਮਾਣ ਦਾ ਅਹਿਸਾਸ ਜਗਾ ਦਿਤਾ ਸੀ। ਓਦੋਂ ਰੇਡੀਉ ਪੱਤਰ-ਪ੍ਰੇਰਕ ਨੇ ਸਚੀ ਮੁਚੀ ਹੀ ਬੜਾ ਸੁਹਣਾ ਕੰਮ ਕੀਤਾ ਸੀ।

ਸਫ਼ਾਈ ਨਾਲ ਚਿੱਟਾ ਉਤੇਰਨ ਪਾਈ ਇਕ ਕੁੜੀ ਵਡੇ ਬੂਹੇ ਕੋਲ ਆਈ ਤੇ ਪੱਤਰ-ਪ੍ਰੇਰਕਾਂ ਨੇ ਉਹਨੂੰ ਇਕਦਮ ਘੇਰ ਲਿਆ। ਉਹ ਵਾਲੀਯਾ ਸੀ। ਦਿਤੇ ਜਾ ਰਹੇ ਧਿਆਨ ਸਦਕਾ, ਸਵੇਰ ਦੀ ਤਾਜ਼ਗੀ ਸਦਕਾ ਤੇ ਪਿਛੇ ਜਿਹੇ ਡਾਕਟਰ ਬਣ ਗਈ ਹੋਣ ਦੇ ਇਹਸਾਸ ਸਦਕਾ, ਉਹ ਮੁਸਕਰਾਈ।

"ਹੀਰੋ ਕਿਥੇ ਨੇ?" ਪੱਤਰ-ਪ੍ਰੇਰਕਾਂ ਨੇ ਪੁਛਿਆ।

"ਉਹਨਾਂ ਦਾ ਮੁਆਇਨਾ ਕੀਤਾ ਜਾ ਰਿਹਾ ਏ, ਪਰ ਉਹਨਾਂ ਨੂੰ ਛੇਤੀ ਹੀ ਬਾਹਰ ਲਿਆਂਦਾ ਜਾਏਗਾ। ਏਨਾ ਚਿਰ ਤੁਹਾਨੂੰ ਮੈਂ ਕੀ ਦੱਸਾਂ? ਉਡਾਣ ਬਾਰੇ?"

"ਨਹੀਂ, ਸਾਨੂੰ ਆਪਣੇ ਬਾਰੇ ਦੱਸ। ਤੂੰ ਪੁਲਾੜੀ ਡਾਕਟਰ ਕਿਵੇਂ ਬਣੀ?"

ਵਾਲੀਯਾ ਸੂਹੀ ਹੋ ਗਈ। ਉਹਨਾਂ ਕਿਵੇਂ ਬੁਝ ਲਿਆ ਸੀ, ਉਹ ਤਜਰਬੇ ਵਾਲੇ ਕੁੱਤੇ ਸਿਖਾਂਦੀ ਰਹੀ ਸੀ?

"ਦੱਸਣ ਵਾਲੀ ਗੱਲ ਬਹੁਤੀ ਹੈ ਕੋਈ ਨਹੀਂ," ਵਾਲੀਯਾ ਨੇ ਆਖਿਆ। "ਮੈਂ ਸਕੂਲ ਦੀ ਪੜ੍ਹਾਈ ਮੁਕਾਈ, ਏਥੇ ਲੇਬਾਰਟਰੀ-ਸਹਾਇਕ ਦੇ ਤੌਰ 'ਤੇ ਕੰਮ ਕਰਨ ਲਈ ਆ ਗਈ ਤੇ ਇੰਸਟੀਚਿਊਟ 'ਚ ਆਪਣੀ ਪੜ੍ਹਾਈ ਜਾਰੀ ਰਖੀ। ਹੁਣ ਮੈਂ ਡਾਕਟਰ ਹਾਂ। ਬਸ।"

"ਹੁਣ ਸਾਨੂੰ ਉਡਾਣ ਬਾਰੇ ਦੱਸ।"

"ਅਜ ਵਾਂਗ, ਚੰਗਾ ਦਿਨ ਸੀ," ਵਾਲੀਯਾ ਨੇ ਆਖਿਆ। "'ਹਿੰਮਤੀ' ਅਡੋਲ ਸੀ ਤੇ ਆਪਣੀ ਮਿਸਾਲ ਨਾਲ 'ਨਿੱਕੇ' ਨੂੰ ਧਰਵਾਸ ਦੇ ਰਿਹਾ ਸੀ, ਜਿਹੜਾ ਪਹਿਲੀ ਵਾਰ ਉਡ ਰਿਹਾ ਸੀ। 'ਸਿਤਾਰੇ' ਬਾਰੇ ਕੋਈ ਸ਼ਿਕਾਇਤ ਨਹੀਂ। ਜੇ ਤੁਸੀਂ ਉਹਦੇ ਵਲ ਵੇਖੋ, ਤਾਂ ਤੁਸੀਂ ਕਦੀ ਵੀ ਸਹਿਮਤ ਨਹੀਂ ਹੋਵੋਗੇ ਕਿ ਸਾਰੇ ਖ਼ਰਗੋਸ਼ ਡਰਾਕਲ ਹੁੰਦੇ ਨੇ। ਫੇਰ ਅਸੀਂ ਉਡਾਣ ਤੋਂ ਪਹਿਲਾਂ ਵਾਲਾ ਅਖ਼ੀਰੀ ਘੰਟਾ ਉਡੀਕਿਆ,

ਇਕ ਘੰਟਾ... ਅੱਧਾ ਘੰਟਾ... ਪੰਦ੍ਹਰਾਂ ਮਿੰਟ ਗਿਣਦਿਆਂ। ਉਡਾਣ ਸਾਧਾਰਨ ਢੰਗ ਨਾਲ ਚਲਦੀ ਰਹੀ। ਸਾਨੂੰ ਉਤਾਰੇ ਦਾ ਫ਼ਿਕਰ ਸੀ, ਕਿਉਂ ਜੁ ਇਸ ਵਾਰ ਰਾਕਟ ਬਹੁਤ ਭਾਰਾ ਸੀ। ਪਰ ਹਰ ਚੀਜ਼ ਸ਼ਾਨਦਾਰ ਰਹੀ। ਵਡਾ ਸਾਰਾ ਪੈਰਾਸ਼ੂਟ ਸਹੀ ਮੌਕੇ 'ਤੇ ਖੁਲ੍ਹਿਆ। ਹੇਲੀਕੌਪਟਰ ਸਾਨੂੰ ਛੇਤੀ ਹੀ ਉਤਾਰੇ ਵਾਲੀ ਥਾਂ 'ਤੇ ਲੈ ਗਿਆ।"

"ਮੈਂ ਇਕ ਸਵਾਲ ਪੁਛ ਸਕਦਾ ਹਾਂ?" ਇਕ ਪੱਤਰ-ਪ੍ਰੇਰਕ ਨੇ ਆਖਿਆ। "ਉਸ ਰਾਕਟ ਦਾ ਵਜ਼ਨ, ਜਿਦ੍ਹੇ ਵਿਚ ਕੁੱਤੇ ਤੇ ਖ਼ਰਗੋਸ਼ ਉਡਿਆ, ਦੋ ਟਨ ਤੋਂ ਵਧ ਸੀ। ਸਾਡੇ ਪਹਿਲੇ ਪੁਲਾੜੀ ਜਹਾਜ਼ ਦਾ ਵਜ਼ਨ ਵੀ ਏਨਾ ਕੁ ਹੀ ਸੀ। ਕੀ ਖ਼ਿਆਲ ਜੇ? ਕੀ 'ਹਿੰਮਤੀ' ਨਾਲ ਸਫਲਤਾ ਦੀ ਪੁਲਾੜੀ ਜਹਾਜ਼ ਦੇ ਉਤਾਰੇ ਲਈ ਕੋਈ ਮਹੱਤਤਾ ਹੈ?"

"ਮੇਰਾ ਖ਼ਿਆਲ ਏ, ਹੈ," ਵਾਲੀਯਾ ਨੇ ਸਿਰ ਹਿਲਾਇਆ। "ਮੈਂ ਇੰਜੀਨੀਅਰ ਨਹੀਂ, ਪਰ ਮੈਂ ਤੁਹਾਡੇ ਸਵਾਲ ਦਾ ਜਵਾਬ ਦੇਣ ਦੀ ਕੋਸ਼ਿਸ਼ ਕਰਾਂਗੀ। ਉਪ-ਗ੍ਰਹਿ ਦੀ ਧਰਤੀ ਦੁਆਲੇ ਉਡਾਣ ਤੇ ਰਾਕਟ ਦੀ ਖੜਵੀਂ ਉਡਾਣ ਦੋ ਵਖਰੀਆਂ ਚੀਜ਼ਾਂ ਨੇ। ਮਿਸਾਲ ਵਜੋਂ, ਪੁਲਾੜੀ ਜਹਾਜ਼ ਉਤਰਨ ਤੋਂ ਪਹਿਲਾਂ ਆਵਾਜ਼ ਨਾਲੋਂ ਕਈ ਗੁਣਾਂ ਤੇਜ਼ ਚਲਦਾ ਏ, ਇਹਦਾ ਬਾਹਰਲਾ ਖੋਲ ਦੋ, ਜਾਂ ਏਥੋਂ ਤਕ ਕਿ ਤਿੰਨ ਹਜ਼ਾਰ ਦਰਜੇ ਤਕ ਤਪ ਜਾਂਦਾ ਏ। ਪਰ ਸਾਡੇ ਤਜਰਬੇ ਯਕੀਨੀ ਹੀ ਪੁਲਾੜੀ ਜਹਾਜ਼ ਨੂੰ ਉਤਾਰਨ ਦੇ ਬਹੁਤ ਹੀ ਭਰੋਸੇ-ਯੋਗ ਢੰਗ ਵਿਕਸਤ ਕਰਨ 'ਚ ਸਹਾਈ ਹੋਏ ਨੇ। ਸੋਚੋ, ਵਡੇ ਸਾਰੇ ਟਰੱਕ ਨੂੰ ਹਵਾ 'ਚ ਚੁੱਕਣ ਲਈ ਕਿੰਨੀ ਕੁ ਸ਼ਕਤੀ ਦੀ ਲੋੜ ਹੋਵੇਗੀ—ਸਾਡੇ ਰਾਕਟ ਦਾ ਵਜ਼ਨ ਲਗ ਭਗ ਕਿਸੇ ਟਰੱਕ ਜਿੰਨਾ ਏ। ਇਕ ਪੈਰਾਸ਼ੂਟ ਚਿਤਾਰੋ, ਜਿਹਦੇ ਜ਼ਿੰਮੇ ਉਸ ਟਰੱਕ ਨੂੰ ਹੌਲੀ-ਹੌਲੀ ਜ਼ਮੀਨ ਤੇ ਉਤਾਰ ਲਿਆਉਣ ਦਾ ਕੰਮ ਏ, ਕਿਉਂ ਜੁ ਇਹਦੇ ਅੰਦਰ ਤਿੰਨ ਜੀਵ ਨੇ! ਮੈਂ ਤੁਹਾਨੂੰ ਦੱਸਣਾ ਚਾਹੁੰਦੀ ਹਾਂ ਕਿ ਇਹਨਾਂ ਤਿੰਨਾਂ ਜੀਵਾਂ—ਹਿੰਮਤੀ, ਨਿੱਕੋ ਤੇ ਸਿਤਾਰੇ—ਨੂੰ ਕੋਈ ਝਰੀਟ ਤਕ ਨਹੀਂ ਲਗੀ। ਕਮਾਲ ਦੀ ਗੱਲ ਨਹੀਂ?"

"ਆਹਖੋ," ਸਵਾਲ ਪੁੱਛਣ ਵਾਲੇ ਪੱਤਰ-ਪ੍ਰੇਰਕ ਨੇ ਰਾਇ ਮੇਲੀ। "ਇੰਜੀਨੀਅਰੀ ਦੀ ਸੁਧਤਾਈ ਬਾਰੇ ਜੁ ਕੁਝ ਵੀ ਤੁਸੀਂ ਕਿਹਾ ਏ, ਮੈਂ ਸਮਝ ਗਿਆ ਹਾਂ। ਸ਼ੁਕਰੀਆ।"

"ਆ ਗਏ ਜੇ!" ਕੋਈ ਖ਼ੁਸ਼ੀ ਨਾਲ ਉਚੀ ਸਾਰੀ ਬੋਲਿਆ।

ਖੁਲ੍ਹੇ ਬੂਹੇ ਵਿਚ ਦੋ ਨਿੱਕੇ-ਨਿੱਕੇ ਚਿੱਟੇ ਕੁੱਤੇ ਫੜੀ ਵਾਸੀਲੀ ਖੜਾ ਸੀ। ਇਕਦਮ ਹੀ ਨਿਕਚੂ ਮੁਸਾਫ਼ਰਾਂ ਦੁਆਲੇ ਹਲਚਲ ਮਚ ਗਈ।

ਫ਼ੋਟੋਗਰਾਫ਼ਰਾਂ ਨੇ ਤਿੰਨਾਂ ਕਾਸਮੋਨਾਟਾਂ ਦੀਆਂ ਹਰ ਸੰਭਵ ਮੇਲ-ਸੁਮੇਲ ਵਿਚ ਫ਼ੋਟੋ ਲਾਹੀਆਂ।

ਫ਼ੋਟੋਗਰਾਫ਼ਰਾਂ ਨੂੰ ਰੋਕਦਿਆਂ, ਇਕ ਕੈਮਰਾਮੈਨ ਨੇ ਪੂਰੀ ਫ਼ਿਲਮ ਖਿਚ ਛੱਡੀ। ਪੱਤਰ-ਪ੍ਰੇਰਕ ਡਾਕਟਰ ਉਤੇ ਅਜਿਹੇ ਅਜਿਹੇ ਸਵਾਲਾਂ ਨਾਲ ਟੁਟ ਪਏ, ਜਿਹੜੇ ਕਿਸੇ ਸੋਚੇ-ਕਿਆਸੇ ਵੀ ਨਹੀਂ ਸਨ। ਵਾਸੀਲੀ ਪਿੱਛੇ ਪੈ ਗਏ ਇਕ ਪੱਤਰ-ਪ੍ਰੇਰਕ ਨੂੰ ਇਹ ਨਾ ਦੱਸ ਸਕਿਆ ਕਿ ਹਿੰਮਤੀ ਨੂੰ ਚਾਂਪ ਬਹੁਤੀ ਚੰਗੀ ਲਗਦੀ ਸੀ ਜਾਂ ਚਾਕਲੇਟ।

ਇਸ ਹਲਚਲ ਨੂੰ ਸਿਰਫ਼ ਇਕੋ ਆਦਮੀ ਹੀ ਆਰਾਮ ਨਾਲ ਵੇਖ ਰਿਹਾ ਸੀ, ਜਿਹਦੇ ਕੋਲ ਟੇਪ ਰਿਕਾਰਡਰ ਸੀ। ਜਦੋਂ ਫ਼ੋਟੋਗਰਾਫ਼ਰ ਹਟ ਗਏ, ਰੇਡੀਉ ਪੱਤਰ-ਪ੍ਰੇਰਕ ਛੋਟੇ-ਛੋਟੇ ਕਾਸਮੋਨਾਟਾਂ ਕੋਲ ਗਿਆ।

"ਬੀਬਾ ਬਣ ਜਾ, ਤੇ ਉਚੀ ਸਾਰੀ ਭੌਂਕ!" ਮਾਇਕਰੋਫ਼ੋਨ ਨੂੰ ਹਿੰਮਤੀ ਅਗੇ ਕਰਦਿਆਂ, ਉਹ ਬੋਲਿਆ। ਉਹਦੀ ਆਵਾਜ਼ ਏਨੀ ਸਾਧਾਰਨ ਸੀ ਕਿ ਉਹਦਾ ਕੋਈ ਦੋਸਤ ਮੁਸਕਰਾਇਆ ਤਕ ਵੀ ਨਾ।

ਹਿੰਮਤੀ ਧੁੱਪ ਵਿਚ ਅੱਖਾਂ ਭੰਗਾ ਰਿਹਾ ਸੀ ਤੇ ਗਰਮੀ ਨਾਲ ਉਹਦੀ ਜੀਭ ਲਮਕ ਰਹੀ ਸੀ। ਉਹਨੇ ਗੰਭੀਰਤਾ ਨਾਲ ਉਸ ਬੰਦੇ ਵਲ ਵੇਖਿਆ। ਉਹਨੂੰ ਸਮਝ ਨਹੀਂ ਸੀ ਆ ਰਹੀ, ਉਹ ਚਾਹੁੰਦਾ ਕੀ ਸੀ।

ਪਰ 'ਨਿੱਕੇ' ਨੇ ਚਾਣਚਕ ਹੀ ਛੜਾਪਾ ਮਾਰਿਆ ਤੇ ਉਚਾ ਕੁਦ, ਆਪਣੀ ਨਸਲ ਦੀ ਪੂਰੀ ਆਪਮੁਹਾਰਤਾ ਨਾਲ, ਰੇਡੀਓ ਪੱਤਰ-ਪ੍ਰੇਰਕ ਦਾ ਨਕ ਚੱਟ ਲਿਆ।

"ਓਏ!" ਪੱਤਰ-ਪ੍ਰੇਰਕ ਕੂਕ ਉਠਿਆ। "ਇਹਦੇ ਲਈ ਤੈਨੂੰ ਭੌਂਕ ਕੇ ਵਿਖਾਣਾ ਪਵੇਗਾ।"

'ਨਿੱਕੇ' ਨੇ ਖੁਸ਼ੀ ਨਾਲ ਭੌਂ-ਭੌਂ ਕੀਤੀ।

ਬਰਾਡਕਾਸਟ ਲਈ ਇਹ ਅਹਿਮ ਆਵਾਜ਼ਾਂ ਭਰ, ਟੇਪ ਰਿਕਾਰਡਰ ਵਾਲਾ ਆਦਮੀ ਇਹਾਤੇ ਤੋਂ ਪਾਰ ਗਿਆ, ਘਾਹ ਉਤੇ ਬਹਿ ਗਿਆ, ਤੇ ਮਾਇਕਰੋਫ਼ੋਨ ਵਿਚ ਬੋਲਣ ਲਗ ਪਿਆ:

"ਹੈਲੋ! ਹੈਲੋ! ਅਸੀਂ ਉਸ ਇੰਸਟੀਚਿਊਟ ਦੇ ਇਹਾਤੇ 'ਚ ਹਾਂ, ਜਿਨ੍ਹੇ 'ਹਿੰਮਤੀ' ਤੇ 'ਨਿੱਕੇ' ਨਾਂ ਦੇ ਕੁਤਿਆਂ ਤੇ ਸਿਤਾਰੇ ਨਾਂ ਦੇ ਖ਼ਰਗੋਸ਼ ਨੂੰ ਪੁਲਾੜ ਦੇ ਸਫ਼ਰ 'ਤੇ ਘਲਿਆ। ਰੌਲਾ ਜਿਹੜਾ ਤੁਹਾਨੂੰ ਸੁਣੀ ਰਿਹਾ ਏ, ਉਹ — ਜੇ ਮੈਂ ਇੰਜ ਆਖ ਸਕਾਂ ਤਾਂ — ਵਾਪਸ ਆਏ ਕਾਸਮੋਨਾਟਾਂ ਨਾਲ ਪੱਤਰ-ਪ੍ਰੇਰਕਾਂ ਦੀ ਇੰਟਰਵਿਊ ਦਾ ਏ..."

ਉਸ ਆਦਮੀ ਨੇ ਮਾਇਕਰੋਫ਼ੋਨ ਵਿਚ ਜੁ ਕੁਝ ਹੋਰ ਕਿਹਾ, ਪੱਤਰ-ਪ੍ਰੇਰਕ ਉਹਨੂੰ ਨਾ ਸੁਣ ਸਕੇ, ਕਿਉਂ ਜੁ ਚਾਣਚਕ ਹੀ ਉਹਨਾਂ ਦਾ ਧਿਆਨ ਦੂਜੇ ਪਾਸੇ ਹੋ ਗਿਆ ਸੀ।

ਚੌਕੀਦਾਰ ਹੀ ਇਕੋ-ਇਕ ਆਦਮੀ ਸੀ, ਜਿਨ੍ਹੇ ਦੋ ਛੁਹਲੇ ਜਣਿਆਂ ਨੂੰ ਫਾਟਕ ਵਿਚੋਂ ਆਉਣ ਦੀ ਥਾਂ ਜੰਗਲੇ ਦੀਆਂ ਸੀਖਾਂ ਵਿਚੋਂ ਨਿਕਲਦਿਆਂ ਵੇਖਿਆ।

ਉਹ ਵਾੜ ਦੇ ਨਾਲ-ਨਾਲ, ਫੇਰ ਦਰਖ਼ਤਾਂ ਵਿਚਕਾਰ, ਚੋਰੀ-ਚੋਰੀ ਮੁੰਡਿਆਂ ਦੇ ਪਿੱਛੇ-ਪਿੱਛੇ ਟੁਰਦਾ ਆਇਆ ਤੇ ਫੇਰ ਉਹਨਾਂ ਨੂੰ ਪਿਛੋਂ ਝਪਟਾ ਮਾਰਨ ਹੀ ਲਗਾ ਸੀ ਕਿ ਉਹਨਾਂ ਅੱਗੇ ਨੂੰ ਸ਼ੂਟ ਵੱਟ ਲਈ। ਤੇ ਇੱਕ ਦੀ ਜੁਸ਼ੀਲੀ ਬਾਲ-ਆਵਾਜ਼ ਨੇ ਗੱਲ-ਬਾਤ ਟੁਕ ਦਿਤੀ।

"ਰੈਗਸ! ਰੈਗਸ!" ਕੱਕੇ ਵਾਲਾਂ ਵਾਲਾ ਮੁੰਡਾ ਭਜਦਾ-ਭਜਦਾ ਚਿਲਕਿਆ।

ਹਿੰਮਤੀ ਆਪਣੀ ਲੰਮੀ ਸੰਗਲੀ ਘਾਹ ਵਿਚ ਧਰੂੰਹਦਾ, ਵਡੀਆਂ ਵਡੀਆਂ ਛਾਲਾਂ ਮਾਰਦਾ, ਉਹਨੂੰ ਮਿਲਣ ਲਈ ਭਜਿਆ। ਉਹ ਮੁੰਡੇ ਦੀ ਛਾਤੀ ਤਕ ਕੁਦ ਆਇਆ ਤੇ ਉਹਨੇ ਉਹਦੀ ਗਲ੍ਹ ਚਟ ਲਈ।

ਬੋਰੀਯਾ ਅੱਡੀਆਂ ਭਾਰ ਬਹਿ ਗਿਆ। ਉਹਨੇ ਰੈਗਸ ਦਾ ਸਿਰ ਗੋਡਿਆਂ ਉਤੇ ਰਖ ਲਿਆ, ਤੇ ਉਹਦੀਆਂ ਪਿਆਰੀਆਂ, ਮਿਹਰ ਭਰੀਆਂ ਅੱਖਾਂ ਵਿਚ ਵੇਖਦਿਆਂ, ਉਹਦੀ ਨਰਮ ਪਸ਼ਮ ਨੂੰ ਥਪਥਪਾਂਦਾ ਉਹ ਉਹਦੇ ਨਾਲ ਅਜੀਬ ਗੱਚ-ਭਰੀ ਆਵਾਜ਼ ਵਿਚ ਗੱਲਾਂ ਕਰਨ ਲਗ ਪਿਆ। ਆਵਾਜ਼ ਇਕੋ ਵੇਲੇ ਲੰਘੇ ਮਹੀਨਿਆਂ ਦਾ ਦੁਖ ਤੇ ਨਿਰਾਸਤਾ ਵੀ ਪ੍ਰਗਟਾਂਦੀ ਸੀ ਤੇ ਇਸ ਮੁੜ-ਮਿਲਣੀ ਦੀ ਖੁਸ਼ੀ ਵੀ।

"ਰੈਗਸ, ਰੈਗਸ," ਸਿਰਫ਼ ਉਹਨੂੰ ਵੇਖਦਿਆਂ, ਬੋਰੀਯਾ ਬੋਲਿਆ। "ਮੈਂ ਹਾਂ, ਯਾਦ ਈ? ਪਛਾਣਦਾ ਏਂ ਮੈਨੂੰ? ਸਾਰਾ ਕੁਝ ਇੰਜ ਝਲਿਆਂ ਵਾਂਗ ਹੋਇਆ ਏ। ਮੈਂ ਸੋਚਦਾ ਸਾਂ, ਤੈਨੂੰ ਫੇਰ ਕਦੀ, ਕਦੀ ਵੀ

ਨਹੀਂ ਮਿਲ ਸਕਣ ਲਗਾ... ਤੋਬਾ ਕਿਵੇਂ ਵਡਾ ਹੋ ਗਿਐਂ ਤੂੰ! ਤੇ ਏਡਾ ਤਗੜਾ! ਏਥੇ ਚੰਗਾ ਲਗਦਾ ਈ, ਰੈਗਸ? ਮੈਨੂੰ ਯਾਦ ਕਰਦਾ ਸੈਂ?"

ਰੈਗਸ ਆਪਣੇ ਪਹਿਲੇ ਮਾਲਕ ਦੇ ਮੂੰਹ ਵਲ ਵੇਖ ਰਿਹਾ ਸੀ ਤੇ ਉਹਦੀ ਪੂਛ ਕਹਿ ਰਹੀ ਸੀ ਕਿ ਉਹਨੂੰ ਆਪਣੀ ਸ਼ਿਕਾਇਤ, ਚਿਰ ਹੋਇਆ, ਭੁਲ ਗਈ ਹੋਈ ਸੀ, ਤੇ ਉਹ ਉਹਨੂੰ ਯਾਦ ਆਉਂਦਾ ਰਿਹਾ ਸੀ, ਤੇ ਉਹ ਉਹਨੂੰ ਮਿਲ ਕੇ ਖੁਸ਼ ਹੋਇਆ ਸੀ। ਸਿਰਫ਼ ਖੁਸ਼ ਹੀ ਨਹੀਂ, ਬਹੁਤ ਖੁਸ਼ ਹੋਇਆ ਸੀ।

ਕੁੱਤੇ ਨੇ ਪਰਤ ਕੇ ਵੇਖਿਆ। ਐਨਕ ਪਿਛੇ ਅੱਖਾਂ ਸੁੰਗੇੜਦਾ, ਵਾਸੀਲੀ ਉਹਦੇ ਵਲ ਆ ਰਿਹਾ ਸੀ। ਤੇ ਉਹਦੀ ਪੂਛਲ ਹੋਰ ਵੀ ਤੇਜ਼ ਹਿੱਲਣ ਲਗ ਪਈ। ਹਾਂ, ਉਹਨੂੰ ਬੋਰੀਯੇ ਨੂੰ ਮਿਲ, ਉਹਦੀ ਗੱਲ ਸੁਣ, ਖੁਸ਼ੀ ਹੋਈ ਸੀ। ਨਾਲੇ, ਉਹ ਇਸ ਮਿਹਰਬਾਨ ਆਦਮੀ ਨਾਲ, ਚੰਗੇ ਆਰਾਮ ਵਿਚ ਸੀ। ਇਸ ਕਰਕੇ ਉਹਨੂੰ ਦੋਹਰੀ ਖ਼ੁਸ਼ੀ ਸੀ।

"ਇਹ ਤੇਰਾ ਕੁੱਤਾ ਏ?" ਹੈਰਾਨੀ ਨਾਲ ਵਾਸੀਲੀ ਨੇ ਪੁਛਿਆ। "ਤੈਨੂੰ ਮਿਲ ਕੇ ਖੁਸ਼ੀ ਹੋਈ ਏ।"

ਬੋਰੀਯਾ ਉਠ ਖਲੋਤਾ। ਉਹਦਾ ਮੂੰਹ ਡਲਕ ਰਿਹਾ ਸੀ।

"ਆਹਖੋ, ਇਹ ਮੇਰਾ ਰੈਗਸ ਏ! ਮੈਂ ਇਹਨੂੰ ਹਰ ਥਾਂ ਲਭਦਾ ਰਿਹਾਂ। ਤੇ ਫੇਰ..." ਆਪਣੇ ਦੁਆਲੇ ਘੂਰ-ਘੂਰ ਵੇਖ ਰਹੇ ਇਹਨਾਂ ਚਿਹਰਿਆਂ ਦੇ ਇਹਸਾਸ ਨਾਲ ਉਹ ਆਪਣੀ ਗੱਲ ਨਾ ਮੁਕਾ ਸਕਿਆ।


"ਕਿਆ ਮੇਲ ਹੋਇਆ ਏ!" ਮੁਸਕਰਾਂਦਿਆਂ ਹੋਇਆਂ ਇਕ ਪਤਰ-ਪ੍ਰੇਰਕ ਨੇ ਆਖਿਆ। "ਤੂੰ ਕਹਿੰਦਾ ਏ, ਬੇਟਾ, ਹਿੰਮਤੀ ਦਾ ਨਾਂ ਰੈਗਸ ਹੁੰਦਾ ਸੀ? ਅਜੀਬ ਗੱਲ ਏ।"

ਬੋਰੀਯੇ ਉਤੇ ਸਵਾਲਾਂ ਦੀ ਵਾਛੜ ਹੋ ਪਈ।

"ਤੈਥੋਂ ਗੁਆਚਾ ਕਿਸ ਤਰ੍ਹਾਂ?"

"ਕੀ-ਕੀ ਚੰਗਾ ਲਗਦਾ ਸਾਸੂ?"

"ਜਦੋਂ ਤੇਰੇ ਕੋਲ ਸੀ, ਚਾਂਪਾਂ ਚੰਗੀਆਂ ਲਗਦੀਆਂ ਸਾਸੂ?"





"ਇਹਨੂੰ ਤੂੰ ਕਿੰਨਾ ਚਿਰ ਢੂੰਡਦਾ ਰਿਹੈਂ?"

ਉਹਨਾਂ ਏਨੇ ਸਵਾਲ ਪੁੱਛੇ ਕਿ ਬੋਰੀਯੇ ਨੂੰ ਸਾਰਾ ਕੁਝ ਦੱਸਣਾ ਪਿਆ, ਜੁ ਉਹਨੂੰ ਰੈਗਸ ਬਾਰੇ ਪਤਾ ਸੀ।

ਅੰਦਰ ਵੜ ਆਏ ਦੂਜੇ ਮੁੰਡੇ ਵਲ ਕਿਸੇ ਧਿਆਨ ਨਾ ਦਿਤਾ। ਸਿਰਫ਼ ਇਕੋ ਪੱਤਰਕਾਰ ਨੇ ਉਹਦੇ ਵਲ ਨਜ਼ਰ ਕੀਤੀ:

"ਮੈਨੂੰ ਪਤਾ ਸੀ, ਮੈਨੂੰ ਪਤਾ ਸੀ, ਤੂੰ ਏਥੇ ਹੋਏਂਗਾ!"

"ਪਿਤਾ ਜੀ!" ਡਾਢੀ ਖੁਸ਼ੀ ਨਾਲ ਗੇਨਾ ਕੂਕਿਆ! "ਅਸੀਂ ਰੈਗਸ ਨੂੰ ਲਭ ਲਿਐ!"

"ਮੈਂ ਸਾਰਾ ਕੁਝ ਵੇਖਿਆ ਏ", ਅਨਾਤੋਲੀ ਕਾਰਾਤੋਵ ਨੇ ਆਖਿਆ।

ਜਦੋਂ ਬੋਰੀਯੇ ਨੇ ਆਪਣੀ ਕਹਾਣੀ ਮੁਕਾ ਲਈ, ਕਾਰਾਤੋਵ ਉਹਦੇ ਕੋਲ ਗਿਆ:

"ਬੋਰੀਯੇ, ਮੈਨੂੰ ਤੇਰੀ ਖੁਸ਼ੀ ਹੋਈ ਏ। ਜਦੋਂ ਤੇਰਾ ਕੁੱਤਾ ਗੁਆਚ ਗਿਆ ਸੀ, ਮੈਨੂੰ ਬੜਾ ਅਫ਼ਸੋਸ ਹੋਇਆ ਸੀ।"


"ਕਸੂਰ ਸਾਡਾ ਏ," ਬੋਰੀਯੇ ਨੇ ਮੰਨਿਆ। "ਗੇਨਕੇ ਦਾ ਤੇ ਮੇਰਾ। ਪਰ ਫੇਰ," ਸ਼ਰਾਰਤ ਨਾਲ ਉਹਦੀਆਂ ਅੱਖਾਂ ਸੁੰਗੜ ਗਈਆਂ, "ਜੇ ਰੈਗਸ ਗ਼ਾਇਬ ਨਾ ਹੁੰਦਾ, ਉਹਨੇ 'ਹਿੰਮਤੀ' ਕਦੀ ਨਹੀਂ ਸੀ ਬਣਨਾ! ਹੁਣ ਸਾਰੀ ਦੁਨੀਆਂ ਇਹਨੂੰ ਜਾਣਦੀ ਏ!"

ਆਪਣੀ ਲਭਤ ਕਰਕੇ ਅਚੰਭੇ ਨਾਲ ਭਰਿਆ, ਬੋਰੀਯਾ ਅਟਕ ਲਿਆ, ਤੇ ਉਹਨੇ ਵਾਸੀਲੀ ਵਲ ਮੂੰਹ ਕੀਤਾ।

"ਡਾਕਟਰ, ਕਦੀ-ਕਦੀ ਇਹਨੂੰ ਮਿਲਣ ਏਥੇ ਆ ਜਾਇਆ ਕਰੀਏ? ਗੇਨਾ ਤੇ ਮੈਂ? ਅਸੀਂ ਵਿਘਨ ਨਹੀਂ ਪਾਵਾਂਗੇ।"

"ਕਿਉਂ ਨਹੀਂ," ਵਾਸੀਲੀ ਮੰਨ ਗਿਆ। "ਜ਼ਰੂਰ ਆਉਣਾ ਸਾਨੂੰ ਮਿਲਣ।"

"ਬੋਰੀਯੇ, ਬੋਰੀਯੇ!" ਗੇਨੇ ਨੇ ਆਪਣੇ ਦੋਸਤ ਦੀ ਪਿੱਠ ਉਤੇ ਘਸੁੰਨ ਜੜਿਆ। "ਖੁਸ਼ਨਸੀਬਾ! ਰੈਗਸ ਲਭ ਲਿਆ ਹੀ, ਤੇ ਹੁਣ ਉਹ ਮਸ਼ਹੂਰ ਕਾਸਮੋਨਾਟ ਏ!"





ਗੋਨੇ ਨੇ ਉਦਾਸੀ ਨਾਲ ਆਪਣੇ ਪਿਤਾ ਜੀ ਵਲ ਤਕਿਆ, ਇੰਜ ਜਿਵੇਂ ਕਹਿ ਰਿਹਾ ਹੋਵੇ, ਦੁਨੀਆਂ ਵਿਚ ਖ਼ੁਸ਼ੀ ਦੀ ਵੰਡ ਬਰਾਬਰ ਨਹੀਂ।

ਪਰ ਬੋਰੀਯੇ ਨੇ ਨਾ ਸੁਣਿਆ। ਉਹ ਰੈਗਸ ਨੂੰ ਅਲਵਿਦਾ ਆਖ ਰਿਹਾ ਸੀ।

"ਮੈਂ ਆਵਾਂਗਾ," ਉਹਨੇ ਉਹਦੇ ਕੰਨ ਵਿਚ ਆਖਿਆ। "ਫ਼ਿਕਰ ਨਾ ਕਰੀਂ! ਮੈਂ ਤੈਨੂੰ ਫੇਰ ਮਿਲਣ ਆਵਾਂਗਾ।"

## ਬ੍ਰਹਿਮੰਡ ਦੀਆਂ ਕੁੰਜੀਆਂ

ਛੇਤੀ ਹੀ ਇਕ ਹੋਰ ਪੁਲਾੜੀ ਜਹਾਜ਼ ਛਡਿਆ ਗਿਆ। ਇਹਦੇ ਮੁਸਾਫ਼ਰ ਸਤਰੇਲਕਾ ਤੇ ਬੇਲਕਾ ਨਾਂ ਦੇ ਕੁੱਤੇ ਸਨ।

ਵਿਗਿਆਨੀਆਂ ਨੂੰ ਫ਼ਿਕਰ ਲਗਾ ਹੋਇਆ ਸੀ।



ਟੈਲੀਵੀਅਨ ਦੇ ਪਰਦੇ ਉਤੇ ਦੋ ਅਹਿੱਲ ਤਸਵੀਰਾਂ ਸਨ। ਕੀ ਉਹ ਜਿਊਂਦੇ ਸਨ ?

ਰਾਕਟ ਪਰਕਰਮਾ-ਪੰਧ ਉਤੇ ਪੈ ਗਿਆ ਤੇ ਤਸਵੀਰਾਂ ਵਿਚ ਜਾਨ ਪੈ ਗਈ। ਮੁਸਾਫ਼ਰ ਹਿੱਲਣ ਜੁੱਲਣ ਲਗ ਪਏ।

ਸਤਰੇਲਕਾ ਦਾ ਰਤਾ-ਮਾਸਾ ਫੀਨਾ ਨਕ ਹਿਲਿਆ, "ਹਾਂ ਅਸੀਂ ਜਿਊਂਦੇ ਹਾਂ!" ਉਹਦਾ ਕਾਲਾ ਕੰਨ ਤੇ ਉਹਦੀ ਅਖ ਦੁਆਲੇ ਵਾਲਾ ਕਾਲਾ ਨਿਸ਼ਾਨ ਖੁਸ਼ੀ ਨਾਲ ਹਿਲ ਰਿਹਾ ਸੀ। ਬੇਲਕਾ ਨੇ, ਗੁਦਗੁਦੀ ਚਿੱਟੀ ਬੇਲਕਾ ਨੇ, ਆਪਣੇ ਆਰ-ਪਾਰ ਰਖੇ ਪੰਜਿਆਂ ਤੋਂ ਸਿਰ ਚੁਕਿਆ, "ਨਹੀਂ, ਸਾਨੂੰ ਡਰ ਨਹੀਂ ਸੀ ਲਗਾ! ਮਿਹਰਬਾਨੀ ਕਰਕੇ, ਫ਼ਿਕਰ ਨਾ ਕਰੋ!.."


ਪਹਿਲੋਂ ਪਹਿਲ ਉਹਨਾਂ ਤੋਂ ਚਾਣਚਕ ਹੀ ਵੱਸ ਵਿਚ ਹੀ ਨਾ ਆਉਂਦੀ ਹਦ ਤਕ ਤਕੜੇ ਹੋ ਗਏ ਪੰਜੇ ਕੰਟਰੋਲ ਨਾ ਹੋ ਸਕੇ। ਉਹਨਾਂ ਨੂੰ ਉਹਨਾਂ ਉਤੇ ਗੁੱਸਾ ਚੜ੍ਹ ਗਿਆ ਤੇ ਉਹ ਭੌਂਕ ਤਕ ਵੀ ਪਈਆਂ। ਫੇਰ ਉਹਨਾਂ ਨੂੰ ਅਨੋਖੇ ਹੌਲੇਪਣ ਦੀ ਗੇਝ ਪੈ ਗਈ, ਤੇ ਆਪਣੀ ਆਮ ਚੰਗੀ ਰੌਂ ਵਿਚ ਆ, ਉਹਨਾਂ ਸਵੈਕਾਰ ਫ਼ੀਡਰ ਵਲ ਮੂੰਹ ਕੀਤੇ ਤੇ ਪੁਲਾੜ ਵਿਚ ਆਪਣਾ ਪਹਿਲਾ ਨਾਸ਼ਤਾ ਖਾਧਾ।

ਪੁਲਾੜੀ ਜਹਾਜ਼ ਆਪਣਾ ਬ੍ਰਹਿਮੰਡੀ ਵਾਲਜ਼ ਨਚਦਾ ਚੱਕਰ ਉਤੇ ਚੱਕਰ ਲਾਉਂਦਾ ਗਿਆ। ਨਿਰਭਾਰ ਮੁਸਾਫ਼ਰ ਜਿਊਂਦੇ ਤੇ ਹਿਲਦੇ-ਜੁਲਦੇ ਸਨ। ਵਿਗਿਆਨੀ ਪਰਦੇ ਉਤੇ ਜਿਊਂਦੀਆਂ ਤਸਵੀਰਾਂ ਨੂੰ ਲਗਾਤਾਰ ਵੇਖ ਰਹੇ ਸਨ।


"ਹੈਲੋ! ਹੈਲੋ! ਹੈਲੋ!"


"ਬੇਲਕਾ ਤੇ ਸਤਰੇਲਕਾ, ਚੂਹੇ ਤੇ ਚੂਹੀਆਂ ਤੇ ਬਾਕੀ ਦਾ ਸਾਰੇ ਦਾ ਸਾਰੇ ਚਿੜਿਆ ਘਰ ਜਿਊਂਦਾ ਏ, ਤੇ ਠੀਕ-ਠਾਕ ਏ," ਰੇਡੀਉ ਨੇ ਸਾਰੀ ਦੁਨੀਆਂ ਲਈ ਐਲਾਨ ਕੀਤਾ।


ਧਰਤੀ ਤੋਂ ਸੰਕੇਤ ਮਿਲਿਆ ਤੇ ਪੁਲਾੜੀ ਜਹਾਜ਼ ਉਤਾਰੇ ਲਈ ਥੱਲੇ ਆ ਗਿਆ। ਪੈਰਾਸ਼ੂਟ ਦਾ ਚਿੱਟਾ ਗੁੰਬਦ ਖੁਲ੍ਹ ਗਿਆ ਤੇ ਉਹਨੇ ਕਾਸਮੋਨਾਟ ਨੂੰ ਹੇਠਾਂ ਪੈਲੀ ਵਿਚ ਉਤਾਰ ਲਿਆਂਦਾ। ਲੋਕਾਂ ਆਪਣਾ ਕੰਮ ਛਡ ਦਿਤਾ ਤੇ ਕਮਾਲ ਦੇ ਪ੍ਰਾਹੁਣਿਆਂ ਨੂੰ ਮਿਲਣ ਲਈ ਭੱਜੇ।



"ਕਿੱਡੀ ਕਰਾਮਾਤ ਏ," ਸਾਂਝੇ ਕਿਸਾਨਾਂ ਨੇ ਖ਼ੁਸ਼ੀ ਮਨਾਈ। "ਏਥੇ ਅਸੀਂ ਕੰਮ ਕਰ ਰਹੇ ਸਾਂ, ਟਰੈਕਟਰ ਵਾਹੀ ਕਰ ਰਿਹਾ ਸੀ, ਤੇ ਚਾਣਚਕ ਹੀ ਰਾਕਟ ਸਾਡੇ ਕੋਲ




51
ਮਾਸਕੋ –ਉਤਰੀ ਤਾਰਾ



ਕਾਸਮੋਨਾਟ ਲੈ ਆਇਆ। ਜ਼ਰਾ ਸੋਚੋ! ਅਸਮਾਨ ਤੋਂ ਜਿਵੇਂ ਕਿਸਮਤ ਉਤਰ ਆਈ ਹੋਵੇ। ਅਸੀਂ ਇਹ ਕਰਾਮਾਤ ਸਭ ਤੋਂ ਪਹਿਲਾਂ ਵੇਖੀ।"

ਵਿਗਿਆਨੀ ਹੇਲੀਕੋਪਟਰ ਵਿਚ ਬਹਿ ਆ ਗਏ। ਉਹਨਾਂ ਸਤਰੇਲਕਾ ਤੇ ਬੇਲਕਾ ਨੂੰ ਕੈਬਿਨ ਵਿਚੋਂ ਕਢਿਆ, ਇਕ ਦੂਜੇ ਨੂੰ ਵਧਾਈ ਦਿਤੀ, ਤੇ ਇਕ ਦੂਜੇ ਨੂੰ ਜੱਫ਼ੀ ਪਾਈ। ਉਹਨਾਂ ਲਈ ਬੇਲਕਾ ਤੇ ਸਤਰੇਲਕਾ — ਪਹਿਲੇ ਸਹੀ-ਸਲਾਮਤ ਉਤਰੇ ਕਾਸਮੋਨਾਟਾਂ — ਤੋਂ ਵਡਾ ਇਨਾਮ ਹੋਰ ਕੀ ਹੋ ਸਕਦਾ ਸੀ!

"ਸਾਡੇ ਲਈ ਬ੍ਰਹਿਮੰਡ ਦੀਆਂ ਕੁੰਜੀਆਂ ਲਿਆਈਆਂ ਨੇ!" ਟਪੂ-ਟਪੂ ਕਰ ਰਹੀਆਂ ਕੁੱਤੀਆਂ ਨੂੰ ਵੇਖਦਿਆਂ, ਇਕ ਵਿਗਿਆਨੀ ਨੇ ਆਖਿਆ। ਫੇਰ ਉਹਨੇ ਉਸ ਪੈਲੀ ਵਲ ਵੇਖਿਆ, ਜਿਥੇ ਚਿੱਟਾ ਪੈਰਾਸ਼ੂਟ ਪਿਆ ਸੀ ਤੇ ਅਗੋਂ ਕਹਿਣ ਲਗਾ, "ਲੈਨਿਨਗਰਾਦ 'ਚ ਕੁੱਤੇ ਦੀ ਯਾਦਗਾਰ ਬਣੀ ਹੋਈ ਏ ਤੇ ਪੈਰਿਸ 'ਚ ਡੱਡੂ ਦੀ। ਅਕਾਦਮਿਸ਼ਨ ਈਵਾਨ ਪਾਵਲੋਵ ਤੇ ਫ਼ਰਾਂਸੀਸੀ ਜੀਵ-ਵਿਗਿਆਨੀ ਕਲਾਦ ਬਰਨਾਰਦ ਦਾ ਖ਼ਿਆਲ ਸੀ, ਇਹਨਾਂ ਜਾਨਵਰਾਂ ਨੇ ਵਿਗਿਆਨ ਦੀ ਮਹਾਨ ਸੇਵਾ ਕੀਤੀ ਹੈ ਤੇ ਇਸ ਕਾਰਨ ਉਹਨਾਂ ਨੂੰ ਅਮਰ ਕਰ ਦਿਤਾ ਗਿਆ ਹੈ। ਇਕ ਦਿਨ, ਇਸ ਪੈਲੀ 'ਚ ਪਹਿਲੇ ਸਫਲ ਕਾਸਮੋਨਾਟਾਂ, ਬੇਲਕਾ ਤੇ ਸਤਰੇਲਕਾ, ਦੇ ਮਾਣ 'ਚ ਯਾਦਗਾਰ ਬਣੀ ਹੋਵੇਗੀ। ਤੇ ਕਿਸੇ ਹੋਰ ਥਾਂ ਲਾਇਕਾ ਦੀ ਯਾਦਗਾਰ ਹੋਵੇਗੀ।"

ਸ਼ਹਿਰ ਵਿਚ ਇਕ ਛੋਟਾ ਜਿਹਾ ਬਾਗ਼ ਹੈ। ਉਹਦੇ ਵਿਚ ਫੁੱਲਾਂ ਨਾਲ ਘਿਰੀ ਇਕ ਨਿਮਾਣੀ ਜਿਹੀ ਯਾਦਗਾਰ ਹੈ। ਉਚੇ ਸਲੇਟੀ ਥੜੇ ਉਤੇ ਤਸਿਓਲਕੋਵਸਕੀ ਦਾ ਛਾਤੀ ਤਕ ਦਾ ਇਕ ਬੁਤ ਹੈ। ਇਹ ਗੁਲਾਬੀ ਰੰਗ ਦੇ ਕੰਜੂਰ ਦਾ ਬਣਿਆ ਹੋਇਆ ਹੈ ਤੇ ਬਦਲਵਾਈ ਵੇਲੇ ਵੀ ਵਿਗਿਆਨੀ ਦਾ ਮੂੰਹ ਸੂਰਜ ਦੀ ਰੋਸ਼ਨੀ ਨਾਲ ਲਿਸ਼ਕਦਾ ਲਗਦਾ ਹੈ। ਸਾਡੇ ਹੀਰੋ, ਬੋਰੀਯਾ ਤੇ ਗੇਨਾ, ਏਥੇ ਅਕਸਰ ਆਉਂਦੇ ਹਨ। ਉਹ ਹਮੇਸ਼ਾ ਹੀ ਕੁਝ ਨਾ ਕੁਝ ਵਿਚਾਰ ਰਹੇ ਤੇ ਤੁੰਦੀ ਨਾਲ ਬਹਿਸ ਰਹੇ ਹੁੰਦੇ ਹਨ। ਉਹ



ਬਹਿਸਣ ਤੋਂ ਬਿਨਾਂ ਨਹੀਂ ਰਹਿ ਸਕਦੇ, ਕਿਉਂ ਜੁ ਵਿਗਿਆਨ ਤਕ ਲਈ ਵੀ ਬ੍ਰਹਿਮੰਡ ਦੀ ਹਰ ਚੀਜ਼ ਸਪਸ਼ਟ ਤੇ ਸਮਝ-ਆਉਨੀ ਨਹੀਂ।

ਆਮ ਤੌਰ ਉਤੇ, ਵਡੀਆਂ-ਵਡੀਆਂ ਅੱਖਾਂ ਵਾਲੀ ਇਕ ਕੁੜੀ, ਓਸੇ ਹੀ ਬੈਂਚ ਉਤੇ ਜਾਂ ਅਗਲੇ ਬੈਂਚ ਉਤੇ, ਬਹਿਸ ਕਰਨ ਵਾਲਿਆਂ ਕੋਲ ਬੈਠੀ ਹੁੰਦੀ ਹੈ। ਜੇ ਬਹਿਸ ਅਮਲੀ ਤੇ ਅਮਨ-ਅਮਾਨ ਵਾਲੀ ਹੋਵੇ, ਉਹ ਕੋਈ ਧਿਆਨ ਨਹੀਂ ਦੇਂਦੀ, ਅਸਮਾਨ ਵਲ ਤਕਦੀ, ਪੈਰ ਮਾਰਦੀ ਤੇ ਮਨ ਵਿਚ ਆਏ ਖ਼ਿਆਲ ਗੁਣ-ਗੁਣ ਕਰਦੀ ਰਹਿੰਦੀ ਹੈ:

ਸਾਡੇ ਰਾਕਟਾਂ ਉਤੇ ਕਿਉਂ ਨੇ ਤਾਰੇ ਸਹੁੰਦੇ?
ਸਾਡੇ ਸਿਪਾਹੀਆਂ ਤੇ ਵੀ, ਲੱਗੇ ਨੇ ਹੁੰਦੇ।
ਵਡੇ, ਲਾਲ-ਲਾਲ, ਸਾਡੇ ਝੰਡਿਆਂ ਉਤੇ,
ਤਾਰਿਆਂ ਦੀ ਲੋ ਨਾਲ ਆਕਾਸ਼ ਧੁਪੇ।

ਚਿਤਰਕਾਰ ਬਾਗ਼ ਦੀ ਸਭ ਤੋਂ ਇਕਲਵੰਝੀ ਨੁੱਕਰ ਚੁਣਦਾ ਹੈ। ਪਿਛੇ ਜਿਹੇ ਤੋਂ ਉਹਦੀ ਤਬੀਅਤ ਚੰਗੀ ਹੋ ਗਈ ਹੈ ਤੇ ਹੁਣ ਉਹਦਾ ਜੀ ਖੁਲ੍ਹੀ ਹਵਾ ਵਿਚ ਕੰਮ ਕਰਨ ਨੂੰ ਕਰਦਾ ਹੈ। ਜਦੋਂ ਸਾਰਾ ਕੁਝ ਠੀਕ-ਠਾਕ ਹੋ ਜਾਂਦਾ ਹੈ, ਤੇ ਚਿਤਰ ਸਫਲ ਰਹਿੰਦਾ ਹੈ, ਉਹ ਮੁਸਕਰਾਂਦਾ ਹੈ, ਉਹਦੀ ਪਿੰਸਲ ਕਾਗ਼ਜ਼ ਉਤੇ ਹਮੇਸ਼ਾ ਨਾਲੋਂ ਤਿਖੇਰੀ ਚਲਦੀ ਹੈ।

ਆਓ, ਚੁਪ-ਚਾਪ ਉਹਦੇ ਕੋਲ ਜਾਈਏ, ਤਾਂ ਜੁ ਉਹਦੇ ਕੰਮ ਵਿਚ ਵਿਘਨ ਨਾ ਪਵੇ।

ਵਾਹ-ਵਾਹ! ਚਿਤਰ ਵਿਚ ਸਾਡੇ ਹੀਰੋ ਹਨ। ਵਡਾ ਹੋਇਆ ਪਿਆ, ਕਾਸਮੋਨਾਟ ਬੋਰਿਸ ਸਮੋਲੋਵ ਹੁਣ ਪੁਲਾੜ ਦੇ ਲੰਮੇ ਸਫ਼ਰ ਲਈ ਤਿਆਰ ਹੋ ਰਿਹਾ ਹੈ। ਇਹ ਗੰਭੀਰ ਸਮਾਂ ਹੈ! ਬੋਰਿਸ ਦੀ ਬੁੱਢੀ ਮਾਂ ਤੇ ਦੁਖੀ ਲਿਊਬਾ ਦੇ ਹੰਝੂ ਨਹੀਂ ਠੱਲੇ ਜਾ ਰਹੇ... ਪਰ ਗੇਨਾ ਕਾਰਾਤੋਵ ਕਿਥੇ ਏ? ਔਹ ਵੇ ਉਹ— ਪੋਰਟਹੋਲ ਵਿਚੋਂ ਵੇਖ ਰਿਹਾ। ਬੇ-ਸਬਰਾ ਵਿਗਿਆਨੀ ਹੁਣੇ ਹੀ ਆਪਣਾ ਪੁਲਾੜੀ ਸੂਟ ਪਾਈ ਬੈਠਾ ਹੈ ਤੇ ਆਪਣੇ ਸਾਥੀ ਵਲ ਹਥ ਹਿਲਾ ਰਿਹਾ ਹੈ।

ਤੇ ਇਹ ਇਕ ਹੋਰ ਤਸਵੀਰ ਹੈ। ਕਾਸਮਿਕ ਜੁਗ ਦੇ ਸਿੱਖਰ ਵੇਲੇ, ਕਲ-ਵਿਦਿਆ ਅਜਿਹੀ ਪੱਧਰ ਉਤੇ ਪਹੁੰਚ ਗਈ ਹੋਵੇਗੀ ਕਿ ਹਫ਼ਤੇ ਦਾ ਅਖ਼ੀਰ ਗੁਜ਼ਾਰਨ ਲਈ ਧਰੁਵੀ ਤਾਰੇ ਉਤੇ ਜਾਇਆ ਜਾ ਸਕਿਆ ਕਰੇਗਾ...

ਸਾਡੇ ਮੁਸਾਫ਼ਰ ਧਰਤੀ ਦੇ ਵਾਸੀ ਹਨ, ਤੇ ਉਹ ਘਰ ਪਰਤ ਆਉਣਗੇ...

ਸਾਨੂੰ ਦਿਸ ਨਹੀਂ ਸਕਦਾ, ਇਸ ਪਿਛੋਂ ਕੀ ਹੋਇਆ, ਕਿਉਂ ਜੁ ਚਿਤਰਕਾਰ ਨੇ ਚਿਤਰਾਂ ਵਾਲੀ ਕਾਪੀ ਬੰਦ ਕਰ ਲਈ ਹੈ। ਉਹ ਮੂਰਤਾਂ ਵਿਚ ਰੰਗ ਘਰ ਜਾ ਕੇ ਭਰਨਾ ਚਾਹੁੰਦਾ ਹੈ, ਤੇ ਪਿਛੋਂ ਉਹ ਆਪਣੇ ਬਾਲ-ਦੋਸਤਾਂ ਨੂੰ ਵਧੀਆ ਸੁਗਾਤ ਭੇਟ ਕਰੇਗਾ।

ਜੇ, ਪਾਠਕ ਜੀ, ਤੁਹਾਨੂੰ ਕੋਈ ਅਜਿਹਾ ਛਾਂਦਾਰ ਇਹਾਤਾ ਦਿੱਸੇ, ਜਿਹਦੇ ਪਿੱਛੇ ਵਲ ਇਕ ਪੁਰਾਣੀ ਹਵੇਲੀ ਹੋਵੇ, ਤਾਂ ਸ਼ਾਇਦ ਤੁਹਾਨੂੰ ਸਾਡੇ ਚੁਪਾਏ ਹੀਰੋ ਦਿਸ ਪੈਣ। ਇਹਾਤੇ ਵਿਚ ਭੱਜੇ ਫਿਰਦੇ ਕੁਤਿਆਂ

ਵਿਚ ਚੰਚਲ ਡੱਫ਼ਰ ਨੂੰ, ਨਿਖੇੜੀਆਂ ਨਾ ਜਾ ਸਕਦੀਆਂ ਸਤਰੇਲਕਾ ਤੇ ਬੇਲਕਾ ਨੂੰ, ਤੇ ਸੁਸਤ, ਉਬਾਸੀਆਂ ਲੈਂਦੀ ਪਾਲਮਾ ਨੂੰ, ਪਛਾਣਨਾ ਸੌਖਾ ਹੋਵੇਗਾ। ਤੇ ਉਹ ਛੇ ਪਿੱਛੇ ਪੈ ਰਹੇ, ਕੁਚੱਜੇ, ਝਗੜਾਲੂ ਕਤੂਰੇ ਕੌਣ ਹਨ, ਜਿਹੜੇ ਕਿਸੇ ਵਿਹਲੇ ਨੂੰ ਪੈ ਜਾਂਦੇ ਹਨ, ਤੇ ਚਿੱਕੇ ਜਾਣ ਉਤੇ, ਬਚਾ ਲਈ ਕਾਲੇ ਕੰਨਾਂ ਵਾਲੀ ਸਤਰੇਲਕਾ ਵਲ ਭਜ ਉਠਦੇ ਹਨ? ਇਹ ਮੌਜੀ, ਸਿਹਤਮੰਦ ਕਤੂਰੇ ਸਤਰੇਲਕਾ ਦੇ ਹਨ। ਇੰਸਟੀਚਿਊਟ ਵਿਚ ਉਹ ਆਏ-ਗਏ ਨੂੰ ਸ਼ੌਕ ਨਾਲ ਵਿਖਾਏ ਜਾਂਦੇ ਹਨ। "ਉਹ ਆਪਣੀ ਮਾਂ ਦੇ ਪੁਲਾੜ ਤੋਂ ਵਾਪਸ ਆਉਣ ਪਿਛੋਂ ਹੋਏ," ਡਾਕਟਰ ਕਹਿੰਦਾ ਹੈ। "ਦੂਜੇ ਲਫ਼ਜ਼ਾਂ ਵਿਚ, ਅਖ਼ੀਰ ਕਾਸਮਿਕ ਕਿਰਨਾਹਟ ਏਡੀ ਹਾਨੀਕਾਰਕ ਨਹੀਂ। ਜ਼ਰਾ ਵੇਖੋ, ਕਿੱਡੇ ਤਕੜੇ ਜਣੇ ਨੇ!"

ਨਿਰ ਸੰਦੇਹ ਹੀ, ਇਹਾਤੇ ਵਿਚ ਇਕ ਸ਼ਾਂਤ ਸੁਭਾ ਚਿੱਟਾ ਕੁੱਤਾ ਤੁਹਾਡਾ ਧਿਆਨ ਖਿੱਚੇਗਾ, ਕਿਉਂ ਜੁ ਉਹਨੂੰ ਸ਼ਰਾਰਤੀ ਕਤੂਰਿਆਂ ਨੂੰ ਵੇਲੇ ਸਿਰ ਹੋੜਨ ਦੀ ਜਾਚ ਆਉਂਦੀ ਹੈ, ਉਹ ਅਮਨ-ਅਮਾਨ ਰਖਦਾ ਹੈ। ਉਹ ਹਿੰਮਤੀ ਹੈ। ਇਹ ਨਾ ਸੋਚੋ ਉਹ ਫੂਕ ਲੈ ਰਿਹਾ ਹੈ! ਕਾਰਨ ਸਿਰਫ਼ ਇਹ ਹੈ ਕਿ ਉਹ ਵਡਾ, ਹੰਢਿਆ-ਵਰਤਿਆ ਹੋ ਗਿਆ ਹੈ ਤੇ ਉਹਦੇ ਵਿਚ ਕਾਮਿਆਂ ਵਾਲਾ ਮਾਣ ਆ ਗਿਆ ਹੈ।

ਪਰ ਜਿਵੇਂ ਹੀ ਬੋਰੀਯਾ ਵਾੜ੍ਹ ਕੋਲ ਆਉਂਦਾ ਹੈ, ਉਹਦਾ ਨਰ੍ਹਮਾ ਅਲੋਪ ਹੋ ਜਾਂਦਾ ਹੈ! ਉਹ ਜਿੰਨੀ ਛੇਤੀ ਹੋ ਸਕਦਾ ਹੈ, ਭਜਦਾ ਹੈ, ਤੇ ਇਕਦਮ ਹੀ ਮੋਹ ਵਾਲਾ, ਖੁਸ਼ ਰੈਗਸ ਬਣ ਜਾਂਦਾ ਹੈ।

"ਸੁਣਾ, ਕੀ ਖਬਰ ਏ?" ਬੋਰੀਯਾ ਚੌਕੀਦਾਰ ਤੋਂ ਪੁਛਦਾ ਹੈ। "ਮੇਰਾ ਹਿੰਮਤੀ ਫੇਰ ਕਦੋਂ ਉਡੇਗਾ? ਛੇਤੀ ਹੀ?"

"ਹੂੰ!" ਚੌਕੀਦਾਰ ਹਰ ਵਾਰੀ ਹੈਰਾਨ ਹੋ ਜਾਂਦਾ ਹੈ। "ਭੌਂਦੂ, ਹਰ ਚੀਜ਼ ਦਾ ਪਤਾ ਕਰਨਾ ਚਾਹੁੰਦਾ ਏ!" ਫੇਰ ਉਹ ਦੋਸਤਾਨਾ ਲਹਿਜੇ 'ਚ ਬੋਲਦਾ ਜਾਂਦਾ ਹੈ, "ਛੇਤੀ ਹੀ! ਮੈਂ ਸੁਣਿਆ ਏ, ਤਿਆਰੀ ਹੋ ਰਹੀ ਏ। ਸਿਖਲਾਈ ਜਾਰੀ ਏ। ਪਰ ਠੀਕ ਤਰ੍ਹਾਂ ਨਹੀਂ ਕਹਿ ਸਕਦਾ, ਕਦੋਂ। ਇਕ ਵਾਰੀ ਤੂੰ ਰੇਡੀਓ ਲਾਵੇਂਗਾ ਤੇ ਤੈਨੂੰ ਪਤਾ ਲਗ ਜਾਏਗਾ।"



ਪੁਸਤਕ ਦੇ ਕਵਰ ਉਤੇ ਨਜ਼ਰ ਮਾਰੋ। ਉਥੇ ਤੁਹਾਨੂੰ ਇਕ ਪਾਈਪ ਦਿੱਸੇਗੀ। ਉਹਦੇ ਵਿਚ ਫ਼ਿਲਮਾਂ ਤੇ ਦੋ ਸੌ ਤੀਲਾਂ ਦੀਆਂ ਡੱਬੀਆਂ ਭਰੀਆਂ ਹੋਈਆਂ ਹਨ। ਨਾਲ ਹੀ ਇਕ ਆਮ ਡੱਗ ਕੁੱਤਾ ਹੈ ਜਿਹਦਾ ਨਾਂ ਰੈਗਸ ਹੈ। ਜਦੋਂ ਬੋਰੀਯੇ ਤੇ ਗੇਨੇ ਨੇ ਰੈਗਸ ਨੂੰ ਇਸ ਰਾਕਟ ਵਿਚ ਬਿਠਾ ਕੇ ਉਡਾਇਆ ਤਾਂ ਕੀ ਉਹਨਾਂ ਇਹ ਸੋਚਿਆ ਸੀ... ਕਿ ਕਦੀ ਉਹਨਾਂ ਦਾ ਇਹ ਆਮ ਡੱਗ ਕੁੱਤਾ ਸੰਸਾਰ-ਪ੍ਰਸਿਧ ਪੁਲਾੜ-ਪਾਂਧੀ, 'ਹਿੰਮਤੀ', ਬਣ ਜਾਵੇਗਾ। ਪਰ ਅਸਲ ਵਿਚ ਇੰਜ ਹੀ ਹੋਇਆ।

ਏਨਾ ਹੀ ਨਹੀਂ, ਆਪ ਬੋਰਯੇ ਤੇ ਗੇਨੇ ਦੇ ਕਸਮੋਨਾਟ ਬਣ ਜਾਣ ਦੀ ਸੰਭਾਵਨਾ ਵੀ ਹੈ।

ਇਸ ਸੁਆਦਲੀ ਤੇ ਦਿਲ ਖੁਸ਼ ਕਰਨ ਵਾਲੀ ਕਿਤਾਬ ਵਿਚ ਪੁਲਾੜ ਦੇ ਦਲੇਰ ਖੋਜਕਾਰਾਂ ਨਾਲ ਜਾਣ-ਪਛਾਣ ਕਰਾਈ ਗਈ ਹੈ। ਬੱਚਿਓ, ਇਸ ਕਿਤਾਬ ਨੂੰ ਪੜ੍ਹ ਕੇ ਤੁਹਾਨੂੰ ਇਹ ਪਤਾ ਲਗ ਜਾਏਗਾ ਕਿ ਕਸਮੋਨਾਟਾਂ ਦੇ ਪੁਲਾੜ ਵਿਚ ਉਡਾਣਾਂ ਲਾਣ ਤੋਂ ਪਹਿਲਾਂ ਪੁਲਾੜੀ ਡਾਕਟਰ ਉਹਨਾਂ ਦੀਆਂ ਕਿੰਨੀਆਂ ਲੰਮੀਆਂ ਤੇ ਸੂਖਮ ਅਜ਼ਮਾਇਸ਼ਾਂ ਕਰਦੇ ਹਨ। ਤੁਹਾਨੂੰ, ਇਹ ਵੀ ਪਤਾ ਲਗ ਜਾਏਗਾ ਕਿ ਪੁਲਾੜ ਉਤੇ ਜਿੱਤ ਵਿਚ ਆਮ ਡੱਗ ਕੁਤਿਆਂ ਨੇ (ਜਿਨ੍ਹਾਂ ਵਿਚ ਲਾਈਕਾ, ਬੇਲਕਾ ਤੇ ਸਤ੍ਰੇਲਕਾ ਵੀ ਸ਼ਾਮਲ ਹਨ) ਕੀ ਹਿੱਸਾ ਪਾਇਆ। ਤੇ ਪਹਿਲੇ ਪੁਲਾੜ-ਪਾਂਧੀਆਂ — ਯੂਰੀ ਗਗਾਰਿਨ ਤੇ ਗੇਰਮਾਨ ਤੀਤੋਵ — ਦੀਆਂ ਪੁਲਾੜ-ਉਡਾਰੀਆਂ ਦਾ "ਪਾਸਪੋਰਟ" ਤਿਆਰ ਕਰਨ ਵਿਚ ਇਹਨਾਂ ਹੀ ਡਾਕਟਰਾਂ ਨੇ ਕਿਸ ਤਰ੍ਹਾਂ ਸਹਾਇਤਾ ਕੀਤੀ।

